INTERNATIONAL Women's Day

8 ਮਾਰਚ ਕੌਮਾਂਤਰੀ ਔਰਤ ਦਿਵਸ ਦੀਆਂ ਅਦਾਰਾ "ਦੇਸ਼ ਦੁਆਬਾ" ਵੱਲੋਂ ਸਮੂਹ ਬੀਬੀਆਂ, ਭੈਣਾਂ, ਬੱਚੀਆਂ ਨੂੰ ਲੱਖ-ਲੱਖ ਵਧਾਈਆਂ





11ਵਾਂ ਸਾਲ

ਹਫਤਾਵਾਰੀ

# ਦੇਸ਼ ਦੁਆਬਾ

VOL -11 ISSUE - 48

March 8, 2023

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ




ਸ੍ਰੀ ਗੁਰੂ ਰਵਿਦਾਸ ਟੈਂਪਲ, ਰਿਓਲਿੰਡਾ (ਸੈਕਰਾਮੈਂਟੋ) ਵਿਖੇ ਗੁਰਪੁਰਬ ਅਤੇ ਵਿਸ਼ਾਲ ਨਗਰ ਕੀਰਤਨ 12 ਮਾਰਚ 2023 ਦਿਨ ਐਤਵਾਰ ਨੂੰ ਅਤੇ ਸ੍ਰੀ ਗੁਰੂ ਰਵਿਦਾਸ ਟੈਂਪਲ (ਪ੍ਰਾਪਰਟੀ) ਯੂਨੀਅਨ ਸਿਟੀ (ਕੈਲੇਫੋਰਨੀਆ) ਵਿਖੇ 26 ਮਾਰਚ 2023 ਦਿਨ ਐਤਵਾਰ ਨੂੰ ਸ੍ਰੀ ਗੁਰੂ ਰਵਿਦਾਸ ਜੀ ਦਾ 646ਵੇਂ ਪ੍ਰਕਾਸ਼ ਦਿਹਾੜੇ ਬਹੁਤ ਹੀ ਸ਼ਰਧਾ ਪੂਰਵਕ ਮਨਾਏ ਜਾ ਰਹੇ ਹਨ। ਪੂਰੀ ਜਾਣਕਾਰੀ ਲਈ ਸਬੰਧਤ ਗੁਰੂ ਘਰਾਂ ਨਾਲ ਸੰਪਰਕ ਕਰੋ ਜੀ। **-ਸੰਪਾਦਕ**



ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ ਮਨਾਇਆ ਸ੍ਰੀ ਗੁਰੂ ਰਵਿਦਾਸ ਜੀ ਦਾ 646ਵਾਂ ਪ੍ਰਕਾਸ਼ ਦਿਹਾੜਾ। **(ਰਿਪੋਰਟ ਅਤੇ ਤਸਵੀਰਾਂ ਅੰਦਰ ਦੇਖੋ)**

# ਰਾਸ਼ਟਰਪਤੀ ਦਰੋਪਦੀ ਮੁਰਮੂ ਦਰਬਾਰ ਸਾਹਿਬ ਹੋਏ ਨਤਮਸਤਕ



**ਅੰਮ੍ਰਿਤਸਰ–** ਭਾਰਤ ਦੀ ਰਾਸ਼ਟਰਪਤੀ ਦਰੋਪਤੀ ਮੁਰਮੂ ਨੇ ਹਰਿਮੰਦਰ ਸਾਹਿਬ ਦੇ ਦਰਸ਼ਨ ਕੀਤੇ। ਇਸ ਦੌਰਾਨ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਦਾ ਹਵਾਈ ਅੱਡੇ 'ਤੇ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਤੇ ਹੋਰ ਹਸਤੀਆਂ ਨੇ ਸਵਾਗਤ ਕੀਤਾ।

ਦਰਬਾਰ ਸਾਹਿਬ ਪੁੱਜਣ 'ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਉਨ੍ਹਾਂ ਨੂੰ ਜੀ ਆਇਆ ਆਖਿਆ। ਉਨ੍ਹਾਂ ਪਰਿਕਰਮਾ ਕੀਤੀ ਅਤੇ ਗੁਰੂ ਘਰ ਵਿੱਚ ਮੱਥਾ ਟੇਕਿਆ। ਰਾਸ਼ਟਰਪਤੀ ਨੇ ਕੀਰਤਨ ਦਾ ਆਨੰਦ ਵੀ ਮਾਣਿਆ।

# ਜੈਕਾਰਿਆਂ ਦੀ ਗੂੰਜ ਨਾਲ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਮਨਾਇਆ ਹੋਲਾ-ਮਹੱਲਾ

**ਸ੍ਰੀ ਅਨੰਦਪੁਰ ਸਾਹਿਬ (ਬਿਊਰੋ)–** ਖਾਲਸਾਈ ਸ਼ਾਨ ਤੇ ਜਾਹੋ-ਜਲਾਲ ਦੇ ਪ੍ਰਤੀਕ ਹੋਲਾ ਮਹੱਲਾ ਮੌਕੇ ਸਿੱਖ ਪ੍ਰੰਪਰਾ ਅਨੁਸਾਰ ਤਖਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਵਿਸ਼ਾਲ ਮਹੱਲਾ ਸਜਾਇਆ ਗਿਆ, ਜਿਸ ਵਿਚ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਮੈਂਬਰ ਸ਼੍ਰੋਮਣੀ ਕਮੇਟੀ ਭਾਈ ਅਮਰਜੀਤ ਸਿੰਘ ਚਾਵਲਾ ਸਮੇਤ ਵੱਖ-ਵੱਖ ਜਥੇਬੰਦੀਆਂ ਦੇ ਮੁਖੀਆਂ ਅਤੇ ਵੱਡੀ ਗਿਣਤੀ ਵਿਚ ਸੰਗਤਾਂ ਨੇ ਸ਼ਮੂਲੀਅਤ ਕੀਤੀ। ਗੱਤਕਾ ਖੇਡਦੀ ਗੁਰੂ ਕੀ ਲਾਡਲੀ ਫੌਜ ਅਤੇ ਨਰਸਿੰਙਿਆਂ ਤੇ ਨਗਾਰਿਆਂ ਦੀ ਗੂੰਜ ਚਾਰੇ ਪਾਸੇ ਖਾਲਸਾਈ ਵਾਤਾਵਰਨ ਸਿਰਜ ਰਹੀ ਸੀ। ਚੁਫੇਰੇ ਨਜ਼ਰ ਮਾਰਿਆਂ ਸੰਗਤ ਹੀ ਸੰਗਤ ਨਜ਼ਰ ਆਉਂਦੀ ਸੀ। ਨੌਜੁਆਨਾਂ ਵੱਲੋਂ 'ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ' ਦੇ ਅਕਾਸ਼ ਗੁੰਜਾਊ ਜੈਕਾਰਿਆਂ ਨਾਲ ਹੋਲੇ ਮਹੱਲੇ ਦੀ ਪ੍ਰੰਪਰਾ ਅਨੁਸਾਰ ਜੋਸ਼ ਅਤੇ ਚੜ੍ਹਦੀ ਕਲਾ ਦਾ ਪ੍ਰਗਟਾਵਾ ਵੇਖਣਯੋਗ ਸੀ। ਮਹੱਲੇ ਦੀ ਆਰੰਭਤਾ ਤੋਂ ਪਹਿਲਾਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਗੁਰਬਾਣੀ ਕੀਰਤਨ ਤੇ ਕਥਾ ਵਿਚਾਰਾਂ ਕੀਤੀਆਂ ਗਈਆਂ। ਇਸ ਮੌਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿ: ਹਰਪ੍ਰੀਤ ਸਿੰਘ ਨੇ ਕੌਮ ਨੂੰ ਸੰਦੇਸ਼ ਦਿੰਦਿਆਂ ਕਿਹਾ ਕਿ ਅੱਜ ਇਕ ਸਾਜ਼ਿਸ ਅਧੀਨ ਸਿੱਖ ਕੌਮ ਦੀ ਸ਼ਕਤੀ ਨੂੰ ਕਮਜੋਰ ਕੀਤਾ ਜਾ ਰਿਹਾ ਹੈ ਜਿਸ ਤੋਂ ਸੁਚੇਤ ਹੋਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵਲੋਂ ਸਿੱਖਾਂ ਦੀ ਪਾਰਲੀਮੈਂਟ ਸ਼੍ਰੋਮਣੀ ਕਮੇਟੀ ਨੂੰ ਦੋਫਾੜ ਕਰਕੇ ਹਰਿਆਣਾ ਕਮੇਟੀ ਬਣਾਈ ਗਈ ਤੇ ਕੇਂਦਰ ਨੂੰ ਖਾਲਸੇ ਦੀ ਬਦਦੂਆ ਹੈ ਕਿ ਇਸੇ ਤਰਾਂ ਪਾਰਲੀਮੈਂਟ ਦੇ ਵੀ ਟੁਕੜੇ ਹੋਣਗੇ।



ਉਨ੍ਹਾਂ ਕਿਹਾ ਕਿ ਕਿੰਨੀ ਅਫਸੋਸ ਦੀ ਗੱਲ ਹੈ ਕਿ ਸ਼੍ਰੋਮਣੀ ਅਕਾਲੀ ਦੱਲ ਕਿਸਾਨਾਂ ਮਜਦੂਰਾਂ ਦੀ ਪਾਰਟੀ ਸੀ ਤੇ ਜਿੰਨਾ ਚਿਰ ਕਾਲੀ ਦੱਲ ਕਿਸਾਨਾਂ ਮਜਦੂਰਾਂ ਦੀ ਪਾਰਟੀ ਨਹੀ ਬਣਦਾ ਉਨੇ ਚਿਰ ਇਹ ਸੰਘਰਸ਼ ਨਹੀ ਕਰੇਗਾ ਤੇ ਸੰਘਰਸ਼ ਤੋਂ ਬਿਨਾਂ ਅਕਾਲੀ ਦੱਲ ਦੀ ਚੜ੍ਹਦੀ ਕਲਾ ਨਹੀ ਹੋ ਸਕਦੀ।


DR. TAKHAR'S FAMILY MEDICINE & URGENT CARE CLINIC

8191 Timberlake Way, Suite # 400, Sacramento, CA 95823, Phone: 916-688-8888 Fax: 916-688-8837

Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed

Dr. Paramjit S Takhar, MD

Goodie Takhar, PhD

We speak your language: Panjabi, Hindi, Urdu, Farsi, Arabic and Spanish

URGENT CARE CLINIC

Amrik Chand (CPA)

Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for Professional & reliable services at reasonable rates.

959 Corporate Way, Fremont, CA. 94539

SAROAY INVESTMENT REALTY

Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

MAJESTIC HOMES

RAMESH SUMAN
Broker Realtor
RCS-D ™

Office (925) 779-1234
Direct (925) 366-3618
Fax (905) 219-3918
DRE Licence- 00871752

www.majestichomes.us ramesh@rameshsuman.com
P.O. Box 3434, Antioch, CA 94531-3434

SKY TRANSPORT SOLUTIONS

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ

PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

BAGGA JEWELERS

916-912-8842, 916-329-8772

SINCE 1996

jewelers.Bagga@gmail.com

ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga

6930 65TH STREET # 115 SACRAMENTO CA 95823



# ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 646ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦਾ 646ਵਾਂ ਪ੍ਰਕਾਸ਼ ਦਿਹਾੜਾ ਗੁਰੂ ਘਰ ਵਿਖੇ 26 ਮਾਰਚ 2023 ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਮੌਕੇ ਗੁਰੂ ਘਰ ਪਹੁੰਚ ਕੇ ਗੁਰੂ ਸਾਹਿਬਾਨ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।

ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਕੈਲੇਫੋਰਨੀਆ) ਦੀ ਪ੍ਰਬੰਧਕ ਕਮੇਟੀ ਵੱਲੋਂ ਮਨਾਏ ਜਾ ਰਹੇ ਸ੍ਰੀ ਗੁਰੂ ਰਵਿਦਾਸ ਜੀ ਦੇ 646ਵੇਂ ਪ੍ਰਕਾਸ਼ ਦਿਹਾੜੇ ਅਤੇ 23ਵੇਂ ਮਹਾਨ ਨਗਰ ਕੀਰਤਨ ਦੀਆਂ ਲੱਖ ਲੱਖ ਵਧਾਈਆਂ।



ਨਾਮਵਰ ਸ਼ਖਸੀਅਤ
ਸ੍ਰੀ ਰਾਮ ਮੂਰਤੀ ਸਰੋਏ ਆਪਣੀ ਸੁਪਤਨੀ
ਸ੍ਰੀਮਤੀ ਸੱਤਿਆ ਸਰੋਏ ਨਾਲ।

## ਰਾਮ ਮੂਰਤੀ ਸਰੋਏ

**ਚੇਅਰਮੈਨ: ਡਾ. ਅੰਬੇਡਕਰ ਐਜੂਕੇਸ਼ਨਲ ਏਡ ਸੁਸਾਇਟੀ, ਫਰੀਮਾਂਟ (ਕੈਲੇਫੋਰਨੀਆ) ਯੂ.ਐਸ.ਏ)**

Manager/Owner
39039 Paseo Padre Parkway # 205
Fremont, CA 94538
**510-368-3983**
ramsaroay@hotmail.com

## ਸਮੂਹ ਸਰੋਏ ਪਰਿਵਾਰ


In Celebration of the 646th Parkash Purab of
Dhan Dhan Satguru Ravidass Maharaj Jee
★ 23rd Mahaan Nagar Kirtan ★
Sunday, March 12th, 2023
Mahaan Kirtan Darbar
March 10, 11, 12, 2023
GuruGhar Hazoori Jatha
Bhai Sarabjit Singh Rangila
Bhai Onkar Singh Una Wale
Bhai Betab Singh
Bhai Manjit Singh Phillaur
Bhai Jaspal Singh Sarang
Bhai Rajinder Singh Raja
Bhai Amritpal Singh
Bhai Jagjit Singh Yogi
Shri Guru Ravidass Temple Rio Linda 6221 16th Street Rio Linda CA 95673
Gurughar Contact: (916) 992-1710

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ)




## ਸ੍ਰੀ ਗੁਰੂ ਰਵਿਦਾਸ ਜੀ ਦੇ 646ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦਾ 646ਵਾਂ ਪ੍ਰਕਾਸ਼ ਦਿਹਾੜਾ 26 ਮਾਰਚ 2023 ਦਿਨ ਐਤਵਾਰ ਨੂੰ ਗੁਰੂ ਘਰ ਦੀ ਪ੍ਰਾਪਰਟੀ ਵਿਖੇ ਮਨਾਇਆ ਜਾ ਰਿਹਾ ਹੈ। ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਤੇ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

### ਸੰਗਤ ਦੇ ਸੇਵਾਦਾਰ


Vinod Kumar Chumber (Chairman) 510-953-9800


Ram Lubhaya (President) 408-449-1105


Naresh Kumar (Secretary) 510-857-4551


Sohan Singh Dhanda (Treasurer) 510-200-6649

## ਸਮੂਹ ਪ੍ਰਬੰਧਕ ਕਮੇਟੀ, ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫਰਨੀਆ)



# SUNSHINE AUTO CARE INC.

## WE REPAIR ALL MAKES & MODELS. AUTO, DIESEL TRUCK & TRAILERS

- DPF Filter Cleaning
- Clutch
- Transmission
- New/Used Tires
- Oil Changes
- Wheel Balancing
- Truck & Trailer Repair
- All Major & Minor Repairs
- We Do Aluminum Welding
- Computer Check
- Differential
- Inspections
- Van/Reefer Work

WE PROVIDE SHUTLE SERVICE FOR ALL CUSTOMERS

hablamos español

We Speak English, Spanish & Punjabi

We Provide Towing & 24/7 Mobile Road Services For All Autos, Trucks & Trailers

Open Monday to Saturday

Com-Check
T-Check
EFS Check

ACCEPTED HERE VISA MasterCard AMERICAN EXPRESS DISCOVER NETWORK





**1003 Moffat Blvd, Manteca CA 95336**

# 209-239-1551

# ਦੁਬਈ ਦਾ 'ਗੋਲਡਨ ਵੀਜ਼ਾ' ਭਾਰਤੀ ਲਈ ਬਣਿਆ ਖਿੱਚ ਦਾ ਕੇਂਦਰ

**ਜਲੰਧਰ (ਜੇ. ਸਿੰਘ 'ਭਡਿਆਰ')**-ਹਰ ਦੇਸ਼ ਵੱਖ-ਵੱਖ ਤਰ੍ਹਾਂ ਦਾ ਵੀਜ਼ਾ ਜਾਰੀ ਕਰਦੇ ਹਨ। ਇਹਨਾਂ ਵਿਚ ਬਿਜ਼ਨੈਸ ਵੀਜ਼ਾ, ਸਟੂਡੈਂਟ ਵੀਜ਼ਾ, ਟੂਰਸਿਟ ਵੀਜ਼ਾ ਤਾਂ ਲਗਭਗ ਸਧਾਰਨ ਹਨ। ਇਸ ਦੇ ਇਲਾਵਾ ਹਰ ਦੇਸ਼ ਆਪਣੀ ਲੋੜ ਮੁਤਾਬਕ ਵੀਜ਼ਾ ਨੂੰ ਵੱਖ-ਵੱਖ ਨਾਮ ਦਿੰਦੇ ਹਨ। ਉਹਨਾਂ ਵਿਚੋਂ ਇਕ ਗੋਲਡਨ ਵੀਜ਼ਾ ਹੈ। ਇਹ ਵੀਜ਼ਾ ਦੀ ਹੀ ਇਕ ਕਿਸਮ ਹੈ, ਜੋ ਵਿਦੇਸ਼ੀ ਨਾਗਰਿਕਾਂ ਨੂੰ ਸਧਾਰਨ ਵੀਜ਼ਾ ਦੇ ਇਲਾਵਾ ਕਈ ਤਰ੍ਹਾਂ ਦੀਆਂ ਸਹੂਲਤਾਂ ਪ੍ਰਦਾਨ ਕਰਦਾ ਹੈ। ਬੀਤੇ ਦੋ-ਢਾਈ ਸਾਲ ਦੌਰਾਨ ਦੁਬਈ ਭਾਰਤ ਦਾ 'ਨਵਾਂ ਸ਼ਹਿਰ' ਬਣ ਕੇ ਉਭਰਿਆ ਹੈ। ਇਸ ਟ੍ਰੈਂਡ ਦਾ ਸਿਹਰਾ ਮਈ 2019 ਵਿਚ ਲਾਗੂ ਸੰਯੁਕਤ ਅਰਬ ਅਮੀਰਾਤ ਦੀ ਗੋਲਡਨ ਵੀਜ਼ਾ ਸਕੀਮ ਨੂੰ ਦਿੱਤਾ ਜਾ ਰਿਹਾ ਹੈ। ਸਾਲ 2022 ਵਿਚ ਅਮੀਰ ਭਾਰਤੀਆਂ ਨੇ ਦੁਬਈ ਵਿਚ 35,500 ਕਰੋੜ ਰੁਪਏ ਤੋਂ ਉਪਰ ਦੇ ਘਰ-ਮਕਾਨ ਖ਼ਰੀਦੇ। ਇਹ ਉਸ ਤੋਂ ਪਿਛਲੇ ਸਾਲ 2021 ਤੋਂ ਦੁੱਗਣੀ ਰਕਮ ਹੈ। ਦੁਬਈ ਵਿਚ ਘਰ-ਦੁਕਾਨਾਂ ਦੇ ਖ਼ਰੀਦਦਾਰਾਂ ਵਿਚ 40 ਫ਼ੀਸਦੀ ਭਾਰਤ ਤੋਂ ਹਨ, ਜੋ ਵਧੇਰੇ ਪੰਜਾਬ, ਦਿੱਲੀ-ਐਨ. ਸੀ. ਆਰ., ਹੈਦਰਾਬਾਦ, ਸੂਰਤ ਅਤੇ ਅਹਿਮਦਾਬਾਦ ਸ਼ਹਿਰਾਂ ਤੋਂ ਹਨ।



ਦੁਬਈ ਦੇ ਇਲਾਵਾ ਕੈਨੇਡਾ, ਅਮਰੀਕਾ, ਨਿਊਜ਼ੀਲੈਂਡ, ਗ੍ਰੀਸ, ਸਿੰਗਾਪੁਰ, ਤੁਰਕੀ, ਜਰਮਨੀ, ਸਪੇਨ, ਸਵਿਟਜ਼ਰਲੈਂਡ ਵਗੈਰਾ ਸਮੇਤ ਲਗਭਗ 23 ਦੇਸ਼ਾਂ ਵਿਚ ਰਲਦੀ-ਮਿਲਦੀ ਗੋਲਡਨ ਵੀਜ਼ਾ ਸਕੀਮ ਲਾਗੂ ਹੈ ਪਰ ਭਾਰਤੀਆਂ ਦਾ ਹਾਲੀਆ ਰੁਝਾਨ ਦੁਬਈ ਵੱਲ ਹੀ ਹੈ। ਗੋਲਡਨ ਵੀਜ਼ਾ ਅਧੀਨ ਕੋਈ ਵੀ ਵਿਦੇਸ਼ੀ ਅਮੀਰ ਨਿਰਧਾਰਿਤ ਮੋਟੀ ਇਨਵੈਸਟਮੈਂਟ, ਦਾਨ ਜਾਂ ਉੱਥੇ ਜਾਇਦਾਦ ਖ਼ਰੀਦਣ ਦੇ ਇਵਜ਼ 'ਚ ਰਹਿਣ, ਬਿਜ਼ਨੈਸ ਕਰਨ ਅਤੇ ਨਾਗਰਿਕਤਾ ਤੱਕ ਦਾ ਅਧਿਕਾਰ ਪਾ ਲੈਂਦਾ ਹੈ। ਭਾਰਤ ਦੇ ਵੱਖ-ਵੱਖ ਕਾਰੋਬਾਰੀ ਸੰਗਠਨਾਂ ਦੇ ਕਈ ਉੱਚ ਅਧਿਕਾਰੀਆਂ ਦੇ ਇਲਾਵਾ ਸੰਜੇ ਦੱਤ, ਸ਼ਾਹਰੁਖ ਖਾਨ, ਬੋਨੀ ਕਪੂਰ ਵਰਗੀਆਂ ਫ਼ਿਲਮੀ ਹਸਤੀਆਂ ਨੇ ਵੀ ਵਧ-ਚੜ੍ਹ ਕੇ ਦੁਬਈ ਦਾ ਰੁਖ ਕੀਤਾ ਹੈ। ਅਮੀਰ ਭਾਰਤੀਆਂ ਦੇ ਵਸਣ ਦੀਆਂ ਹੋਰ ਸਹੂਲਤਾਂ 'ਚੋਂ ਇਕ ਇਹ ਵੀ ਹੈ ਕਿ ਦੁਬਈ 'ਚ ਘਰੇਲੂ ਕੰਮਕਾਜ ਦੇ ਲਈ ਨੌਕਰ ਅਤੇ ਆਯਾ ਆਸਾਨੀ ਨਾਲ ਮਿਲ ਜਾਂਦੀਆਂ ਹਨ।

**ਕੀ ਹੈ ਗੋਲਡਨ ਵੀਜ਼ਾ**

ਗੋਲਡਨ ਵੀਜ਼ਾ ਦੁਬਈ 'ਚ 1 ਕਰੋੜ ਦਿਰਹਮ (ਲਗਭਗ 23 ਕਰੋੜ ਰੁਪਏ) ਇਨਵੈਸਟ ਕਰਨ 'ਤੇ ਮਿਲਦਾ ਹੈ। ਮਈ 2019 'ਚ ਦੁਬਈ ਨੇ ਗੋਲਡਨ ਵੀਜ਼ਾ ਸਕੀਮ ਲਾਗੂ ਕੀਤੀ ਤਾਂ ਅਗਲੇ 6 ਮਹੀਨਿਆਂ 'ਚ ਹੀ ਲਗਭਗ 2500 ਵਿਦੇਸ਼ੀਆਂ ਨੇ ਇਸ ਨੂੰ ਅਪਣਾ ਲਿਆ। ਅਸਲ 'ਚ ਗੋਲਡਨ ਵੀਜ਼ਾ ਪ੍ਰਣਾਲੀ ਲਾਗੂ ਹੋਣ ਨਾਲ 10 ਸਾਲ ਦੀ ਰਿਹਾਇਸ਼ੀ ਅਤੇ ਕਾਰੋਬਾਰੀ ਸਹੂਲਤ ਤਾਂ ਸੋਨੇ 'ਤੇ ਸੁਹਾਗਾ ਰਹੀ। ਹਾਲਾਂਕਿ 5 ਸਾਲ ਦਾ ਗੋਲਡਨ ਵੀਜ਼ਾ ਵੀ ਬਣਾਇਆ ਜਾ ਸਕਦਾ ਹੈ। ਇਸ ਦੇ ਤਹਿਤ ਆਪਣੀ ਮਰਜ਼ੀ ਨਾਲ ਬੇਰੋਕ-ਟੋਕ ਕੋਈ ਕਿੰਨੀ ਹੀ ਵਾਰ ਦੁਬਈ ਤੋਂ ਭਾਰਤ ਅਤੇ ਭਾਰਤ ਤੋਂ ਦੁਬਈ ਆ-ਜਾ ਸਕਦਾ ਹੈ। ਇਹੀ ਨਹੀਂ, ਕਾਰ-ਬਾਈਕ ਖ਼ੁਦ ਚਲਾਉਣ ਲਈ ਤੁਰੰਤ ਡਰਾਈਵਿੰਗ ਲਾਇਸੰਸ ਵੀ ਬਣਾ ਦਿੱਤਾ ਜਾਂਦਾ ਹੈ।

## ਹੁਣ ਬਹਿਰੀਨ ਵੀ ਦੇਵੇਗਾ 'ਗੋਲਡਨ ਵੀਜ਼ਾ'

ਬਹਿਰੀਨ ਦੇ ਅੰਦਰੂਨੀ ਮੰਤਰਾਲੇ ਨੇ ਗੋਲਡਨ ਰੇਜੀਡੈਂਸੀ ਵੀਜ਼ਾ ਜਾਰੀ ਕੀਤਾ ਹੈ। ਮੰਤਰਾਲੇ ਨੇ ਕਿਹਾ ਕਿ ਇਸ ਨੂੰ ਪਾਉਣ ਵਾਲੇ ਵਿਅਕਤੀ ਨੂੰ ਬਹਿਰੀਨ ਵਿਚ ਅਨਿਸ਼ਚਿਤ ਸਮੇਂ ਤੱਕ ਰਹਿਣ ਦਾ ਅਧਿਕਾਰ ਮਿਲੇਗਾ। ਇਸ ਦੇ ਇਲਾਵਾ ਗੋਲਡਨ ਵੀਜ਼ਾ ਧਾਰਕਾਂ ਨੂੰ ਬਹਿਰੀਨ ਵਿਚ ਕੰਮ ਕਰਨ ਦਾ ਅਧਿਕਾਰ, ਅਸੀਮਿਤ ਦਾਖਲਾ ਅਤੇ ਨਿਕਾਸ ਦਾ ਅਧਿਕਾਰ ਵੀ ਹੋਵੇਗਾ। ਅਜਿਹੇ ਵੀਜ਼ਾ ਧਾਰਕ ਆਪਣੇ ਕਰੀਬੀ ਪਰਿਵਾਰ ਦੇ ਮੈਂਬਰਾਂ ਨੂੰ ਬਿਨਾਂ ਕਿਸੇ ਉਲਝਣ ਦੇ ਬਹਿਰੀਨ ਲਿਆ ਸਕਦੇ ਹਨ।

ਮੰਤਰਾਲੇ ਨੇ ਗੋਲਡਨ ਵੀਜ਼ਾ ਜਾਰੀ ਕਰਦਿਆਂ ਕਿਹਾ ਕਿ ਇਸ ਦਾ ਉਦੇਸ਼ ਨਿਵੇਸ਼ਕਾਂ, ਉੱਦਮੀਆਂ ਅਤੇ ਵਧੇਰੇ ਪ੍ਰਤਿਭਾਸ਼ਾਲੀ ਵਿਅਕਤੀਆਂ ਨੂੰ ਆਕਰਸ਼ਿਤ ਕਰਨਾ ਹੈ, ਜੋ ਬਹਿਰੀਨ ਦੀ ਲਗਾਤਾਰ ਸਫਲਤਾ ਵਿਚ ਯੋਗਦਾਨ ਦੇ ਸਕਦੇ ਹਨ। ਅਸਲ ਵਿਚ ਬਹਿਰੀਨ ਗੰਭੀਰ ਵਿੱਤੀ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਬਹਿਰੀਨ 'ਤੇ ਕਰਜ਼ ਦਾ ਦਬਾਅ ਵੀ ਲਗਾਤਾਰ ਵੱਧਦਾ ਜਾ ਰਿਹਾ ਹੈ। ਪਿਛਲੇ ਸਾਲ ਅਕਤੂਬਰ ਵਿਚ ਬਹਿਰੀਨ ਨੇ ਕਈ ਇੰਫਰਾਸਟ੍ਰਕਚਰ ਪ੍ਰੋਜੈਕਟਸ ਦੇ ਇਲਾਵਾ ਨਵੇਂ ਆਰਥਿਕ ਵਿਕਾਸ ਅਤੇ ਵਿੱਤੀ ਬੈਲੇਂਸ ਪਲਾਨ ਦੀ ਘੋਸ਼ਣਾ ਕੀਤੀ ਸੀ।

ਗੋਲਡਨ ਵੀਜ਼ਾ ਪਾਉਣ ਲਈ ਸਬੰਧਤ ਵਿਅਕਤੀ ਨੂੰ ਬਹਿਰੀਨ ਵਿਚ ਘੱਟੋ-ਘੱਟ ਪੰਜ ਸਾਲ ਤੱਕ ਰਹਿਣਾ ਹੋਵੇਗਾ। ਇਸ ਦੇ ਇਲਾਵਾ ਉਸ ਵਿਅਕਤੀ ਨੂੰ ਪ੍ਰਤੀ ਮਹੀਨੇ ਘੱਟੋ-ਘੱਟ 2000 ਬੀ.ਐਚ.ਡੀ. (396230 ਰੁਪਏ) ਦੀ ਔਸਤ ਤਨਖਾਹ ਲੈਣੀ ਹੋਵੇਗੀ। ਇਸ ਦੇ ਇਲਾਵਾ ਬਹਿਰੀਨ ਵਿਚ ਇਕ ਨਿਸ਼ਚਿਤ ਸਮੇਂ ਤੋਂ ਵੱਧ ਦੀ ਜਾਇਦਾਦ ਦੇ ਮਾਲਕ, ਰਿਟਾਇਰਡ ਅਤੇ ਵਧੇਰੇ ਪ੍ਰਤਿਭਾਸ਼ਾਲੀ ਵਿਅਕਤੀ ਜੋ ਕੁਝ ਮਾਪਦੰਡਾਂ ਨੂੰ ਪੂਰਾ ਕਰਦੇ ਹਨ ਉਹ ਵੀ ਯੋਗ ਹੋਣਗੇ।

# ਵਿਧਾਨ ਸਭਾ ਸੈਸ਼ਨ 'ਚ ਗੂੰਜਿਆ ਸਿੱਧੂ ਮੂਸੇਵਾਲਾ ਦੇ ਕਤਲਕਾਂਡ ਦਾ ਮੁੱਦਾ

**ਚੰਡੀਗੜ੍ਹ**- ਪੰਜਾਬ ਵਿਧਾਨ ਸਭਾ 'ਚ ਅੱਜ ਇਕ ਵਾਰ ਫਿਰ ਸੱਤਾਧਾਰੀ ਅਤੇ ਵਿਰੋਧੀ ਧਿਰ ਨੇ ਸਿੱਧੂ ਮੂਸੇਵਾਲਾ ਦੇ ਕਤਲ ਨੂੰ ਲੈ ਕੇ ਇਕ-ਦੂਜੇ 'ਤੇ ਗੰਭੀਰ ਦੋਸ਼ ਲਗਾਏ ਹਨ। ਮੰਤਰੀ ਕੁਲਦੀਪ ਸਿੰਘ ਧਾਲੀਵਾਲ ਵੱਲੋਂ ਵਿਰੋਧੀ ਧਿਰ 'ਤੇ ਟਿੱਪਣੀ ਕਰਨ 'ਤੇ ਕਾਂਗਰਸੀ ਵਿਧਾਇਕ ਗੁੱਸੇ 'ਚ ਆ ਗਏ ਅਤੇ ਵੈੱਲ 'ਚ ਜਾ ਕੇ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ। ਕੁਲਦੀਪ ਧਾਲੀਵਾਲ ਵੀ ਪਿੱਛੇ ਨਹੀਂ ਹਟੇ, ਉਹ ਵੀ ਆਪਣੀ ਸੀਟ 'ਤੇ ਖੜ੍ਹੇ ਕਾਂਗਰਸੀ ਵਿਧਾਇਕਾਂ ਵਿਰੁੱਧ ਨਾਅਰੇਬਾਜ਼ੀ ਕਰਦੇ ਰਹੇ, ਜਿਸ ਕਾਰਨ ਨਾਰਾਜ਼ ਕਾਂਗਰਸੀ ਵਿਧਾਇਕ ਸਦਨ 'ਚੋਂ ਵਾਕਆਊਟ ਕਰਕੇ ਚਲੇ ਗਏ।

**ਇਨਸਾਫ ਲਈ ਘਰ-ਘਰ ਠੋਕਰ ਮਾਰ ਰਿਹਾ ਪਰਿਵਾਰ - ਸੁਖਪਾਲ ਖਹਿਰਾ**



ਇਸ ਤੋਂ ਪਹਿਲਾਂ ਇਹ ਮੁੱਦਾ ਉਠਾਉਂਦੇ ਹੋਏ ਕਾਂਗਰਸ ਦੇ ਸੁਖਪਾਲ ਖਹਿਰਾ ਨੇ ਕਿਹਾ ਕਿ ਮੂਸੇਵਾਲਾ ਦਾ ਪਰਿਵਾਰ ਇਨਸਾਫ ਲਈ ਘਰ-ਘਰ ਠੋਕਰ ਮਾਰ ਰਿਹਾ ਹੈ ਅਤੇ ਦੋ ਦਿਨ ਪਹਿਲਾਂ ਉਨ੍ਹਾਂ ਨੇ ਪੰਜਾਬ ਵਿਧਾਨ ਸਭਾ ਦੇ ਬਾਹਰ ਧਰਨਾ ਦਿੱਤਾ ਸੀ।ਸੁਖਪਾਲ ਖਹਿਰਾ ਨੇ ਦੋਸ਼ ਲਾਇਆ ਕਿ ਮੂਸੇਵਾਲਾ ਦਾ ਪਰਿਵਾਰ ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਅਤੇ ਆਮ ਆਦਮੀ ਪਾਰਟੀ ਦੀ ਮੀਡੀਆ ਟੀਮ ਦੇ ਮੈਂਬਰ 'ਤੇ ਦੋਸ਼ ਲਗਾ ਰਿਹਾ ਹੈ ਕਿ ਉਨ੍ਹਾਂ ਨੇ ਇੱਕ ਦਿਨ ਪਹਿਲਾਂ ਸਿੱਧੂ ਮੂਸੇਵਾਲਾ ਦੀ ਸੁਰੱਖਿਆ ਵਾਪਸ ਲੈਣ ਬਾਰੇ ਟਵੀਟ ਕਰਕੇ ਸੂਚੀ ਜਨਤਕ ਕੀਤੀ ਸੀ ਅਤੇ ਅਗਲੇ ਦਿਨ ਸਿੱਧੂ ਮੂਸੇਵਾਲਾ ਦਾ ਕਤਲ ਕਰ ਦਿੱਤਾ ਗਿਆ ਸੀ, ਪਰ ਉਦੋਂ ਤੱਕ ਹੁਣ ਸਰਕਾਰ ਨੇ ਦੋਵਾਂ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ।







ਦੇਸ਼ ਦੁਆਬਾ

# ਜੋ ਹਮ ਸਹਰੀ ਸੋ ਮੀਤ ਹਮਾਰਾ

ਸੱਚੇ ਪਾਤਸ਼ਾਹ ਸਾਹਿਬ ਸ੍ਰੀ ਸਤਿਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਅਤੇ ਉਨ੍ਹਾਂ ਦਾ ਜੀਵਨ ਅਤੇ ਸਿੱਖਿਆਵਾਂ ਜਿਸ ਖ਼ਾਸ ਨੁਕਤੇ ਦੇ ਉੱ ਕੇਂਦਰਿਤ ਹਨ, ਉਹ ਹੈ ਇਨਸਾਨ ਦੇ ਅੰਦਰ ਸਵੈ-ਮਾਣ, ਸਵੈ-ਨਿਰਭਰਤਾ ਅਤੇ ਕਿਰਤ ਦੇ ਮਾਧਿਅਮ ਰਾਹੀਂ ਇੱਕ ਅਜਿਹੇ ਰਾਜ ਦਾ ਨਿਰਮਾਣ ਕਰਨਾ ਹੈ ਜਿਸ ਵਿੱਚ ਕੋਈ ਵੀ ਕਿਸੇ ਕਿਸਮ ਦੀ ਨੀਚ-ਊਚ, ਭੇਦ ਭਾਵ ਨਾ ਹੋਵੇ ਜਿਵੇਂ ਕਿ ਉਨ੍ਹਾਂ ਨੇ ਆਪਣੇ ਪਾਵਨ ਸ਼ਬਦ 'ਬੇਗਮਪੁਰਾ ਸਹਰ ਕੋ ਨਾਉ' ਵਿੱਚ ਵਿਆਖਿਆਨ ਕੀਤਾ ਹੈ। ਸ੍ਰੀ ਗੁਰੂ ਰਵਿਦਾਸ ਜੀ ਨੇ ਆਪਣੇ ਜੀਵਨ ਕਾਲ ਦੇ ਦੌਰਾਨ ਭਾਰਤ ਦੇ ਬਿਪਰਵਾਦੀ ਕੇਂਦਰ ਕਾਂਸ਼ੀ ਵਿਖੇ ਵੱਡੇ-ਵੱਡੇ ਬਿਪਰਾਂ ਨੂੰ ਇਸ ਗੱਲ ਦਾ ਅਹਿਸਾਸ ਚੰਗੀ ਤਰ੍ਹਾਂ ਕਰਵਾ ਦਿੱਤਾ ਸੀ ਕਿ ਵਡਿਆਈ, ਨਾ ਬਰਾਬਰਤਾ ਵਿੱਚ ਨਹੀਂ ਹੈ, ਸਗੋਂ ਬਰਾਬਰਤਾ ਦਾ ਹੀ ਦੂਸਰਾ ਨਾਂ ਵਡਿਆਈ ਹੈ। ਗੁਰੂ ਜੀ ਨੇ ਬਰਾਬਰਤਾ ਦਾ ਨਾਹਰਾ ਬੁਲੰਦ ਕਰਦੇ ਹੋਏ ਕਾਂਸ਼ੀ ਵਿਖੇ ਇੱਕ ਨਵੀਂ ਤਰ੍ਹਾਂ ਦੀ ਸ਼ਾਂਤੀ ਲਹਿਰ ਦਾ ਆਗਾਜ਼ ਕਰਕੇ ਭਾਰਤ ਦੀ ਮੂਲਨਿਵਾਸੀ ਕੌਮ ਨੂੰ ਉਤਸ਼ਾਹਿਤ ਕੀਤਾ। ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ।।

ਪ੍ਰਾਧੀਨਤਾ ਪਾਪ ਹੈ ਜਾਨ ਲਿਓ ਰੇ ਮੀਤ।। ਇਸ ਗੱਲ ਦੀ ਗਵਾਹ ਹੈ ਕਿ ਜਦ ਤੱਕ ਇਨਸਾਨ ਗੁਲਾਮੀ ਦੀਆਂ ਜੰਜ਼ੀਰਾਂ ਤੋਂ ਬਾਹਰ ਨਹੀਂ ਆ ਜਾਂਦਾ, ਉਦੋਂ ਤੱਕ ਉਸ ਦੀ ਕਿਸੇ ਵੀ ਤਰ੍ਹਾਂ ਕਿਸੇ ਵੀ ਪੱਧਰ ਤੇ ਬਰਾਬਰਤਾ ਦੀ ਗੱਲ ਕਰਨਾ ਤੱਥਾਂ ਤੋਂ ਦੂਰ ਹੋਣਾ ਹੈ। ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਨੇ ਗੁਲਾਮੀ ਤੋਂ ਛੁਟਕਾਰਾ ਦਵਾਉਣ ਲਈ ਜਿਸ ਮਾਰਗ ਨੂੰ ਚੁਣਿਆ ਉਹ ਸੀ ਕਿਰਤ, ਸਵੈ-ਆਤਮ ਵਿਸ਼ਵਾਸ ਅਤੇ ਨਿਡਰਤਾ। ਉਨ੍ਹਾਂ ਦਾ ਬਰਾਬਰਤਾ ਨੂੰ ਹਾਸਿਲ ਕਰਨ ਦਾ ਸਿਧਾਂਤ ਆਪਣੇ ਆਪ ਵਿੱਚ ਅਲੱਗ ਕਿਸਮ ਦੀ ਮਿਸਾਲ ਪੇਸ਼ ਕਰਦਾ ਹੈ। ਉਹ ਚਾਹੁੰਦੇ ਸਨ ਜਿਸ ਜਾਤ ਪਾਤ ਸਿਧਾਂਤ ਨੇ ਭਾਰਤ ਦੇ ਮੂਲਨਿਵਾਸੀ ਵਰਗ ਨੂੰ ਗੁਲਾਮੀ ਦੀਆਂ ਕਾਲ-ਕੋਠੜੀਆਂ ਵਿੱਚ ਸਦੀਆਂ ਤੋਂ ਬੰਦ ਕੀਤਾ ਹੈ, ਉਸ ਨੂੰ ਜਿਸ ਤਰੀਕੇ ਨਾਲ ਗੁਲਾਮੀ ਤੋਂ ਮੁਕਤ ਕਰਵਾਉਣਾ ਹੈ, ਉਹ ਤਰੀਕਾ ਸੱਚਾ ਤੇ ਸੁੱਚਾ ਹੀ ਨਹੀਂ ਹੋਣਾ ਚਾਹੀਦਾ, ਬਲਕਿ ਅਪਰਾਧੀਆਂ ਨੂੰ ਵੀ ਉਨ੍ਹਾਂ ਦੇ ਅਪਰਾਧ ਤੋਂ ਅਜ਼ਾਦ ਕਰਵਾ ਕੇ ਬਰਾਬਰਤਾ ਦੇ ਸਮਾਜ ਵਿੱਚ ਉਨ੍ਹਾਂ ਦਾ ਯੋਗਦਾਨ ਹਾਸਿਲ ਕਰੇ। ਗੁਰੂ ਜੀ ਦਾ ਜਾਤ ਪਾਤ ਨੂੰ ਖਤਮ ਕਰਨ ਦਾ ਸਿਧਾਂਤ ਜ਼ਾਤ ਅਭਿਮਾਨੀਆਂ ਨੂੰ ਭਗਤੀ ਦੇ ਮਾਧਿਅਮ ਰਾਹੀਂ ਸੋਝੀ ਦੇ ਕੇ ਇੱਕ ਵਿਸ਼ਾਲ ਅਤੇ ਨਿਰਮਾਣ ਦਾ ਮੌਕਾ ਦਿੰਦਾ ਹੈ। ਸ੍ਰੀ ਗੁਰੂ ਰਵਿਦਾਸ ਜੀ ਦੇ ਇਹ ਸ਼ਬਦ ।। ਜੋ ਹਮ ਸਹਰੀ ਸੋ ਮੀਤ ਹਮਾਰਾ।। ਦੀ ਗਵਾਹੀ ਭਰਦੇ ਹਨ। ਉਨ੍ਹਾਂ ਦੇ ਸ਼ਹਿਰ ਵਿੱਚ ਜੋ ਸ਼ਖਸ ਉਨ੍ਹਾਂ ਦੇ ਇਸ ਸਿਧਾਂਤ ਨੂੰ ਅਪਨਾਉਂਦਾ ਗੁਰੂ ਰਵਿਦਾਸ ਜੀ ਉਸ ਨੂੰ ਆਪਣਾ ਮਿੱਤਰ ਸਮਝਦੇ ਹਨ ਅਤੇ ਉਨ੍ਹਾਂ ਦੀ ਮਿੱਤਰਤਾ ਦਾ ਹੱਕਦਾਰ ਉਹੀ ਬਣ ਸਕਦਾ ਹੈ, ਜਿਸ ਨੇ ਜਾਤੀ ਪਾਤੀ ਘਿਨਾਉਣੀ ਵੰਡ ਨੂੰ ਤਿਆਗ ਕੇ ਬਰਾਬਰਤਾ ਦਾ ਸਿਧਾਂਤ ਅਪਨਾ ਲਿਆ ਹੈ। ਮਹਾਨ ਦੇਸ਼ ਭਗਤ ਗਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਅਤੇ ਉਨ੍ਹਾਂ ਦੀਆਂ ਪਾਵਨ ਸਿੱਖਿਆਵਾਂ ਤੋਂ ਸਬਕ ਸਿਖਦੇ ਹੋਏ ਜਿਸ ਆਦਿ ਧਰਮ ਲਹਿਰ ਦੀ ਉਸਾਰੀ ਕਰਦੇ ਹਨ, ਉਸ ਦੀ ਸ਼ੁਰੂਆਤ ਅਤੇ ਅੰਤ ਦਾ ਰਸਤਾ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ ਦਰਸਾਏ ਬਰਾਬਰਤਾ ਦੇ ਸਿਧਾਂਤਾਂ ਵਿੱਚੋਂ ਹੀ ਹੋ ਕੇ ਜਾਂਦਾ ਹੈ। ਬਾਬਾ ਮੁਗੋਵਾਲੀਆ ਜੀ ਨੇ ਆਦਿ ਧਰਮ ਦੀ ਲਹਿਰ ਦਾ ਪ੍ਰਤੀਕ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਨੂੰ ਅਪਨਾਇਆ, ਜਿਸ ਵਿੱਚੋਂ ਸੋਹੰ ਦਾ ਚਿੰਨ੍ਹ ਚੁਣ ਕੇ ਬ੍ਰਾਹਮਣਵਾਦੀ ਕਾਣੀ ਵੰਡ ਦੇ ਖਾਤਮੇ ਦਾ ਬਿਗਲ ਵਜਾਇਆ।

ਉਨ੍ਹਾਂ ਦੀ ਆਦਿ ਧਰਮ ਦੀ ਲਹਿਰ ਜਿੱਥੇ ਅੰਗਰੇਜ਼ ਸਰਕਾਰ ਤੋਂ ਵੱਖਰੇ ਧਰਮ ਦੀ ਮੰਗ ਕਰਦੇ ਹੋਏ ਦਲਿਤ ਮੁਕਤੀ ਦਾ ਆਦੀ ਬਾਣ ਛੱਡਦੀ ਹੈ। ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਅਤੇ ਜੀਵਨ ਸਿੱਖਿਆਵਾਂ ਨੂੰ ਅਪਨਾਉਂਦੇ ਹੋਏ ਦਲਿਤ ਸ਼ਕਤੀ ਕਰਨ ਦਾ ਨਵਾਂ, ਅਨੋਖਾ ਤੇ ਸਵੈ-ਮਾਨ ਭਰਿਆ ਮਾਰਗ ਦਿਖਾਉਂਦੀ। ਅੱਜ ਭਾਵੇਂ ਆਦਿ ਧਰਮ ਦੀ ਲਹਿਰ ਅਪਨੇ ਜਲਾਓ 'ਚ ਨਹੀਂ ਹੈ, ਪ੍ਰੰਤੂ ਜਿਸ ਕਦਰ ਪੰਜਾਬ ਦੇ ਤਕਰੀਬਨ ਹਰ ਪਿੰਡ ਕਸਬੇ ਸ਼ਹਿਰ ਅੰਦਰ ਸ੍ਰੀ ਗੁਰੂ ਰਵਿਦਾਸ ਜੀ ਨੂੰ ਮੰਨਣ ਵਾਲੇ ਡੇਰਿਆਂ ਅੰਦਰ ਸ੍ਰੀ ਗੁਰੂ ਰਵਿਦਾਸ ਨਾਮਲੇਵਾ ਸੰਗਤਾਂ ਦਾ ਸੰਗ ਜੁੜਦਾ ਹੈ। ਉਹ ਜਿੱਥੇ ਆਦਿ ਧਰਮ ਦੀ ਲਹਿਰ ਦੀ ਵਿਰਾਸਤ ਦੀ ਤਸਵੀਰ ਪੇਸ਼ ਕਰਦਾ ਹੈ, ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਵਿਚਲੇ ਬਰਾਬਰਤਾ ਦੇ ਸਿਧਾਂਤ ਦੀ ਮੂੰਹ ਬੋਲਦੀ ਤਸਵੀਰ ਹੈ। ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ 646ਵੇਂ ਪਾਵਨ ਆਗਮਨ ਪੁਰਬ ਮਨਾਏ ਜਾਣ ਦੀਆਂ "ਅਦਾਰਾ ਅੰਬੇਦਕਰ ਟਾਈਮਜ਼" ਤੇ "ਦੇਸ਼ ਦੁਆਬਾ" ਦੇ ਮਾਣਯੋਗ ਪਾਠਕਾਂ, ਇਸ਼ਤਿਹਾਰ ਦਾਤਾ ਅਤੇ ਹੋਰ ਸਨੇਹੀਆਂ ਨੂੰ ਇਸ ਸ਼ੁਭ ਦਿਹਾੜੇ ਤੇ ਬਹੁਤ ਬਹੁਤ ਵਧਾਈਆਂ ਦਿੰਦਾ ਹੈ ਅਤੇ ਆਸ ਕਰਦਾ ਹੈ ਕਿ ਉਨ੍ਹਾਂ ਦਾ ਸਹਿਯੋਗ ਅਦਾਰੇ ਨੂੰ ਹਮੇਸ਼ਾਂ ਪ੍ਰਾਪਤ ਹੁੰਦਾ ਰਹੇਗਾ ਅਤੇ ਅਦਾਰਾ ਗੁਰੂ ਸਾਹਿਬਾਨ ਜੀ ਦੇ ਅਸ਼ੀਰਵਾਦ ਨਾਲ ਬਹੁਜਨ ਦੇ ਹਿੱਤਾਂ ਲਈ ਅਵਾਜ਼ ਬੁਲੰਦ ਕਰਦਾ ਰਹੇਗਾ।

**- ਪ੍ਰੇਮ ਕੁਮਾਰ ਚੁੰਬਰ**

# ਪਾਣੀ ਦੇ ਸੰਕਟ ਨਾਲ ਜੂਝ ਰਹੀ ਲੋਕਾਈ

**ਡਾ. ਸਤਿੰਦਰ ਸਿੰਘ**

ਪੀਐੱਮ ਨਰਿੰਦਰ ਮੋਦੀ ਨੇ ਕੁਝ ਸਮਾਂ ਪਹਿਲਾਂ 'ਮਨ ਕੀ ਬਾਤ' ਕਰਦਿਆਂ ਪਾਣੀ ਸੰਕਟ 'ਤੇ ਚਿੰਤਾ ਪ੍ਰਗਟ ਕਰਦਿਆਂ ਪਾਣੀ ਬਚਾਉਣ ਦੀ ਜੋ ਗੱਲ ਕਹੀ ਸੀ ਉਸ ਨਾਲ ਇਕ ਵਾਰ ਫਿਰ ਪਾਣੀ ਸੰਕਟ ਦੀ ਚਰਚਾ ਸ਼ੁਰੂ ਹੋ ਗਈ ਹੈ। ਪਾਣੀ ਦਾ ਸੰਕਟ ਦੇਸ਼ ਵਿਚ ਇੰਨਾ ਗੰਭੀਰ ਹੋ ਚੁੱਕਾ ਹੈ ਕਿ ਹੁਣ ਸਿਰਫ਼ ਗੱਲਾਂ ਕਰਨ ਨਾਲ ਇਹ ਹੱਲ ਹੋਣ ਵਾਲਾ ਨਹੀਂ। ਇਸ ਸੰਕਟ ਨੂੰ ਸਿਰਫ਼ ਸਰਕਾਰਾਂ ਦੇ ਭਰੋਸੇ ਵੀ ਨਹੀਂ ਛੱਡਿਆ ਜਾ ਸਕਦਾ। ਇਸ ਲਈ ਇਕ ਬਹੁਤ ਵੱਡੀ ਲੋਕ ਲਹਿਰ ਖੜੀ ਕਰਨ ਦੀ ਜ਼ਰੂਰਤ ਹੈ।

ਇਸ ਸਬੰਧੀ ਸਮਾਜ ਨੂੰ ਵੀ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਕਰਨਾ ਪਵੇਗਾ। ਪਾਣੀ ਦਾ ਵੱਧਦਾ ਪ੍ਰਦੂਸ਼ਣ, ਪਾਣੀ ਦੇ ਪੱਧਰ ਦਾ ਲਗਾਤਾਰ ਤੇਜ਼ੀ ਨਾਲ ਨੀਵਾਂ ਜਾਣਾ ਅਤੇ ਬਰਸਾਤੀ ਪਾਣੀ ਦਾ ਠੋਸ ਪ੍ਰਬੰਧਨ ਨਾ ਹੋਣ ਕਾਰਨ ਸਥਿਤੀ ਬੇਹੱਦ ਚਿੰਤਾਜਨਕ ਬਣ ਚੁੱਕੀ ਹੈ। ਇਸ ਸੰਕਟ ਦੇ ਹੱਲ ਲਈ ਸੰਜੀਦਗੀ ਨਾਲ ਕੰਮ ਕਰਨਾ ਸਮੇਂ ਦੀ ਸਭ ਤੋਂ ਵੱਡੀ ਜ਼ਰੂਰਤ ਹੈ ਕਿਉਂਕਿ ਜਲ ਤੋ ਬਿਨਾਂ ਜਲਵਾਯੂ ਦੀ ਗੱਲ ਸੰਭਵ ਹੀ ਨਹੀਂ। ਪੂਰੇ ਵਿਸ਼ਵ 'ਚ 220 ਕਰੋੜ ਲੋਕਾਂ ਨੂੰ ਅੱਜ ਵੀ ਸ਼ੁੱਧ ਪਾਣੀ ਉਪਲਬਧ ਨਹੀਂ ਹੈ। ਕੁਦਰਤ ਵੱਲੋਂ ਦਿੱਤੇ ਅਨਮੋਲ ਤੋਹਫ਼ਿਆਂ 'ਚੋਂ ਪਾਣੀ ਇਕ ਹੈ। ਉਹ ਪੂਰੀ ਸ੍ਰਿਸ਼ਟੀ ਲਈ ਕੁਦਰਤ ਦਾ ਇਕ ਅਜਿਹਾ ਵਰਦਾਨ ਹੈ ਜਿਸ ਬਿਨਾਂ ਜੀਵਾਂ ਅਤੇ ਬਨਸਪਤੀਆਂ ਦਾ ਜਿੰਦਾ ਰਹਿਣਾ ਅਸੰਭਵ ਹੈ। ਅੱਜ ਤੋਂ ਸੈਂਕੜੇ ਸਾਲ ਪਹਿਲਾਂ ਵਿਗਿਆਨਕ ਸ'ਚ ਵਾਲੇ ਗੁਰੂ ਨਾਨਕ ਦੇਵ ਜੀ ਨੇ ਕੁਦਰਤ ਦੇ ਇਸ ਅਨਮੋਲ ਤੋਹਫ਼ੇ ਦੀ ਅਹਿਮੀਅਤ ਬਾਰੇ ਸਾਨੂੰ ਜਾਗਰੂਕ ਕਰ ਦਿੱਤਾ ਸੀ। ਉਹਨਾਂ ਨੇ 'ਪਵਨੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ' ਦਾ ਸੰਦੇਸ਼ ਦੇ ਕੇ ਪਾਣੀ ਨੂੰ ਪਿਤਾ ਦਾ ਦਰਜਾ ਦਿੱਤਾ ਹੈ, ਅਰਥਾਤ ਇਹ ਪੂਰੀ ਸ੍ਰਿਸ਼ਟੀ ਦਾ ਜਨਮਦਾਤਾ ਹੈ। ਜੇਕਰ ਜੀਵਨ ਦੀ ਉਤਪਤੀ ਦੀ ਗੱਲ ਕਰੀਏ ਤਾਂ ਪਤਾ ਲੱਗਦਾ ਹੈ ਕਿ ਇਸ ਦੀ ਸ਼ੁਰੂਆਤ ਪਾਣੀ ਵਿਚ ਹੀ ਹੋਈ ਮੰਨੀ ਜਾਂਦੀ ਹੈ। ਅੱਜ ਵੀ ਮਨੁੱਖੀ ਸਰੀਰ ਦਾ 70 ਪ੍ਰਤੀਸ਼ਤ ਭਾਗ ਪਾਣੀ ਹੀ ਹੈ। ਪਾਣੀ ਤੋਂ ਬਿਨਾਂ ਜੀਵਨ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਪਾਣੀ ਸਾਡੇ ਜੀਵਨ ਦੀ ਮੁੱਢਲੀ ਜ਼ਰੂਰਤ ਹੈ। ਰਾਮ ਮਾਝ 'ਚ ਗੁਰੂ ਅਰਜੁਨ ਦੇਵ ਫੁਰਮਾਉਂਦੇ ਹਨ :

ਜਲੁ ਬਿਨੁ ਸਾਖ ਕੁਮਲਾਵਤੀ, ਉਪਜਹਿ ਨਾਹੀ ਦਾਮ।।

ਪਾਣੀ ਸਮਾਜਿਕ ਅਤੇ ਸੱਭਿਆਚਾਰਕ ਤਰੱਕੀ, ਵਾਤਾਵਰਨ ਅਤੇ ਕੁਦਰਤ ਦਾ ਸੰਤੁਲਨ, ਦੇਸ਼ ਦੀ ਆਰਥਿਕਤਾ ਦੀ ਮਜ਼ਬੂਤੀ ਅਤੇ ਤੰਦਰੁਸਤ ਮਾਨਸਿਕਤਾ ਦਾ ਆਧਾਰ ਹੈ। ਪਾਣੀ ਦੀ ਇੰਨੀ ਵੱਡੀ ਮਹੱਤਤਾ ਹੋਣ ਦੇ ਬਾਵਜੂਦ ਇਸ ਬੇਸ਼ਕੀਮਤੀ ਕੁਦਰਤੀ ਤੋਹਫ਼ੇ ਦੀ ਬੇਸਮਝੀ ਅਤੇ ਬੇਕਦਰੀ ਨਾਲ ਕੀਤੀ ਜਾ ਰਹੀ ਵਰਤੋਂ ਸਦਕਾ ਜਿੱਥੇ ਪਾਣੀ ਦੀ ਭਾਰੀ ਕਮੀ ਮਹਿਸੂਸ ਹੋ ਰਹੀ ਹੈ, ਉੱਥੇ ਹੀ ਗੁਣਵੱਤਾ ਦੀ ਘਾਟ ਅੱਜ ਚਿੰਤਾ ਦਾ ਬਹੁਤ ਵੱਡਾ ਵਿਸ਼ਾ ਬਣ ਚੁੱਕੀ ਹੈ। ਪਾਣੀ ਸਬੰਧੀ ਚਾਹੇ ਸੰਕਟ ਵਿਸ਼ਵ ਵਿਆਪੀ ਹੈ ਪਰ ਸਾਡੇ ਦੇਸ਼ ਵਿਚ ਕਮਜ਼ੋਰ ਜਲ ਨੀਤੀ ਅਤੇ ਵਰਤੋਂ ਦੇ ਗ਼ਲਤ ਤੌਰ-ਤਰੀਕਿਆਂ ਕਾਰਨ ਪਾਣੀ ਦੀ ਸਥਿਤੀ ਬਦਤਰ ਹੋ ਚੁੱਕੀ ਹੈ।

ਸਾਡੇ ਪਾਣੀ ਦੇ ਸੋਮੇ ਤੇਜ਼ੀ ਨਾਲ ਖ਼ਤਮ ਹੋ ਰਹੇ ਹਨ। ਆਜ਼ਾਦੀ ਤੋਂ ਬਾਅਦ ਹੁਣ ਤਕ ਖੇਤੀ ਸਿੰਚਾਈ ਅਤੇ ਪੀਣ ਵਾਲੇ ਪਾਣੀ ਦਾ ਸੰਕਟ 10 ਗੁਣਾ ਵੱਧ ਚੁੱਕਾ ਹੈ। ਅਸੀਂ ਕੁਦਰਤੀ ਸਾਧਨਾਂ ਦੀ ਸੰਭਾਲ ਕਰਨ ਦੀ ਥਾਂ ਪਦਾਰਥਵਾਦੀ ਸ'ਚ ਕਾਰਨ ਲਾਲਚੀ ਬਣ ਕੇ ਲਾਭ ਕਮਾਉਣ ਵਾਲੇ ਪਾਸੇ ਤੁਰ ਪਏ ਜਿਸ ਕਾਰਨ ਦੇਸ਼ ਦੇ ਦੋ-ਤਿਹਾਈ ਤੋਂ ਵੱਧ ਪਾਣੀ ਦੇ ਸੋਮਿਆਂ ਦੇ ਭੰਡਾਰ ਖ਼ਤਮ ਹੋ ਚੁੱਕੇ ਹਨ। ਸਾਡੇ ਖੇਤੀ ਪ੍ਰਧਾਨ ਸੂਬੇ ਪੰਜਾਬ ਦੀ ਖ਼ੁਸ਼ਹਾਲੀ ਦਾ ਮੁੱਖ ਕਾਰਨ ਪਾਣੀ ਹੈ ਪਰ ਪਿਛਲੇ ਕੁਝ ਸਮੇਂ ਤੋਂ ਪੰਜਾਬ ਵਿਚ ਪਾਣੀ ਦਾ ਗੰਭੀਰ ਸੰਕਟ ਦੇਖ ਕੇ ਲੱਗਦਾ ਹੈ ਕਿ ਜੇ ਅਸੀਂ ਹੁਣ ਵੀ ਨਾ ਸੰਭਲੇ ਤਾਂ ਪੰਜਾਬ ਜਲਦ ਹੀ ਰੇਗਿਸਤਾਨ ਬਣ ਜਾਵੇਗਾ। ਪੰਜਾਬ ਵਿਚ ਪਾਣੀ ਦੇ ਸੋਮਿਆਂ ਨੂੰ ਅੱਜ ਦੋਹਰੀ ਮਾਰ ਪੈ ਰਹੀ ਹੈ ਅਰਥਾਤ ਧਰਤੀ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਬਹੁਤ ਤੇਜ਼ੀ ਨਾਲ ਨੀਵਾਂ ਜਾਣਾ ਅਤੇ ਦੂਸਰਾ ਮੌਜੂਦਾ ਪਾਣੀ ਵਿਚ ਵੱਧਦਾ ਪ੍ਰਦੂਸ਼ਣ। ਖੇਤੀ ਪ੍ਰਧਾਨ ਸੂਬੇ 'ਚ ਪਾਣੀ ਦਾ ਪੱਧਰ ਜਿਸ ਤੇਜ਼ੀ ਨਾਲ ਹੇਠਾਂ ਜਾ ਰਿਹਾ ਹੈ ਇਸ ਦਾ ਸਭ ਤੋਂ ਵੱਧ ਨੁਕਸਾਨ ਕਿਸਾਨਾਂ ਨੂੰ ਹੀ ਹੋ ਰਿਹਾ ਹੈ। ਇਹ ਮੁਸੀਬਤ ਵੀ ਅਸੀਂ ਖ਼ੁਦ ਹੀ ਸਹੇੜੀ ਹੋਈ ਹੈ। ਖੇਤੀ ਸਾਡੀ ਸੰਸਕ੍ਰਿਤੀ ਸੀ ਪਰ ਹੁਣ ਅਸੀਂ ਬਾਜ਼ਾਰੀਕਰਨ ਦੇ ਦੌਰ ਵਿਚ ਦਾਖ਼ਲ ਹੋ ਗਏ ਹਾਂ ਅਤੇ ਬਾਜ਼ਾਰੀ ਫ਼ਸਲਾਂ ਬੀਜਣ ਲੱਗੇ ਹੋਏ ਹਾਂ। ਨੱਬੇ ਪ੍ਰਤੀਸ਼ਤ ਤਕ ਭੂ-ਜਲ ਖੇਤੀ ਦੇ ਕੰਮ ਆ ਰਿਹਾ ਹੈ ਜਿਸ ਦੀ ਬਦੌਲਤ ਅੱਜ ਤੋਂ 25 ਸਾਲ ਪਹਿਲਾਂ ਮਾਲਵਾ ਖੇਤਰ ਦੇ ਕਿਸਾਨ 35 ਤੋਂ 40 ਫੁੱਟ ਤਕ ਦੇ ਬੋਰ ਤੋਂ ਪਾਣੀ ਲੈ ਕੇ ਖੇਤੀ ਕਰਦੇ ਸਨ ਅਤੇ ਬੋਰ ਦੀ ਲਾਗਤ ਸਿਰਫ਼ 3000 ਤੋਂ 3500 ਰੁਪਏ ਆਉਂਦੀ ਸੀ। ਅੱਜ ਸਾਧਾਰਨ ਬੋਰ ਦਾ ਪਾਣੀ ਮਿਲਣਾ ਤਾਂ ਇਕ ਸੁਪਨਾ ਹੋ ਗਿਆ ਹੈ।

ਹੁਣ ਹਰ ਜ਼ਿਮੀਂਦਾਰ 350 ਤੋਂ 450 ਫੁੱਟ ਦੇ ਸਬਮਰਸੀਬਲ ਪੰਪ ਲਗਵਾ ਕੇ ਖੇਤੀ ਕਰ ਰਿਹਾ ਹੈ ਜਿਸ ਉੱਪਰ 1.50 ਲੱਖ ਰੁਪਏ ਤਕ ਦਾ ਖ਼ਰਚ ਆਉਂਦਾ ਹੈ। ਇਸ ਨਾਲ ਕਿਸਾਨਾਂ ਦੀ ਆਰਥਿਕਤਾ ਤਰਸਯੋਗ ਹੁੰਦੀ ਜਾ ਰਹੀ ਹੈ। ਕਰਜ਼ੇ ਹੇਠ ਦੱਬਿਆ ਕਿਸਾਨ ਖ਼ੁਦਕਸ਼ੀਆਂ ਕਰ ਕੇ ਜੀਵਨ ਲੀਲਾ ਸਮਾਪਤ ਕਰ ਰਿਹਾ ਹੈ। ਪੰਜਾਬ ਵਿਚ ਦਰਿਆਵਾਂ ਅਤੇ ਨਹਿਰਾਂ ਮੌਜੂਦ ਹੋਣ ਦੇ ਬਾਵਜੂਦ 70 ਪ੍ਰਤੀਸ਼ਤ ਤੋਂ ਵੱਧ ਸਿੰਜਾਈ ਭੂ-ਜਲ ਰਾਹੀਂ ਹੀ ਕੀਤੀ ਜਾਂਦੀ ਹੈ। ਇੱਥੇ 30 ਲੱਖ ਹੈਕਟੇਅਰ ਭੂਮੀ ਦਾ ਰਕਬਾ ਝੋਨੇ ਹੇਠ ਹੈ ਜਿਸ ਦੀ ਸਿੰਚਾਈ 11.68 ਲੱਖ ਟਿਊਬਵੈੱਲਾਂ ਰਾਹੀਂ ਹੀ ਕੀਤੀ ਜਾਂਦੀ ਹੈ। ਸੂਬੇ ਅੰਦਰ ਜ਼ਮੀਨਦੋਜ਼ ਪਾਣੀ 145 ਫ਼ੀਸਦੀ ਦੀ ਦਰ ਨਾਲ ਕੱਢਿਆ ਜਾ ਰਿਹਾ ਹੈ ਜੋ ਕਿ ਬੇਹੱਦ ਚਿੰਤਾ ਦਾ ਵਿਸ਼ਾ ਹੈ। ਸੂਬੇ ਦੇ ਕੁੱਲ 138 ਬਲਾਕਾਂ 'ਚੋਂ 110 ਬਲਾਕ ਅਜਿਹੇ ਹਨ ਜਿੱਥੇ ਖ਼ਤਰੇ ਦੀ ਹੱਦ ਤੋਂ ਵੱਧ ਪਾਣੀ ਕੱਢਿਆ ਜਾ ਰਿਹਾ ਹੈ। ਖੇਤੀਬਾੜੀ 'ਚ ਕੀਟਨਾਸ਼ਕਾਂ ਅਤੇ ਹੋਰ ਰਸਾਇਣਕ ਖਾਦਾਂ ਦੀ ਲੋੜ ਤੋਂ ਵੱਧ ਹੁੰਦੀ ਵਰਤੋਂ ਕਾਰਨ ਇਹ ਜ਼ਹਿਰੀਲੇ ਤੱਤ ਧਰਤੀ ਹੇਠਲੇ ਪਾਣੀ ਵਿਚ ਪਹੁੰਚ ਚੁੱਕੇ ਹਨ। ਇਸ ਪ੍ਰਦੂਸ਼ਿਤ ਪਾਣੀ ਦੀ ਵਰਤੋਂ ਨੇ ਮਾਲਵਾ ਖੇਤਰ 'ਚ ਕੈਂਸਰ ਵਰਗੀਆਂ ਗੰਭੀਰ ਬਿਮਾਰੀਆਂ ਨੂੰ ਜਨਮ ਦਿੱਤਾ ਹੈ। ਸਨਅਤੀ ਅਦਾਰੇ ਗੰਧਲਾ ਅਤੇ ਜ਼ਹਿਰੀਲਾ ਪਾਣੀ ਨਜ਼ਦੀਕ ਲੱਗਦੇ ਪਾਣੀ ਦੇ ਸੋਮਿਆਂ ਵਿਚ ਮਿਲਾ ਕੇ ਵਾਤਾਵਰਨ ਸੰਤੁਲਨ ਵਿਗਾੜ ਰਹੇ ਹਨ। ਅਜੋਕੇ ਉਦਯੋਗੀਕਰਨ ਦੇ ਦੌਰ ਵਿਚ ਪਾਣੀ ਪ੍ਰਦੂਸ਼ਣ ਲਈ ਸਭ ਤੋਂ ਵੱਧ ਜ਼ਿੰਮੇਵਾਰ ਸਾਡੇ ਕਾਰਖ਼ਾਨੇ ਅਤੇ ਫੈਕਟਰੀਆਂ ਹਨ। ਜਦੋਂ ਇਹ ਜ਼ਹਿਰੀਲੇ ਪਦਾਰਥ ਸਾਡੇ ਦਰਿਆਵਾਂ, ਝੀਲਾਂ ਅਤੇ ਹੋਰ ਪਾਣੀ ਦੇ ਸੋਮਿਆਂ ਵਿਚ ਮਿਲਦੇ ਹਨ ਤਾਂ ਸਭ ਤੋਂ ਵੱਧ ਮਨੁੱਖੀ ਸਿਹਤ ਲਈ ਨੁਕਸਾਨਦੇਹ ਸਾਬਤ ਹੁੰਦੇ ਹਨ ਜਿਸ ਦੇ ਨਤੀਜੇ ਵਜੋਂ ਪੀਲੀਆ, ਟਾਈਫਾਈਡ, ਹੈਜ਼ਾ, ਹੈਪੇਟਾਈਟਿਸ, ਅੰਤੜੀ ਰੋਗ, ਹੱਡੀਆਂ ਦੇ ਰੋਗ ਤੇ ਅਨੇਕਾਂ ਹੋਰ ਭਿਅੰਕਰ ਬਿਮਾਰੀਆਂ ਮਹਾਂਮਾਰੀ ਦੇ ਰੂਪ ਵਿਚ ਫੈਲਦੀਆਂ ਹਨ। ਵਧਦੀ ਆਬਾਦੀ ਅਤੇ ਸ਼ਹਿਰੀਕਰਨ ਨੇ ਵੀ ਪਾਣੀ ਦੇ ਸੋਮਿਆਂ 'ਚ ਪ੍ਰਦੂਸ਼ਣ ਬਹੁਤ ਜ਼ਿਆਦਾ ਵਧਾ ਦਿੱਤਾ ਹੈ। ਪੋਲੀਥੀਨ ਦੇ ਲਿਫ਼ਾਫ਼ਿਆਂ ਦੀ ਵਧਦੀ ਵਰਤੋਂ ਨੇ ਸੀਵਰੇਜ ਵਿਵਸਥਾ ਤੋਂ ਲੈ ਕੇ ਸਮੁੰਦਰ ਤਕ ਤਬਾਹੀ ਮਚਾਈ ਹੋਈ ਹੈ। ਮਨੁੱਖ ਦਾ ਮਲ ਮੂਤਰ, ਸਾਬਣ ਵਾਲਾ ਪਾਣੀ ਅਤੇ ਹੋਰ ਘਰੇਲੂ ਰਹਿੰਦ-ਖੂੰਹਦ ਭਰਪੂਰ ਸੀਵਰੇਜ ਨੂੰ ਸ਼ਹਿਰ ਤੋਂ ਬਾਹਰ ਲਿਜਾ ਕੇ ਪਾਣੀ ਦੇ ਸੋਮਿਆਂ ਵਿਚ ਮਿਲਾਉਣਾ ਆਮ ਵਰਤਾਰਾ ਬਣ ਚੁੱਕਾ ਹੈ ਜੋ ਮਨੁੱਖੀ ਸਿਹਤ ਲਈ ਗੰਭੀਰ ਸੰਕਟ ਦਾ ਕਾਰਨ ਬਣ ਰਿਹਾ ਹੈ। ਘਰਾਂ 'ਚ ਪਾਣੀ ਦੀ ਬੱਚਤ ਲਈ ਬਹੁਤ ਘੱਟ ਯਤਨ ਕੀਤੇ ਜਾ ਰਹੇ ਹਨ।

ਸਵੇਰੇ ਉੱਠਦੇ ਸਮੇਂ ਦੰਦ ਸਾਫ਼ ਕਰਨ ਤੋਂ ਲੈ ਕੇ ਨਹਾਉਣ, ਕੱਪੜੇ ਧੋਣ, ਕਾਰ ਸਾਫ ਕਰਨ ਅਤੇ ਪਾਣੀ ਸ਼ੁੱਧ ਕਰਨ ਲਈ ਆਰਓ ਦੀ ਹੁੰਦੀ ਵਰਤੋਂ ਨਾਲ ਸੈਂਕੜੇ ਲੀਟਰ ਪਾਣੀ ਹਰ ਘਰ ਵਿਚ ਵਿਅਰਥ ਜਾ ਰਿਹਾ ਹੈ। ਪਾਣੀ ਨੂੰ ਸੋਧਣ ਅਤੇ ਰੀਸਾਈਕਲ ਕਰ ਕੇ ਦੁਬਾਰਾ ਵਰਤੋਂ ਦੇ ਮਾਮਲੇ ਵਿਚ ਦੇਸ਼ ਦੀ ਤਸਵੀਰ ਧੁੰਦਲੀ ਹੈ। ਘਰਾਂ ਵਿਚ ਪਹੁੰਚੇ ਪਾਣੀ ਦਾ 80 ਪ੍ਰਤੀਸ਼ਤ ਭਾਗ ਸੀਵਰ ਵਿਚ ਚਲਾ ਜਾਂਦਾ ਹੈ ਜਦਕਿ ਇਜ਼ਰਾਈਲ 'ਚ 100 ਪ੍ਰਤੀਸ਼ਤ ਪਾਣੀ ਦਾ ਟਰੀਟਮੈਂਟ ਕਰ ਕੇ 94 ਪ੍ਰਤੀਸ਼ਤ ਪਾਣੀ ਦੁਬਾਰਾ ਘਰੇਲੂ ਵਰਤੋਂ ਲਈ ਵਰਤਿਆ ਜਾਂਦਾ ਹੈ। ਮਨੁੱਖੀ ਸਰੀਰ ਵਿਚ 70 ਪ੍ਰਤੀਸ਼ਤ ਹਿੱਸਾ ਪਾਣੀ ਦਾ ਹੈ। ਸਾਡੇ ਖ਼ੂਨ ਦਾ 90 ਪ੍ਰਤੀਸ਼ਤ ਹਿੱਸਾ ਪਾਣੀ ਹੈ। ਜੇ ਸਰੀਰ ਵਿਚ ਥੋੜੀ ਜਿਹੀ ਪਾਣੀ ਦੀ ਕਮੀ ਹੋ ਜਾਵੇ ਤਾਂ ਸਾਡੀ ਮੌਤ ਤਕ ਹੋ ਸਕਦੀ ਹੈ। ਇਸ ਲਈ ਅਸੀਂ ਤੁਰੰਤ ਇਲਾਜ ਕਰਵਾਉਂਦੇ ਹਾਂ ਪਰ ਆਪਣੀ ਧਰਤੀ ਮਾਂ ਦੀ ਪਾਣੀ ਦੀ ਕਮੀ ਨੂੰ ਦੂਰ ਕਰਨ ਲਈ ਅਸੀਂ ਕੀ ਯਤਨ ਕਰ ਰਹੇ ਹਾਂ? ਪਾਣੀ ਦੇ ਸੋਮਿਆਂ 'ਚ ਵੱਧਦੇ ਪ੍ਰਦੂਸ਼ਣ ਨੂੰ ਰੋਕਣ ਲਈ ਅਤੇ ਪਾਣੀ ਦੇ ਪੱਧਰ ਨੂੰ ਹੋਰ ਨੀਵਾਂ ਜਾਣ ਤੋਂ ਰੋਕਣ ਲਈ ਬਿਨਾਂ ਕਿਸੇ ਦੇਰੀ ਦੇ ਖ਼ਾਸ ਯਤਨ ਕੀਤੇ ਜਾਣ ਦੀ ਸਖ਼ਤ ਜ਼ਰੂਰਤ ਹੈ। ਇਸ ਸੰਕਟ ਦੇ ਹੱਲ ਲਈ ਸਮਾਜ ਅਤੇ ਸਰਕਾਰ ਦੋਵਾਂ ਨੂੰ ਮਿਲ ਕੇ ਕੰਮ ਕਰਨਾ ਪਵੇਗਾ। ਪਾਣੀ ਦੀ ਬੱਚਤ ਅਤੇ ਉਪਯੋਗ ਸਬੰਧੀ ਵਿਸ਼ੇਸ਼ ਸਿੱਖਿਆ ਅਤੇ ਟਰੇਨਿੰਗ ਦਾ ਪ੍ਰਬੰਧ ਕਰਨਾ ਜ਼ਰੂਰੀ ਹੈ। ਇਸ ਦੇ ਨਾਲ ਹੀ ਡਾਰਕ ਜ਼ੋਨ ਖੇਤਰਾਂ ਵਿਚ ਵਿਸ਼ੇਸ਼ ਲਾਕਡਾਊਨ ਅਤੇ ਐਮਰਜੈਂਸੀ ਲਾਉਣ ਦੀ ਤੁਰੰਤ ਜ਼ਰੂਰਤ ਹੈ ਤਾਂ ਹੀ ਸਾਡੀਆਂ ਆਉਣ ਵਾਲੀਆਂ ਪੀੜੀਆਂ ਇਸ ਕੁਦਰਤੀ ਤੋਹਫ਼ੇ ਦਾ ਆਨੰਦ ਮਾਣ ਸਕਣਗੀਆਂ।

# ਨਿਊਯਾਰਕ ਤੇ ਟੋਰਾਂਟੋ ਤੋਂ ਅੰਮ੍ਰਿਤਸਰ ਲਈ 6 ਅਪ੍ਰੈਲ ਤੋਂ ਸ਼ੁਰੂ ਹੋਣਗੀਆਂ ਉਡਾਣਾਂ




**ਟੋਰਾਂਟੋ (ਬਿਊਰੋ)-** ਕੈਨੇਡਾ ਤੇ ਅਮਰੀਕਾ ਵਿੱਚ ਵਸਦੇ ਪਰਵਾਸੀ ਪੰਜਾਬੀ ਜਿਹੜੇ ਹਰ ਸਾਲ ਵੱਡੀ ਗਿਣਤੀ ਵਿੱਚ ਪੰਜਾਬ ਨੂੰ ਜਾਂਦੇ ਹਨ, ਉਨ੍ਹਾਂ ਲਈ ਹਵਾਈ ਸਫਰ ਹੁਣ ਸੁਖਾਲਾ ਹੋਣ ਜਾ ਰਿਹਾ ਹੈ। ਉਨ੍ਹਾਂ ਲਈ ਚੰਗੀ ਖ਼ਬਰ ਹੈ ਕਿ ਇਟਲੀ ਦੀ ਨਿਓਸ ਏਅਰ 6 ਅਪ੍ਰੈਲ, 2023 ਤੋਂ ਅੰਮ੍ਰਿਤਸਰ ਨੂੰ ਕੈਨੇਡਾ ਦੇ ਟੋਰਾਂਟੋ ਤੇ ਅਮਰੀਕਾ ਦੇ ਨਿਊਯਾਰਕ ਤਕ ਮਿਲਾਨ ਦੇ ਮਾਲਪੈਂਸਾ ਹਵਾਈ ਅੱਡੇ ਰਾਹੀ ਜੋੜਨ ਜਾ ਰਹੀ ਹੈ। ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ ਨੂੰ ਨਿਓਜ਼ ਏਅਰ ਦੁਆਰਾ ਟੋਰਾਂਟੋ ਨਾਲ ਜੋੜੇ ਜਾਣ ਦਾ ਸਵਾਗਤ ਕੀਤਾ ਹੈ। ਅੰਮ੍ਰਿਤਸਰ ਤੋਂ ਟੋਰਾਂਟੋ ਤੇ ਵੈਨਕੂਵਰ ਲਈ ਸਿੱਧੀਆਂ ਉਡਾਣਾਂ ਦੀ ਮੰਗ ਲੰਮੇ ਸਮੇਂ ਤੋਂ ਕੀਤੀ ਜਾ ਰਹੀ ਹੈ। ਇਸ ਨਵੀ ਉਡਾਣ ਦੇ ਸ਼ੁਰੂ ਹੋਣ ਨਾਲ ਟੋਰਾਂਟੋ ਲਈ ਯਾਤਰੀਆਂ ਨੂੰ ਰਾਹਤ ਮਿਲੇਗੀ।

ਕੈਨੇਡਾ ਤੇ ਅਮਰੀਕਾ ਵਿੱਚ ਵਸਦੇ ਪਰਵਾਸੀ ਪੰਜਾਬੀ ਜਿਹੜੇ ਹਰ ਸਾਲ ਵੱਡੀ ਗਿਣਤੀ ਵਿੱਚ ਪੰਜਾਬ ਨੂੰ ਜਾਂਦੇ ਹਨ, ਉਨ੍ਹਾਂ ਲਈ ਹਵਾਈ ਸਫਰ ਹੁਣ ਸੁਖਾਲਾ ਹੋਣ ਜਾ ਰਿਹਾ ਹੈ। ਉਨ੍ਹਾਂ ਲਈ ਚੰਗੀ ਖ਼ਬਰ ਹੈ ਕਿ ਇਟਲੀ ਦੀ ਨਿਓਸ ਏਅਰ 6 ਅਪ੍ਰੈਲ, 2023 ਤੋਂ ਅੰਮ੍ਰਿਤਸਰ ਨੂੰ ਕੈਨੇਡਾ ਦੇ ਟੋਰਾਂਟੋ ਤੇ ਅਮਰੀਕਾ ਦੇ ਨਿਊਯਾਰਕ ਤਕ ਮਿਲਾਨ ਦੇ ਮਾਲਪੈਂਸਾ ਹਵਾਈ ਅੱਡੇ ਰਾਹੀ ਜੋੜਨ ਜਾ ਰਹੀ ਹੈ। ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ ਨੂੰ ਨਿਓਜ਼ ਏਅਰ ਦੁਆਰਾ ਟੋਰਾਂਟੋ ਨਾਲ ਜੋੜੇ ਜਾਣ ਦਾ ਸਵਾਗਤ ਕੀਤਾ ਹੈ। ਅੰਮ੍ਰਿਤਸਰ ਤੋਂ ਟੋਰਾਂਟੋ ਤੇ ਵੈਨਕੂਵਰ ਲਈ ਸਿੱਧੀਆਂ ਉਡਾਣਾਂ ਦੀ ਮੰਗ ਲੰਮੇ ਸਮੇਂ ਤੋਂ ਕੀਤੀ ਜਾ ਰਹੀ ਹੈ। ਇਸ ਨਵੀ ਉਡਾਣ ਦੇ ਸ਼ੁਰੂ ਹੋਣ ਨਾਲ ਟੋਰਾਂਟੋ ਲਈ ਯਾਤਰੀਆਂ ਨੂੰ ਰਾਹਤ ਮਿਲੇਗੀ।

**Postal Address of Desh Doaba : 5101 Doe Hollow Pl, Antelope, CA. 95843**

The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.

'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਸਿੱਖ ਆਗੂ ਸਵ. ਅਮਰੀਕ ਸਿੰਘ ਨੂੰ "ਸਿੱਖ ਕੌਂਸਲ ਆਫ ਸੈਂਟਰਲ ਕੈਲੇਫੋਰਨੀਆਂ" ਨੇ ਦਿੱਤੀ ਸਰਧਾਂਜ਼ਲੀ





**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ /ਨੀਟਾ ਮਾਛੀਕੇ):** ਪੰਜਾਬੀ ਭਾਈਚਾਰੇ ਦੀ ਬਹੁੱਪਖੀ ਸਤਿਕਾਰਤ ਸ਼ਖ਼ਸੀਅਤ, ਉੱਘੇ ਸਮਾਜ-ਸੇਵੀ, ਵੱਖ-ਵੱਖ ਸੰਸਥਾਵਾਂ ਵਿੱਚ ਬਤੌਰ ਸੰਚਾਲਕ ਅਤੇ ਆਲ ਇੰਡੀਆ ਰੇਡੀਓ ਦੇ ਨਿਊਜ਼ ਐਡੀਟਰ ਸ. ਅਮਰੀਕ ਸਿੰਘ ਵਿਰਕ ਬੀਤੇ ਦਿਨੀ ਆਪਣੀ 76 ਸਾਲਾ ਦੀ ਪਰਿਵਾਰਕ ਖੁਸ਼ਹਾਲ ਜ਼ਿੰਦਗੀ ਬਤੀਤ ਕਰਦੇ ਹੋਏ ਅਕਾਲ ਚਲਾਣਾ ਕਰ ਗਏ ਸਨ। ਜੋ ਆਪਣੀ ਜ਼ਿੰਦਗੀ ਦਾ ਬਹੁਤ ਸਮਾਂ ਪੰਜਾਬ ਵਿੱਚ ਮੀਡੀਆਂ ਅਤੇ ਸਮਾਜ ਸੇਵਾਵਾ ਨਾਲ ਜੁੜੇ ਰਹੇ ਸਨ। ਉਨ੍ਹਾਂ ਦਾ ਜਨਮ ਪੰਜਾਬ ਦੇ ਪਿੰਡ ਵਿਰਕ, ਜਿਲਾ ਜਲੰਧਰ ਤੋਂ ਸਨ ਅਤੇ ਅਮਰੀਕਾ ਵਿੱਚ ਆਪਣੇ ਆਖਰੀ ਸਮੇਂ ਕੈਲੇਫੋਰਨੀਆਂ ਦੇ ਸ਼ਹਿਰ ਕਲੋਵਿਸ ਵਿਖੇ ਰਹਿ ਰਹੇ ਸਨ।

ਉਹ ਵੱਖ-ਵੱਖ ਸਥਾਨਿਕ ਸੰਸਥਾਵਾ ਦੇ ਨਾਲ ਰਲ ਭਾਈਚਾਰਕ ਸੇਵਾਵਾ ਨਿਭਾਉਂਦੇ ਰਹੇ ਸਨ। ਉਨ੍ਹਾਂ ਦੇ ਅੰਤਮ ਸੰਸਕਾਰ ਵਿੱਚ ਸਾਮਲ ਹੋਣ ਉਪਰੰਤ, ਅੰਤਮ ਅਰਦਾਸ ਸਮੇਂ ਗੁਰਦੁਆਰਾ ਸਿੱਖ ਪੈਸ਼ੀਫਿਕ ਕੋਸਟ ਆਫ ਸੈਲਮਾ ਵਿਖੇ ਸਿੱਖ ਆਗੂ ਸਵ. ਅਮਰੀਕ ਸਿੰਘ ਨੂੰ "ਸਿੱਖ ਕੌਸ਼ਲ ਆਫ ਸੈਂਟਰਲ ਕੈਲੇਫੋਰਨੀਆਂ" ਨੇ ਦਿੱਤੀ ਸਰਧਾਜ਼ਲੀ। ਜਿਸ ਸਮੇਂ ਸਥਾਨਕ ਵੱਖ-ਵੱਖ ਸੰਸਥਾਵਾ ਤੋਂ ਇਲਾਵਾ ਗੁਰਦੁਆਰਾ ਸੈਲਮਾਂ ਅਤੇ "ਸਿੱਖ ਕੌਸ਼ਲ ਆਫ ਸੈਂਟਰਲ ਕੈਲੇਫੋਰਨੀਆਂ" ਦੇ ਸਰਗਰਮ ਮੈਂਬਰ ਵੀ ਹਾਜ਼ਰ ਸਨ।

ਸਵ: ਸ. ਅਮਰੀਕ ਸਿੰਘ ਦੇ ਅੰਤਮ ਸੰਸਕਾਰ ਸਮੇਂ ਇਲਾਕੇ ਭਰ ਤੋਂ ਪਹੁੰਚ ਕੇ ਜਿੱਥੇ ਪਰਿਵਾਰਕ, ਰਿਸ਼ਤੇਦਾਰਾਂ ਅਤੇ ਮਿੱਤਰਾਂ ਨੇ ਸਰਧਾ ਦੇ ਫੁੱਲ ਭੇਜੇ।

ਉੱਥੇ ਸਥਾਨਿਕ ਸੰਸਥਾਵਾ ਦੇ ਨੁਮਾਇੰਦੇ ਵੀ ਪਹੁੰਚੇ ਹੋਏ ਸਨ। ਜਿੰਨਾਂ ਨੇ ਸਵ. ਅਮਰੀਕ ਸਿੰਘ ਵਿਰਕ ਦੀਆਂ ਸਮਾਜਿਕ ਸੇਵਾਵਾ ਦਾ ਜ਼ਿਕਰ ਕਰਦੇ ਹੋਏ, ਉਨ੍ਹਾਂ ਦੀ ਮਹਾਨਤਾ ਬਾਰੇ ਸਾਂਝ ਪਾਈ। ਇਸੇ ਦੌਰਾਨ "ਸਿੱਖ ਕੌਸ਼ਲ ਆਫ ਸੈਂਟਰਲ ਕੈਲੇਫੋਰਨੀਆਂ" ਦੇ ਜਨਰਲ ਸੈਂਕਟਰੀ ਸ. ਸੁਖਦੇਵ ਸਿੰਘ ਚੀਮਾਂ ਨੇ ਬੋਲਦੇ ਹੋਏ ਸੰਸਥਾ ਵੱਲੋਂ ਸਵ. ਅਮਰੀਕ ਵਿਰਕ ਨੂੰ ਸਰਧਾਜ਼ਲੀ ਦਿੱਤੀ। ਉਨ੍ਹਾਂ ਕਿਹਾ ਕਿ ਸਵ. ਵਿਰਕ ਸੰਸਥਾ ਦੇ ਅਣਥੱਕ ਸੇਵਾਦਾਰ ਸਨ। ਜੋ ਹਰ ਸਮੇਂ ਅੱਗੇ ਹੋ ਕੇ, ਸਮੂੰਹ ਸਮਾਜਿਕ, ਧਾਰਮਿਕ, ਭਾਈਚਾਰਕ ਅਤੇ ਸੱਭਿਆਚਾਰਿਕ ਕਾਰਜਾ ਵਿੱਚ ਹਿੱਸਾ ਲੈਂਦੇ ਸਨ। ਇਸੇ ਦੌਰਾਨ ਸੰਸਥਾ ਦੇ ਮੈਂਬਰਾਂ ਨੇ ਵਿਰਕ ਦੇ ਪੁੱਤਰਾਂ ਵਿੱਚ ਰੁਪਿੰਦਰ ਸਿੰਘ ਵਿਰਕ ਅਤੇ ਭੁਪਿੰਦਰ ਸਿੰਘ ਵਿਰਕ ਨੂੰ ਸਨਮਾਨਤ ਕੀਤਾ। ਅਰਦਾਸ ਕੀਤੀ ਗਈ ਕਿ ਪਰਮਾਤਮਾ ਵਿੱਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।




# ਅਫ਼ਗਾਨਿਸਤਾਨ ਦੇ ਲੋਕਾਂ ਲਈ 20 ਹਜ਼ਾਰ ਮੀਟ੍ਰਿਕ ਟਨ ਕਣਕ ਭੇਜੇਗਾ ਭਾਰਤ

**ਨਵੀਂ ਦਿੱਲੀ-** ਭਾਰਤ ਸੰਯੁਕਤ ਰਾਸ਼ਟਰ ਵਿਸ਼ਵ ਖੁਰਾਕ ਪ੍ਰੋਗਰਾਮ ਦੇ ਨਾਲ ਸਾਂਝੇਦਾਰੀ ਵਿੱਚ ਅਫਗਾਨਿਸਤਾਨ ਵਿੱਚ ਮਨੁੱਖੀ ਸੰਕਟ ਦੇ ਹੱਲ ਲਈ ਚਾਬਹਾਰ ਬੰਦਰਗਾਹ ਰਾਹੀਂ ਅਫਗਾਨ ਲੋਕਾਂ ਨੂੰ 20,000 ਮੀਟ੍ਰਿਕ ਟਨ ਕਣਕ ਭੇਜੇਗਾ। ਭਾਰਤ ਅਤੇ ਪੰਜ ਮੱਧ ਏਸ਼ੀਆਈ ਦੇਸ਼ਾਂ ਨੇ ਮੰਗਲਵਾਰ ਨੂੰ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਅਫ਼ਗਾਨਿਸਤਾਨ ਦੀ ਧਰਤੀ ਨੂੰ ਕਿਸੇ ਵੀ ਅੱਤਵਾਦੀ ਗਤੀਵਿਧੀ ਲਈ ਨਹੀਂ ਵਰਤਿਆ ਜਾਣਾ ਚਾਹੀਦਾ। ਨਵੀਂ ਦਿੱਲੀ 'ਚ ਅਫਗਾਨਿਸਤਾਨ 'ਤੇ ਭਾਰਤ-ਮੱਧ ਏਸ਼ੀਆ ਸੰਯੁਕਤ ਕਾਰਜ ਸਮੂਹ ਦੀ ਪਹਿਲੀ ਬੈਠਕ 'ਚ ਭਾਰਤ



ਨੇ ਚਾਬਹਾਰ ਬੰਦਰਗਾਹ (ਇਰਾਨ) ਰਾਹੀਂ ਅਫਗਾਨਿਸਤਾਨ ਨੂੰ 20 ਹਜ਼ਾਰ ਮੀਟ੍ਰਿਕ ਟਨ ਕਣਕ ਭੇਜਣ ਦਾ ਐਲਾਨ ਵੀ ਕੀਤਾ। ਇਹ ਮਦਦ ਸੰਯੁਕਤ ਰਾਸ਼ਟਰ ਵਿਸ਼ਵ ਖੁਰਾਕ ਪ੍ਰੋਗਰਾਮ ਤਹਿਤ ਅਫਗਾਨਿਸਤਾਨ ਨੂੰ ਦਿੱਤੀ ਜਾਵੇਗੀ। ਭਾਰਤ ਪਹਿਲਾਂ ਹੀ ਅਫਗਾਨਿਸਤਾਨ ਨੂੰ 50 ਹਜ਼ਾਰ ਮੀਟ੍ਰਿਕ ਟਨ ਕਣਕ ਭੇਜ ਚੁੱਕਾ ਹੈ। ਉਸ ਸਮੇਂ ਭਾਰਤ ਪਾਕਿਸਤਾਨ ਰਾਹੀਂ ਅਫਗਾਨਿਸਤਾਨ ਨੂੰ ਕਣਕ ਭੇਜਦਾ ਸੀ। ਕਈ ਮਹੀਨਿਆਂ ਦੀ ਗੱਲਬਾਤ ਤੋਂ ਬਾਅਦ ਪਾਕਿਸਤਾਨ ਨੇ ਕਣਕ ਭੇਜਣ ਦਾ ਰਸਤਾ ਦਿੱਤਾ ਸੀ। ਬੈਠਕ ਵਿਚ ਹਿੱਸਾ ਲੈਣ ਵਾਲੇ ਦੇਸ਼ਾਂ ਨੇ ਸੰਕਲਪ ਲਿਆ ਕਿ ਉਹ ਅੱਤਵਾਦ, ਕੱਟੜਵਾਦ, ਕੱਟੜਪੰਥੀ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਨਾਲ ਲੜਨ ਦੇ ਤਰੀਕੇ ਲੱਭਣਗੇ।






# ਕਿਸਾਨ ਮਹਾਂ ਪੰਚਾਇਤ 'ਚ ਹਰ ਖੇਤ ਤੱਕ ਨਹਿਰੀ ਪਾਣੀ ਪੁੱਜਦਾ ਕਰਨ 'ਤੇ ਜ਼ੋਰ

**ਧੂਰੀ, (ਦਲਜੀਤ ਕੌਰ)** ਮੁੱਖ ਮੰਤਰੀ ਭਗਵੰਤ ਮਾਨ ਦੇ ਹਲਕੇ ਸਮੇਤ ਨੇੜਲੇ ਕਰੀਬ 60 ਪਿੰਡਾਂ ਦੇ ਨਹਿਰੀ ਪਾਣੀ ਤੋਂ ਵਾਂਝੇ ਲੋਕਾਂ ਨੇ ਨਹਿਰੀ ਪਾਣੀ ਪ੍ਰਾਪਤੀ ਸੰਘਰਸ਼ ਕਮੇਟੀ ਦੇ ਬੈਨਰ ਹੇਠ ਅਨਾਜ ਮੰਡੀ ਵਿਖੇ 'ਮਹਾਂਪੰਚਾਇਤ' ਕਰਕੇ ਸਾਰੇ ਖੇਤਾਂ ਤੱਕ ਅੰਡਰ ਗਰਾਊਂਡ ਪਾਈਪਾਂ ਰਾਹੀਂ ਨਹਿਰੀ ਪਾਣੀ ਪਹੁੰਚਾਉਣ, ਪਹਿਲਾਂ ਮਨਜ਼ੂਰ ਹੋ ਚੁੱਕੇ ਰਜਵਾਹੇ/ਕੱਸੀਆਂ ਫੌਰੀ ਚਾਲੂ ਕਰਨ, ਦਰਿਆਵਾਂ ਵਿੱਚ ਅਤੇ ਧਰਤੀ ਹੇਠ ਬੋਰ ਕਰਕੇ ਸਨਅਤਾਂ ਵੱਲੋਂ ਜ਼ਹਿਰੀਲਾ ਮਾਦਾ ਸੁੱਟਣਾ ਬੰਦ ਕੀਤਾ ਜਾਵੇ, ਨਹਿਰਾਂ ਦੇ ਤਲੇ ਪੱਕੇ ਨਾ ਕਰਨ ਸਮੇਤ ਨਹਿਰੀ ਪਾਣੀ ਨਾਲ ਸਬੰਧਤ ਮੰਗਾਂ ਕੀਤੀਆਂ। ਮਹਾਂਪੰਚਾਇਤ ਵਿਚ ਮੁੱਖ ਮੰਤਰੀ ਨਾਲ ਇਸ ਮਸਲੇ ਤੇ ਮੀਟਿੰਗ ਕਰਵਾਉਣ ਦੀ ਮੰਗ ਕੀਤੀ ਅਤੇ ਮੁੱਖ ਮੰਤਰੀ ਦਫਤਰ ਵੱਲ ਮਾਰਚ ਕਰਨ ਦਾ ਐਲਾਨ ਕੀਤਾ। ਜਿਸਦੇ ਤਹਿਤ ਐੱਸਡੀਐਮ ਧੂਰੀ ਵੱਲੋਂ ਲਿਖਤੀ ਪੱਤਰ ਦੇ ਕੇ 13 ਮਾਰਚ ਨੂੰ ਮੁੱਖ ਮੰਤਰੀ ਨਾਲ ਚੰਡੀਗੜ੍ਹ ਦਫਤਰ ਵਿਖੇ ਮੀਟਿੰਗ ਤੈਅ ਕਰਵਾਈ। ਇਸ ਮੌਕੇ ਨਹਿਰੀ ਪਾਣੀ ਪ੍ਰਾਪਤੀ ਸੰਘਰਸ਼ ਕਮੇਟੀ ਦੇ ਪ੍ਰਧਾਨ ਅਤੇ ਕਿਰਤੀ ਕਿਸਾਨ ਯੂਨੀਅਨ ਦੇ ਜਿਲ੍ਹਾ ਪ੍ਰਧਾਨ ਜਰਨੈਲ ਸਿੰਘ ਜਹਾਂਗੀਰ ਨੇ ਐਲਾਨ ਕੀਤਾ ਕਿ ਜੇਕਰ ਮੁੱਖ ਮੰਤਰੀ ਨਾਲ ਮੀਟਿੰਗ ਨਾ ਹੋਈ ਤਾਂ ਮਈ ਦੇ ਪਹਿਲੇ ਅੱਧ ਵਿੱਚ ਮੁੱਖ ਮੰਤਰੀ ਦਫ਼ਤਰ ਅੱਗੇ ਇਕ ਹਫ਼ਤੇ ਲਈ ਮੋਰਚਾ ਲਾਇਆ ਜਾਵੇਗਾ।





ਇਸ ਮੌਕੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਪਹੁੰਚੇ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਆਗੂ ਰਾਮਿੰਦਰ ਸਿੰਘ ਪਟਿਆਲਾ ਨੇ ਕਿਹਾ ਕਿ ਜਿੱਥੇ ਪੰਜਾਬ ਦੀਆਂ ਸਰਕਾਰਾਂ ਪਾਣੀਆਂ ਦੇ ਮੁੱਦੇ ਤੇ ਸੰਜੀਦਾ ਨਹੀਂ ਰਹੀਆਂ ਅਤੇ ਪੰਜਾਬ ਦੇ ਪੱਖ ਚ ਦਿੜ੍ਹ ਫੈਸਲਾ ਲੈਣ ਖੁੰਝੀਆਂ। ਕੇਂਦਰ ਸਰਕਾਰ ਨੇ ਵੀ ਪਾਣੀਆਂ ਸਬੰਧੀ ਕੌਮਾਂਤਰੀ ਪੱਧਰ ਤੇ ਮਾਨਤਾ ਪ੍ਰਾਪਤ 'ਰਾਇਪੇਰੀਅਨ ਸਿਧਾਂਤ' ਨੂੰ ਪਾਸੇ ਰੱਖ ਕੇ ਅਤੇ ਸੰਵਿਧਾਨ ਦੇ ਉਲਟ ਜਾ ਕੇ ਪੰਜਾਬ ਦੇ ਕਰੀਬ 75 ਫੀਸਦੀ ਦਰਿਆਈ ਪਾਣੀ ਦੂਜੇ ਸੂਬਿਆਂ ਨੂੰ ਦਿੱਤੇ। ਜਿਸ ਕਾਰਨ ਸਾਨੂੰ ਆਪਣੀ ਖੇਤੀ ਅਤੇ ਹੋਰ ਲੋੜਾਂ ਪੂਰੀਆਂ ਕਰਨ ਲਈ ਕਰੀਬ 80 ਫੀਸਦੀ ਪਾਣੀ ਧਰਤੀ ਹੇਠੋਂ ਕੱਢਣਾ ਪਿਆ ਜਿਸ ਕਾਰਨ ਅੱਜ ਪੰਜਾਬ ਦੀ ਧਰਤੀ ਹੇਠ ਸਿਰਫ਼ 15 ਸਾਲਾਂ ਦਾ ਪਾਣੀ ਬਚਿਆ ਹੈ।ਹਰੇਕ ਪੰਜਾਬੀ ਦਾ ਫਰਜ਼ ਹੈ ਕਿ ਉਹ ਪਾਣੀਆਂ ਦੀ ਲੜਾਈ 'ਚ ਸਾਥ ਦੇਵੇ। ਇਸ ਮੌਕੇ ਪੰਜਾਬ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਰੁਲਦੂ ਸਿੰਘ ਮਾਨਸਾ ਨੇ ਕਿਹਾ ਕਿ ਪਾਣੀਆਂ ਦਾ ਮਸਲਾ ਸੂਬਿਆਂ ਦੇ ਅਧਿਕਾਰ ਖੇਤਰ ਦਾ ਮਸਲਾ ਹੈ ਸੰਵਿਧਾਨ ਮੁਤਾਬਕ ਪੰਜਾਬ ਵਿਚੋਂ ਲੰਘਦੇ ਦਰਿਆਵਾਂ, ਉਨ੍ਹਾਂ ਤੇ ਬਣੇ ਹੈੱਡਵਰਕਸਾਂ ਤੇ ਪੰਜਾਬ ਦਾ ਹੱਕ ਹੈ। ਕੇਂਦਰ ਨੇ ਡੈਮ ਸੇਫ਼ਟੀ ਐਕਟ 2021 ਬਣਾ ਕੇ ਪੰਜਾਬ ਸਮੇਤ ਦੇਸ਼ ਭਰ ਦੇ 5200 ਦੇ ਕਰੀਬ ਡੈਮਾਂ ਦਾ ਕੰਟਰੋਲ ਆਪਣੇ ਹੱਥ 'ਚ ਲੈ ਲਿਆ ਹੈ ਜੋ ਸੂਬਿਆਂ ਦੇ ਅਧਿਕਾਰਾਂ ਤੇ ਡਾਕਾ ਹੈ। ਪੰਜਾਬ ਸਰਕਾਰ ਨੂੰ ਕੇਂਦਰ ਖਿਲਾਫ ਇਹ ਲੜਾਈ ਵੀ ਲੜਣੀ ਚਾਹੀਦੀ ਹੈ। ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾ ਸਕੱਤਰ ਮੇਜਰ ਸਿੰਘ ਪੁੰਨਾਂਵਾਲ ਨੇ ਕਿਹਾ ਕਿ ਪੰਜਾਬ ਦੇ 153 ਵਿਚੋਂ 117 ਜੋਨ ਡਾਰਕ ਐਲਾਨ ਦਿੱਤੇ ਗਏ। ਪੰਜਾਬ ਦੇ ਲੋਕਾਂ ਦੀ ਜ਼ਿੰਦਗੀ ਬਚਾਉਣ ਲਈ ਇਹ ਅਪੀਲ ਹੈ ਕਿ ਪੰਜਾਬ ਦੇ ਹਰੇਕ ਖੇਤ ਤੱਕ ਨਹਿਰੀ ਪਾਣੀ ਪਹੁੰਚਦਾ ਕੀਤਾ ਜਾਵੇ। ਕਿਰਤੀ ਕਿਸਾਨ ਯੂਨੀਅਨ ਦੇ ਜਿਲ੍ਹਾ ਸਕੱਤਰ ਦਰਸ਼ਨ ਸਿੰਘ ਕੂੰਨਰਾਂ, ਬੀਕੇਯੂ ਡਕੌਂਦਾ ਦੇ ਜ਼ਿਲ੍ਹਾ ਪ੍ਰਧਾਨ ਕਰਮਜੀਤ ਸਿੰਘ ਛੰਨਾਂ, ਬੀਕੇਯੂ ਉਗਰਾਹਾਂ ਦੇ ਬਲਾਕ ਪ੍ਰਧਾਨ ਮਲਕੀਤ ਸਿੰਘ ਹੇੜੀਕੇ, ਬੀਕੇਯੂ ਰਾਜੇਵਾਲ ਦੇ ਬਲਾਕ ਪ੍ਰਧਾਨ ਗੁਰਜੀਤ ਸਿੰਘ, ਨਹਿਰੀ ਪਾਣੀ ਪ੍ਰਾਪਤੀ ਸੰਘਰਸ਼ ਕਮੇਟੀ ਦੇ ਜੋਨ ਮਾਲੇਰਕੋਟਲਾ ਦੇ ਪ੍ਰਧਾਨ ਮੱਘਰ ਸਿੰਘ ਭੂੰਦਨ, ਸੁਖਵਿੰਦਰ ਸਿੰਘ ਚੂੰਘਾਂ, ਹਰਦੇਵ ਸਿੰਘ ਬੜੀ, ਪਰਮੇਲ ਸਿੰਘ ਹਥਨ, ਅਮਨਦੀਪ ਸਿੰਘ ਕਲੇਰਾਂ ਨੇ ਕਿਸਾਨਾਂ ਦੀ ਨਹਿਰੀ ਪਾਣੀ ਸਬੰਧੀ ਗੱਲ ਨਾ ਸੁਣਨ ਤੇ ਸਰਕਾਰ ਦੀ ਤਿੱਖੇ ਸ਼ਬਦਾਂ 'ਚ ਨੁਕਤਾਚੀਨੀ ਕਰਦਿਆਂ ਕਿਹਾ ਕੇ ਲੋਕ ਪਿਛਲੇ ਛੇ ਮਹੀਨਿਆਂ ਤੋਂ ਨਹਿਰੀ ਪਾਣੀ ਦੀ ਮੰਗ ਕਰ ਰਹੇ ਨੇ ਪਰ ਸਰਕਾਰ ਦੇ ਕੰਨਾਂ ਤੇ ਅਜੇ ਤੱਕ ਜੂੰ ਨਹੀਂ ਸਰਕੀ। ਇਸ ਮਸਲੇ ਤੇ ਸਰਕਾਰ ਐਕਸ਼ਨ ਲਵੇ ਨਹੀਂ ਤਾਂ ਆਉਣ ਵਾਲੇ ਸਮੇਂ ਵਿੱਚ ਲੋਕਾਂ ਦੇ ਤਿੱਖੇ ਰੋਹ ਦਾ ਸਾਹਮਣਾ ਕਰਨ ਲਈ ਤਿਆਰ ਰਹੇ। ਸਟੇਜ ਸਕੱਤਰ ਦੀ ਭੂਮਿਕਾ ਕਿਰਤੀ ਕਿਸਾਨ ਯੂਨੀਅਨ ਦੇ ਯੂਥ ਵਿੰਗ ਦੇ ਸੂਬਾ ਕਨਵੀਨਰ ਭੁਪਿੰਦਰ ਸਿੰਘ ਨੇ ਬਾਖ਼ੂਬੀ ਨਿਭਾਈ ਅਤੇ ਕਵੀਸ਼ਰੀ ਜਥਾ ਰਸੂਲਪੁਰ ਨੇ ਇਨਕਲਾਬੀ ਕਵੀਸ਼ਰੀਆਂ ਪੇਸ਼ ਕੀਤੀਆਂ। ਇਨ੍ਹਾਂ ਤੋਂ ਬਿਨਾਂ ਮੇਹਰ ਸਿੰਘ ਈਸਾਪੁਰ ਲੰਡਾ, ਅਮਰੀਕ ਸਿੰਘ ਕਾਂਝਲਾ, ਸੁਰਜੀਤ ਸਿੰਘ ਪ੍ਰਧਾਨ ਭੂਤਗੜ, ਬਲਵੀਰ ਸਿੰਘ ਰਾਏਧਰਾਣਾ, ਲਛਮਣ ਸਿੰਘ ਰੁੜਕਾ, ਗੁਰਜੰਟ ਸਿੰਘ ਚਾਂਗਲੀ, ਬਾਬੂ ਸਿੰਘ ਦੋਹਲਾ, ਹਰਜੀਤ ਸਿੰਘ ਬਧੇਸ਼ਾ, ਗੁਰਮੁੱਖ ਸਿੰਘ ਚੂੰਘਾਂ, ਜਸਦੀਪ ਸਿੰਘ ਬਹਾਦਰਪੁਰ, ਸੁਰਿੰਦਰ ਸਿੰਘ ਲੌਂਗੋਵਾਲ ਨੇ ਵੀ ਸੰਬੋਧਨ ਕੀਤਾ।

# ਸੰਗਰੂਰ ਅਫਸਰ ਕਲੋਨੀ ਪਾਰਕ ਵਿੱਚ ਵਿਸ਼ਵ ਔਰਤ ਦਿਵਸ ਮਨਾਇਆ





**ਸੰਗਰੂਰ, (ਦਲਜੀਤ ਕੌਰ)**–ਸਥਾਨਕ ਅਫਸਰ ਕਲੋਨੀ ਪਾਰਕ ਵਿੱਚ ਗਰਾਮ ਪੰਚਾਇਤ, ਸੈਨੀਟੇਸ਼ਨ ਕਮੇਟੀ ਤੇ ਪਾਰਕ ਵੈਲਫੇਅਰ ਸੁਸਾਇਟੀ ਦੁਆਰਾ ਸਮੂਹਕ ਰੂਪ ਵਿੱਚ ਅੰਤਰ-ਰਾਸ਼ਟਰੀ ਔਰਤ ਦਿਵਸ ਮਨਾਇਆ ਗਿਆ। ਇਸ ਸਮੇਂ ਪ੍ਰੋਗਰਾਮ ਵਿੱਚ ਸ਼ਾਮਲ ਕਲੋਨੀ ਨਿਵਾਸੀਆਂ ਨੂੰ ਸੰਬੋਧਨ ਕਰਦਿਆਂ ਸਰਪੰਚ ਸੁਰਿੰਦਰ ਸਿੰਘ ਭਿੰਡਰ, ਮਾਸਟਰ ਪਰਮਵੇਦ ਤੇ ਕ੍ਰਿਸ਼ਨ ਸਿੰਘ ਨੇ ਕਿਹਾ ਕਿ ਇਹ ਦਿਨ ਹਰ ਸਾਲ 8 ਮਾਰਚ ਨੂੰ ਔਰਤ ਜਾਗਰਿਤੀ ਪ੍ਰਾਪਤੀ ਤੇ ਔਰਤ ਸਨਮਾਨ ਦਿਵਸ ਦੇ ਤੌਰ ਤੇ ਮਨਾਇਆ ਜਾਂਦਾ ਹੈ। ਇਹ ਦਿਨ ਕੁੱਝ ਦੇਸ਼ਾਂ ਵਿੱਚ 1910 ਵਿੱਚ ਔਰਤਾਂ ਨੂੰ ਸਮਾਨਤਾ ਦਾ ਅਧਿਕਾਰ ਦਵਾਉਣ ਲਈ ਮਨਾਉਣਾ ਸ਼ੁਰੂ ਹੋਇਆ ਪਰ ਸੰਯੁਕਤ ਰਾਸ਼ਟਰ ਨੇ 1975 ਵਿੱਚ ਮਾਨਤਾ ਦਿੱਤੀ। ਇਸ ਮਰਦ ਪ੍ਰਧਾਨ ਸਮਾਜ ਵਿੱਚ ਔਰਤਾਂ ਨੂੰ ਅਧਿਕਾਰਾਂ ਪ੍ਰਤੀ ਜਾਗਰੂਕ ਕਰਨ ਲਈ ਇਹ ਦਿਨ ਮਹੱਤਵ ਪੂਰਨ ਪ੍ਰਾਪਤੀ ਮੰਨਿਆਂ ਜਾਂਦਾ ਹੈ। ਔਰਤਾਂ ਨੂੰ ਹਰ ਖੇਤਰ ਵਿੱਚ ਸਮਾਨ ਅਧਿਕਾਰ ਦਵਾਉਣਾ ਇਸ ਦਿਵਸ ਦਾ ਮੁਖ ਉਦੇਸ਼ ਹੈ। ਔਰਤਾਂ ਸਾਡੇ ਸਮਾਜ ਤੇ ਜੀਵਨ ਦਾ ਮਹੱਤਵ ਪੂਰਨ ਹਿੱਸਾ ਹਨ। ਉਨਾਂ ਕਿਹਾ ਕਿ ਔਰਤਾਂ ਨੂੰ ਮੌਕੇ ਮਿਲਣ ਤਾਂ ਉਹ ਹਰ ਖੇਤਰ ਵਿੱਚ ਬੁਲੰਦੀਆਂ ਤੇ ਪਹੁੰਚ ਸਕਦੀਆਂ ਹਨ। ਇਸ ਲਈ ਮਨੁੱਖ ਨੂੰ ਔਰਤਾਂ ਪ੍ਰਤੀ ਆਪਣੀ ਮਾਨਸਿਕਤਾ



ਬਦਲਦੇ ਹੋਏ ਔਰਤਾਂ ਨੂੰ ਘਰਾਂ, ਪਰਿਵਾਰਾਂ, ਸਮਾਜ ਵਿੱਚ ਪੂਰਨ ਸਮਾਜਿਕ ਸੁਰੱਖਿਆ, ਪੂਰਾ ਸਤਿਕਾਰ, ਸਮਾਨਤਾ ਤੇ ਅੱਗੇ ਵਧਣ ਦੇ ਪੂਰੇ ਮੌਕੇ ਦੇਣੇ ਚਾਹੀਦੇ ਹਨ। ਮੈਡਮ ਅਮ੍ਰਿਤਪਾਲ ਕੌਰ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਪ੍ਰੋਫੈਸਰ ਸੰਤੋਖ ਕੌਰ ਨੇ ਸਮਾਜ ਲਈ ਆਪਣੇ ਵਲੋਂ ਕੀਤੇ ਜਾਂਦੇ ਕੰਮਾਂ, ਵਿਦਿਆਰਥੀਆਂ ਨੂੰ ਦਿਤੇ ਸਹਿਯੋਗ ਤੇ ਖੇਡਾਂ ਵਿਚ ਕੀਤੀਆਂ ਪ੍ਰਪਤੀਆਂ ਦਾ ਜਿਕਰ ਕੀਤਾ। ਇਸ ਸਮੇਂ ਉਪਰੋਕਤ ਸਮੇਤ ਹਾਜਰ ਪਤਵੰਤਿਆਂ ਵਲੋਂ ਸਮੂਹਕ ਰੂਪ ਵਿੱਚ ਬੰਗਲੂਰ ਵਿਖੇ ਹੋਏ ਕੌਮੀ ਰੋਲਰ ਹਾਕੀ ਮੁਕਾਬਲੇ ਵਿੱਚ ਕਲੋਨੀ ਦੀਆਂ ਕੁੜੀਆਂ ਵੱਲੋਂ ਮੈਡਲ ਪ੍ਰਾਪਤ ਕਰਨ ਬਦਲੇ ਮਨਸੀਰਤ (ਕਾਂਸੀ) ਨਿਆਮਤ (ਗੋਲਡ ਮੈਡਲ), ਜਪਨਜੋਤ ਰਾਓ (ਸਟੇਟ ਕਾਂਸੀ, ਓਪਨ ਨੈਸ਼ਨਲ ਚੰਡੀਗੜ੍ਹ ਕਾਂਸੀ) ਨੂੰ ਉਨ੍ਹਾਂ ਦੇ ਮਾਪਿਆਂ ਸਮੇਤ ਸਨਮਾਨਿਤ ਕੀਤਾ ਗਿਆ ਤੇ ਪ੍ਰੋਫੈਸਰ ਸੰਤੋਖ ਨੂੰ ਕੁਰਕਸ਼ੇਤਰ ਵਿੱਚ ਹੋਈਆਂ ਸੀਨੀਅਰਾਂ ਦੀ ਦੌੜਾਂ ਵਿੱਚ ਪ੍ਰਾਪਤ ਗੋਲਡ ਮੈਡਲ ਕਰਕੇ ਸਨਮਾਨਿਤ ਕੀਤਾ ਗਿਆ। ਕਲੋਨੀ ਦੀਆਂ ਔਰਤਾਂ ਅਮ੍ਰਿਤਪਾਲ ਕੌਰ, ਸੁਨੀਤਾ ਰਾਣੀ, ਰੀਤੂ ਬਾਂਸਲ, ਵਨੀਤਾ ਜੈਨ, ਬਿਮਲ ਕੌਰ, ਬਲਜਿੰਦਰ ਕੌਰ ਨੂੰ ਪਾਰਕ ਵਿੱਚ ਕਰਵਾਈਆਂ ਜਾਂਦੀਆਂ ਖੇਡਾਂ ਵਿੱਚ ਪਾਏ ਯੋਗਦਾਨ ਕਰਕੇ ਸਨਮਾਨਿਤ ਕੀਤਾ ਗਿਆ। ਇਸ ਸਮੇਂ ਉਪਰੋਕਤ ਸਮੇਤ ਨਵਦੀਪ ਕੌਰ ਹਰਦੀਪ ਕੌਰ, ਸੁਰਿੰਦਰ ਕੌਰ, ਜਸਵੀਰ ਕੌਰ, ਕਮਲਾ ਰਾਣੀ, ਇਕਬਾਲ ਕੌਰ, ਸੁਦੇਸ਼ ਕੁਮਾਰ ਸਿੰਗਲਾ, ਸੁਨੀਲ ਕੁਮਾਰ ਚੌਹਾਨ, ਐਡਵੋਕੇਟ ਕੁਲਦੀਪ ਜੈਨ, ਐਡਵੋਕੇਟ ਹਿਤੇਸ਼ ਜਿੰਦਲ, ਗੁਰਮੀਤ ਸਿੰਘ, ਇੰਜਨੀਅਰ ਹਰੀ ਸਿੰਘ, ਕੁਲਦੀਪ ਜੋਸ਼ੀ, ਹਰਬੰਸ ਲਾਲ ਜਿੰਦਲ, ਗੁਰਮੇਲ ਸਿੰਘ, ਇੰਦਰਜੀਤ ਸਿੰਘ, ਕੁਲਵੰਤ ਸਿੰਘ, ਗੁਲਜਾਰ ਸਿੰਘ, ਬਿੱਕਰ ਸਿੰਘ, ਗੁਰਤੇਜ ਚਹਿਲ, ਜਗਦੀਸ਼ ਸਿਦਾਰ, ਗੁਰਬਾਜ਼ ਸਿੰਘ ਆਦਿ ਕਲੋਨੀ ਨਿਵਾਸੀਆਂ ਨੇ ਸ਼ਮੂਲੀਅਤ ਕੀਤੀ।

# ਪੰਜਾਬ ਸਰਕਾਰ ਤੁਹਾਡੇ ਦੁਆਰ ਮੁਹਿੰਮ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਨੇ ਕੋਟੜਾ ਲਹਿਲ 'ਚ ਲਾਇਆ ਸੁਵਿਧਾ ਕੈਂਪ

**ਧੂਰੀ, (ਦਲਜੀਤ ਕੌਰ)** ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਦੀਆਂ ਹਦਾਇਤਾਂ 'ਤੇ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਨਜ਼ਦੀਕ ਹੀ ਵੱਖ-ਵੱਖ ਸਰਕਾਰੀ ਸੇਵਾਵਾਂ ਮੁਹੱਈਆ ਕਰਵਾਉਣ ਲਈ ਚਲਾਈ ਜਾ ਰਹੀ 'ਪੰਜਾਬ ਸਰਕਾਰ ਤੁਹਾਡੇ ਦੁਆਰ' ਮੁਹਿੰਮ ਤਹਿਤ ਅੱਜ ਸਬ ਡਵੀਜ਼ਨ ਲਹਿਰਾ ਦੇ ਪਿੰਡ ਕੋਟੜਾ ਲਹਿਲ ਵਿਖੇ ਸੁਵਿਧਾ ਕੈਂਪ ਲਾਇਆ ਗਿਆ। ਡਿਪਟੀ ਕਮਿਸ਼ਨਰ ਸੰਗਰੂਰ ਸ਼੍ਰੀ ਜਤਿੰਦਰ ਜੋਰਵਾਲ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਉਪ ਮੰਡਲ ਮੈਜਿਸਟਰੇਟ ਲਹਿਰਾ ਸ਼੍ਰੀ ਸੂਬਾ ਸਿੰਘ ਨੇ ਇਸ ਕੈਂਪ ਦੀ ਨਿਗਰਾਨੀ ਕੀਤੀ ਅਤੇ ਇੱਥੇ ਪਹੁੰਚਣ ਵਾਲੇ ਲੋਕਾਂ ਦੀਆਂ ਸਰਕਾਰੀ ਵਿਭਾਗਾਂ ਨਾਲ ਸਬੰਧਤ ਸਮੱਸਿਆਵਾਂ ਦੇ ਢੁੱਕਵੇਂ ਹੱਲ ਨੂੰ ਯਕੀਨੀ ਬਣਾਇਆ। ਇਸ ਮੌਕੇ ਕਈ ਸ਼ਿਕਾਇਤਾਂ ਦਾ ਮੌਕੇ ਤੇ ਹੀ ਨਿਪਟਾਰਾ ਕੀਤਾ ਗਿਆ ਅਤੇ ਬਾਕੀ ਦੇ ਢੁਕਵੇਂ ਹੱਲ ਲਈ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ। ਡਿਪਟੀ ਕਮਿਸ਼ਨਰ





ਜਤਿੰਦਰ ਜੋਰਵਾਲ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀਆਂ ਹਦਾਇਤਾਂ 'ਤੇ ਇਨ੍ਹਾਂ ਸੁਵਿਧਾ ਕੈਂਪਾਂ 'ਚ ਆਪਣੇ ਮਸਲੇ, ਸ਼ਿਕਾਇਤਾਂ ਜਾਂ ਕੋਈ ਹੋਰ ਪ੍ਰਸ਼ਾਸਨਿਕ ਕੰਮ ਕਰਵਾਉਣ ਲਈ ਆਉਣ ਵਾਲੇ ਲੋਕਾਂ ਨੂੰ ਮੌਕੇ 'ਤੇ ਹੀ ਬਣਦੀ ਰਾਹਤ ਪ੍ਰਦਾਨ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਸੰਗਰੂਰ ਲੋਕਾਂ ਨੂੰ ਪਾਰਦਰਸ਼ੀ ਅਤੇ ਜਵਾਬਦੇਹ ਪ੍ਰਸ਼ਾਸਨ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ ਅਤੇ ਇਸ ਲਈ ਅਧਿਕਾਰੀਆਂ ਵੱਲੋਂ ਤਨਦੇਹੀ ਨਾਲ ਆਪਣੀ ਜ਼ਿੰਮੇਵਾਰੀ ਨਿਭਾਈ ਜਾ ਰਹੀ ਹੈ। 'ਪੰਜਾਬ ਸਰਕਾਰ ਤੁਹਾਡੇ ਦੁਆਰ' ਮੁਹਿੰਮ ਤਹਿਤ ਇਸ ਕੈਂਪ ਵਿਚ ਮਾਲ ਵਿਭਾਗ ਨਾਲ ਸਬੰਧਤ ਵੱਖ ਵੱਖ ਸਰਕਾਰੀ ਸੇਵਾਵਾਂ ਦੇ ਨਾਲ-ਨਾਲ ਲੋਕਾਂ ਨਾਲ ਸਿੱਧੇ ਤੌਰ 'ਤੇ ਸਬੰਧਤ ਵਿਭਾਗਾਂ ਜਿਵੇਂ ਸਿਹਤ ਵਿਭਾਗ, ਪੰਚਾਇਤ ਵਿਭਾਗ, ਮਗਨਰੇਗਾ, ਸਮਾਜਿਕ ਸੁਰੱਖਿਆ ਵਿਭਾਗ, ਖੇਤੀਬਾੜੀ ਤੇ ਹੋਰ ਸਹਾਇਕ ਧੰਦਿਆਂ ਨਾਲ ਸਬੰਧਤ ਵਿਭਾਗ ਆਦਿ ਦੇ ਅਧਿਕਾਰੀਆਂ ਵੱਲੋਂ ਬਿਨੈ ਪੱਤਰਾਂ 'ਤੇ ਢੁਕਵੀਂ ਕਾਰਵਾਈ ਅਮਲ ਵਿਚ ਲਿਆਂਦੀ ਗਈ। ਲੋਕਾਂ ਦੇ ਕੀਮਤੀ ਸਮੇਂ ਤੇ ਧਨ ਦੀ ਬੱਚਤ ਕਰਨ ਵਿੱਚ ਇਹ ਕੈਂਪ ਲਾਭਦਾਇਕ ਸਾਬਤ ਹੋ ਰਹੇ ਹਨ ਅਤੇ ਅਜਿਹੇ ਕੈਂਪਾਂ ਰਾਹੀਂ ਲੋਕਾਂ ਤੋਂ ਮਿਲਣ ਵਾਲੀ ਫੀਡਬੈਕ ਵੀ ਕਾਰਗਾਰ ਸਾਬਤ ਹੋ ਰਹੀ ਹੈ।

ਕੈਲੀਫੋਰਨੀਆ ਤੋਂ ਹੁਸਨ ਲੜੋਆ ਬੰਗਾ

# ਡਾ ਸੋਨੀਆ ਕੈਲੀਫੋਰਨੀਆ ਕਮਿਊਨਿਟੀ ਕਾਲਜਜ਼ ਦੀ ਅਗਲੀ ਸਥਾਈ ਚਾਂਸਲਰ ਨਿਯੁਕਤ

**ਸੈਕਰਾਮੈਂਟੋ–** ਡਾ ਸੋਨੀਆ ਕ੍ਰਿਸਚੀਅਨ ਕੈਲੀਫੋਰਨੀਆ ਕਮਿਊਨਿਟੀ ਕਾਲਜਜ਼ ਦੀ ਅਗਲੀ ਸਥਾਈ ਚਾਂਸਲਰ ਹੋਵੇਗੀ। ਉਹ ਪਹਿਲੀ ਦੱਖਣ ਏਸ਼ੀਅਨ ਮੂਲ ਦੀ ਔਰਤ ਹੈ ਜਿਸ ਨੂੰ ਇਹ ਮਾਣ ਪ੍ਰਾਪਤ ਹੋਇਆ ਹੈ। ਕੈਲੀਫੋਰਨੀਆ ਕਮਿਊਨਿਟੀ ਕਾਲਜਜ਼ ਅਮਰੀਕਾ ਵਿਚ ਉੱਚ ਸਿੱਖਿਆ ਦਾ ਸਭ ਤੋਂ ਵੱਡਾ ਸਿਸਟਮ ਹੈ ਜੋ 73 ਜਿਲਿਆਂ ਤੇ 116 ਕਾਲਜਾਂ ਉਪਰ ਅਧਾਰਤ ਹੈ। ਡਾ ਕ੍ਰਿਸਚੀਅਨ ਜੋ ਕਾਲਜ ਸਿਸਟਮ ਦੀ 11 ਵੀਂ ਸਥਾਈ ਚਾਂਸਲਰ ਹੋਵੇਗੀ, ਦੀ ਚੋਣ ਕੈਲੀਫੋਰਨੀਆ ਕਮਿਊਨਿਟੀ ਕਾਲਜਜ਼ ਬੋਰਡ ਆਫ ਗਵਰਨਰਜ਼ ਵੱਲੋਂ ਸਰਬਸੰਮਤੀ ਨਾਲ ਕੀਤੀ ਗਈ। ਉਨਾਂ ਨੇ ਆਪਣੀ ਬੀ ਐਸ ਸੀ ਦੀ ਡਿਗਰੀ ਯੁਨੀਵਰਸਿਟੀ ਆਫ ਕੇਰਲਾ ਤੋਂ ਲਈ ਸੀ। ਬੋਰਡ ਆਫ ਗਵਰਨਰਜ਼ ਦੇ ਪ੍ਰਧਾਨ ਐਮੀ ਐਮ ਕੋਸਟਾ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਕੈਲੀਫੋਰਨੀਆ ਕਮਿਊਨਿਟੀ ਕਾਲਜਾਂ ਦੇ 18 ਲੱਖ ਵਿਦਿਆਰਥੀਆਂ ਤੇ ਸਟਾਫ ਦੀ ਤਰਫੋਂ ਅਸੀਂ ਨਵੇਂ ਚਾਂਸਲਰ ਡਾ ਸੋਨੀਆ ਨੂੰ ਜੀ ਆਇਆਂ ਕਹਿੰਦੇ ਹਾਂ। ਜੁਲਾਈ 2021 ਵਿਚ ਕ੍ਰਿਸਚੀਅਨ ਨੂੰ ਕਰਨ ਕਮਿਊਨਿਟੀ ਕਾਲਜ ਡਿਸਟ੍ਰਿਕਟ ਦੀ ਚਾਂਸਲਰ ਨਿਯੁਕਤ ਕੀਤਾ ਗਿਆ ਸੀ ਜਿਥੇ ਉਨਾਂ ਨੇ ਆਪਣੀ ਯੋਗਤਾ ਦਾ ਲੋਹਾ ਮਨਵਾਇਆ।



# ਕੈਲੀਫੋਰਨੀਆ ਵਿਚ ਬਦਲਿਆ ਮੌਸਮ ਦਾ ਮਿਜਾਜ਼, ਗਵਰਨਰ ਵੱਲੋਂ ਹੰਗਾਮੀ ਸਥਿਤੀ ਦਾ ਐਲਾਨ

**ਸੈਕਰਾਮੈਂਟੋ–** ਭਾਰੀ ਬਰਫ਼ਬਾਰੀ ਤੇ ਸੀਤ ਲਹਿਰ ਕਾਰਨ ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਊਸੋਮ ਵੱਲੋਂ 13 ਕਾਊਂਟੀਆਂ ਵਿਚ ਹੰਗਾਮੀ ਸਥਿੱਤੀ ਦਾ ਐਲਾਨ ਕੀਤਾ ਗਿਆ ਹੈ। ਸਭ ਤੋਂ ਵਧ ਸੈਨ ਬਰਨਰਡੀਨੋ ਕਾਊਂਟੀ ਪ੍ਰਭਾਵਿਤ ਹੋਈ ਹੈ ਜਿਥੇ ਲੋਕਾਂ ਨੂੰ ਆਪਣੇ ਘਰਾਂ ਅਗਿਊਂ ਬਰਫ਼ ਹਟਾਉਣ ਲਈ ਭਾਰੀ ਮੁਸ਼ਕਤ ਕਰਨੀ ਪੈ ਰਹੀ ਹੈ। ਕਾਊਂਟੀ ਦੇ ਫਾਇਰ ਚੀਫ ਡੈਨ ਮੁਨਸੇ ਨੇ ਜਾਰੀ ਇਕ ਬਿਆਨ ਚਿ ਕਿਹਾ ਹੈ ਕਿ ਕਈ



ਲੋਕਾਂ ਨੂੰ ਬਚਾਇਆ ਗਿਆ ਹੈ ਹਾਲਾਂ ਕਿ ਕਿਸੇ ਦੇ ਗੰਭੀਰ ਜ਼ਖਮੀ ਹੋਣ ਜਾਂ ਕੋਈ ਮੌਤ ਹੋਣੀ ਦੀ ਕੋਈ ਖ਼ਬਰ ਨਹੀਂ ਹੈ। ਉਨਾਂ ਕਿਹਾ ਕਿ ਅਸੀਂ ਲੋਕਾਂ ਵੱਲੋਂ ਆ ਰਹੇ ਫੋਨ 'ਤੇ ਕਾਰਵਾਈ ਕਰ ਰਹੇ ਹਾਂ ਤੇ ਉਨਾਂ ਦੀ ਹਰ ਸੰਭਵ ਮਦਦ ਕੀਤੀ ਜਾ ਰਹੀ ਹੈ। ਉਨਾਂ ਨੂੰ ਸੁਰੱਖਿਅਤ ਸਥਾਨਾਂ 'ਤੇ ਭੇਜਿਆ ਜਾ ਰਿਹਾ ਹੈ। ਤਕਰੀਬਨ 70000 ਘਰਾਂ ਤੇ ਕਾਰੋਬਾਰੀ ਅਦਾਰਿਆਂ ਦੀ ਬਿਜਲੀ ਗੁੱਲ ਹੋ ਜਾਣ ਦੀ ਵੀ ਰਿਪੋਰਟ ਹੈ ਜਿਸ ਨੂੰ ਬਹਾਲ ਕਰਨ ਦੇ ਯਤਨ ਕੀਤੇ ਜਾ ਰਹੇ ਹਨ।

# ਅਮਰੀਕਾ ਵਿਚ ਲਾਪਤਾ ਭਾਰਤੀ ਮੂਲ ਔਰਤ ਦੀ ਭੇਦਭਰੀ ਮੌਤ, ਲਾਸ਼ ਬਰਾਮਦ

**ਸੈਕਰਾਮੈਂਟੋ–** ਭਾਰਤੀ ਮੂਲ ਦੀ ਔਰਤ ਜੋ 25 ਜਨਵਰੀ ਤੋਂ ਲਾਪਤਾ ਸੀ, ਦੀ ਭੇਦਭਰੀ ਹਾਲਤ ਵਿਚ ਮੌਤ ਹੋ ਜਾਣ ਦੀ ਖ਼ਬਰ ਹੈ। ਉਸ ਦਾ ਪਤੀ ਮਾਈਕਰੋ ਸਾਫਟ ਵਿਚ ਸਾਫਟ ਵੇਅਰ ਇੰਜੀਨੀਅਰ ਹੈ। ਸੂਜਨਿਯਾ ਰਾਮਾਮੂਰਤੀ (30) ਆਪਣੇ ਪਤੀ ਮੁਡੰਬੀ ਐਸ ਸ਼੍ਰੀਵਤਸਾ ਨਾਲ ਰੈਡਮੌਂਡ (ਕਿੰਗ ਕਾਊਂਟੀ) ਵਿਚ ਰਹਿੰਦੀ ਸੀ। ਪੁਲਿਸ ਨੇ ਉਸ ਦੀ ਲਾਸ਼ ਲੇਕ ਸ਼ਾਮਾਮਿਸ਼ ਖੇਤਰ ਵਿਚੋਂ ਬਰਾਮਦ ਕੀਤੀ ਹੈ। ਆਖਰੀ ਵਾਰ ਉਸ ਨੂੰ ਸਿਆਟਲ ਤੋਂ 8 ਕਿਲੋਮੀਟਰ ਦੂਰ ਰੈਡਮੌਂਡ ਵਿਚ ਪਾਰਕ ਮੈਰੀਮੂਰ ਬੈਲ ਅਪਾਰਟਮੈਂਟਸ



ਨੇੜੇ ਵੇਖਿਆ ਗਿਆ ਸੀ। ਪੁਲਿਸ ਨੇ ਕਿਹਾ ਹੈ ਕਿ ਉਹ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ ਤੇ ਅਜੇ ਤੱਕ ਇਸ ਸਬੰਧੀ ਕੋਈ ਗ੍ਰਿਫ਼ਤਾਰੀ ਨਹੀਂ ਕੀਤੀ ਹੈ। ਦੂਸਰੇ ਪਾਸੇ ਮੀਡਆ ਰਿਪੋਰਟਾਂ ਅਨੁਸਾਰ ਮ੍ਰਿਤਕ ਦੇ ਸਿਰ ਉਪਰ ਹਥੌੜੇ ਵਰਗੀ ਕਿਸੇ ਚੀਜ਼ ਨਾਲ ਕਈ ਵਾਰ ਕੀਤੇ ਗਏ ਜਿਸ ਕਾਰਨ ਉਸ ਦੀ ਮੌਤ ਹੋਈ ਹੈ। ਭਾਰਤੀ ਭਾਈਚਾਰੇ ਵੱਲੋਂ ਉਸ ਦੀ ਲਾਸ਼ ਮੈਸੂਰ (ਭਾਰਤ) ਭੇਜਣ ਲਈ ਪ੍ਰਬੰਧ ਕੀਤੇ ਜਾ ਰਹੇ ਹਨ। ਰਾਮਾਮੂਰਤੀ ਗਰੈਜੂਏਸ਼ਨ ਕਰਨ ਉਪਰੰਤ ਅਮਰੀਕਾ ਆਈ ਸੀ।

# ਅਮਰੀਕਾ ਵਿਚ ਜਹਾਜ਼ ਰਾਹੀਂ ਧਮਾਕਾਖੇਜ਼ ਸਮਗਰੀ ਲਿਜਾਣ ਦੇ ਯਤਨ ਵਿਚ ਇਕ ਵਿਅਕਤੀ ਗ੍ਰਿਫ਼ਤਾਰ



**ਸੈਕਰਾਮੈਂਟੋ–** ਸੰਘੀ ਪੁਲਿਸ ਵੱਲੋਂ ਅਮਰੀਕਾ ਦੇ ਪੈਨਸਿਲਵਾਨੀਆ ਰਾਜ ਦੇ ਰਹਿਣ ਵਾਲੇ ਇਕ ਵਿਅਕਤੀ ਨੂੰ ਗ੍ਰਿਫ਼ਤਾਰ ਕਰਨ ਦੀ ਖ਼ਬਰ ਹੈ ਜੋ ਲੀਹਾਈ ਵੈਲੀ ਇੰਟਰਨੈਸ਼ਨਲ ਏਅਰਪੋਰਟ ਤੋਂ ਫਲੋਰਿਡਾ ਜਾ ਰਹੇ ਜਹਾਜ਼ ਵਿਚ ਕਥਿੱਤ ਤੌਰ 'ਤੇ ਧਮਾਕਾਖੇਜ਼ ਸਮਗਰੀ ਲਿਜਾਣ ਦੇ ਯਤਨ ਵਿਚ ਸੀ। ਪ੍ਰਾਪਤ ਵੇਰਵੇ ਅਨੁਸਾਰ ਮਾਰਕ ਮਫਲੇ (40) ਨਾਮੀ ਵਿਅਕਤੀ ਦੇ ਸੂਟਕੇਸ ਵਿਚ ਧਮਕਾਖੇਜ਼ ਸਮਗਰੀ ਪਾਈ ਗਈ ਜਿਸ ਉਪਰੰਤ ਖਤਰੇ ਦਾ ਅਲਾਰਮ ਵਜਾਇਆ ਗਿਆ। ਸੁਰੱਖਿਆ ਅਮਲੇ ਨੇ ਮਾਰਕ ਮਫਲੇ ਨੂੰ ਹਵਾਈ ਅੱਡੇ ਦੀ ਸਕਿਉਰਿਟੀ ਡੈਸਕ 'ਤੇ ਆਉਣ ਲਈ ਕਿਹਾ ਪਰੰਤੂ ਉਹ ਨਹੀਂ ਆਇਆ। ਸੀ ਸੀ ਟੀ ਵੀ ਕੈਮਰਿਆਂ ਵਿਚ ਉਸ ਨੂੰ ਹਵਾਈ ਅੱਡੇ ਤੋਂ ਬਾਹਰ ਜਾਂਦਿਆਂ ਵੇਖਿਆ ਗਿਆ। ਬਾਅਦ ਵਿਚ ਉਸ ਨੂੰ ਐਫ ਬੀ ਆਈ ਨੇ ਲਾਂਸਫੋਰਡ ( ਪੈਨਸਿਲਵਾਨੀਆ) ਵਿਚਲੀ ਰਿਹਾਇਸ਼ ਤੋਂ ਬਿਨਾਂ ਕਿਸੇ ਅਣਸੁਖਾਵੀਂ ਘਟਨਾ ਦੇ ਗ੍ਰਿਫ਼ਤਾਰ ਕਰ ਲਿਆ। ਐਫ ਬੀ ਆਈ ਦੇ ਇਕ ਬੁਲਾਰੇ ਅਨੁਸਾਰ ਉਸ ਨੂੰ ਛੇਤੀ ਅਦਾਲਤ ਵਿਚ ਪੇਸ਼ ਕੀਤੇ ਜਾਣ ਦੀ ਸੰਭਾਵਨਾ ਹੈ।

# ਆਪਣੀ ਪਤਨੀ ਤੇ ਪੁੱਤਰ ਦੇ ਕਤਲ ਦੇ ਮਾਮਲੇ ਵਿਚ ਵਕੀਲ ਦੋਸ਼ੀ ਕਰਾਰ, ਹੋ ਸਕਦੀ ਹੈ ਉਮਰ ਕੈਦ

**ਸੈਕਰਾਮੈਂਟੋ–** ਦੱਖਣੀ ਕੈਰੋਲੀਨਾ ਦੀ ਇਕ ਅਦਾਲਤ ਨੇ ਆਪਣੀ ਪਤਨੀ ਤੇ ਪੁੱਤਰ ਦੇ ਕਤਲ ਦੇ ਮਾਮਲੇ ਵਿਚ ਵਕੀਲ ਰਿਚਰਡ ਅਲੈਕਸ ਮੁਰਦੌਘ ਨੂੰ ਦੋਸ਼ੀ ਕਰਾਰ ਦਿੱਤਾ ਹੈ। ਅਦਾਲਤ ਨੇ ਉਸ ਨੂੰ ਦੋ ਕਤਲਾਂ ਤੇ ਨਜਾਇਜ਼ ਹਥਿਆਰ ਰਖਣ ਲਈ ਦੋਸ਼ੀ ਕਰਾਰ ਦਿੱਤਾ। ਮੁਰਦੌਘ ਦੀ 52 ਸਾਲਾ ਪਤਨੀ ਮੈਗੀ ਤੇ 22 ਸਾਲਾ ਪੁੱਤਰ ਪਾਲ ਦੀਆਂ ਲਾਸ਼ਾਂ 7 ਜੂਨ 2021 ਨੂੰ ਡੌਗ ਕੈਨਲਸ ਨੇੜੇ ਸਥਿੱਤ ਪਰਿਵਾਰ ਦੇ ਘਰ ਵਿਚੋਂ ਬਰਾਮਦ ਕੀਤੀਆਂ ਸਨ ਜਿਨਾਂ ਦੇ ਗੋਲੀਆਂ ਵੱਜੀਆਂ ਹੋਈਆਂ ਸਨ। ਸਾਊਥ ਕੈਰੋਲੀਨਾ ਅਟਾਰਨੀ ਜਨਰਲ ਦੇ ਦਫ਼ਤਰ ਵੱਲੋਂ ਦੋਸ਼ੀ ਨੂੰ ਬਿਨਾਂ ਪੈਰੋਲ ਦੇ ਉਮਰ ਭਰ ਲਈ ਜੇਲ ਦੀ ਸਜ਼ਾ ਦੀ ਮੰਗ ਕੀਤੀ ਗਈ ਹੈ ਜਦ ਕਿ ਉਸ ਨੂੰ ਘੱਟੋ ਘੱਟ 30 ਸਾਲ ਸਜ਼ਾ ਹੋ ਸਕਦੀ ਹੈ।

# ਅਮਰੀਕਾ ਵਿਚ ਟੈਂਕਰ ਦੇ ਉਲਟਣ ਉਪਰੰਤ ਹੋਇਆ ਜ਼ਬਰਦਸਤ ਧਮਾਕਾ, ਲੱਗੀ ਅੱਗ, ਡਰਾਈਵਰ ਦੀ ਮੌਤ


**ਸੈਕਰਾਮੈਂਟੋ 5 ਮਾਰਚ–** ਅਮਰੀਕਾ ਦੇ ਮੈਰੀਲੈਂਡ ਰਾਜ ਵਿਚ ਫਰੈਡਰਿਕ ਵਿਖੇ ਜਲਣਸ਼ੀਲ ਤਰਲ ਪਦਾਰਥ ਲਿਜਾ ਰਿਹਾ ਇਕ ਟੈਂਕਰ ਉੱਲਟ ਜਾਣ ਦੀ ਖ਼ਬਰ ਹੈ। ਪ੍ਰਾਪਤ ਵੇਰਵੇ ਅਨੁਸਾਰ ਇਹ ਹਾਦਸਾ ਯੂ ਐਸ ਰੂਟ 15 ਉਪਰ ਉਸ ਵੇਲੇ ਵਾਪਰਿਆ ਜਦੋਂ ਟੈਂਕਰ ਦੇ ਅਚਾਨਕ ਉੱਲਟਣ ਉਪਰੰਤ ਜ਼ਬਰਦਸਤ ਧਮਾਕਾ



ਹੋਇਆ ਤੇ ਟੈਂਕਰ ਨੂੰ ਅੱਗ ਲੱਗੀ ਗਈ। ਧਮਾਕਾ ਏਨਾ ਜ਼ਬਰਦਸਤ ਸੀ ਕਿ ਸੜਕ ਉਪਰ ਜਾ ਰਹੇ ਹੋਰ ਵਾਹਣ ਵੀ ਅੱਗ ਦੀ ਲਪੇਟ ਵਿਚ ਆ ਗਏ। ਮੈਰੀਲੈਂਡ ਪੁਲਿਸ ਅਨੁਸਾਰ ਸੜਕ ਦੇ ਨਾਲ ਲੱਗਦੇ 3 ਘਰਾਂ ਨੂੰ ਵੀ ਅੱਗ ਲੱਗ ਗਈ। ਇਸ ਘਟਨਾ ਕਾਰਨ ਸੜਕ ਨੂੰ ਕੁਝ ਸਮੇ ਲਈ ਦੋਨਾਂ ਪਾਸਿਆਂ ਤੋਂ ਬੰਦ ਕਰ ਦਿੱਤਾ ਗਿਆ। ਫਰੈਡਰਿਕ ਕਾਊਂਟੀ ਫਾਇਰ ਚੀਫ਼ ਟੈਮ ਕੋਇ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਇਹ ਹਾਦਸਾ ਦੁਪਹਿਰ ਦੇ ਆਸ ਪਾਸ ਵਾਪਰਿਆ। ਇਸ ਦੇ ਤੁਰੰਤ ਬਾਅਦ ਅੱਗ ਬੁਝਾਊ ਅ ਮਲਾ ਮੌਕੇ ਉਪਰ ਪੁੱਜਾ ਜਿਸ ਨੇ ਅੱਗ ਉੱਪਰ ਕਾਬੂ ਪਾਇਆ। ਉਨਾਂ ਕਿਹਾ ਕਿ ਇਸ ਘਟਨਾ ਵਿਚ ਹੋਰ ਕੋਈ ਮੌਤ ਹੋਣ ਜਾਂ ਕਿਸੇ ਦੇ ਜ਼ਖਮੀ ਹੋਣ ਦੀ ਰਿਪੋਰਟ ਨਹੀਂ ਹੈ। ਕੋਇ ਅਨੁਸਾਰ ਹਾਦਸੇ ਦੇ ਕਾਰਨ ਦੀ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਨੇ ਮਾਰੇ ਗਏ ਡਰਾਈਵਰ ਦਾ ਨਾਂ ਜਾਰੀ ਨਹੀਂ ਕੀਤਾ ਹੈ।

# ਟੈਕਸਾਸ ਦੇ ਇਕ ਘਰ ਵਿਚ 3 ਬੱਚੇ ਮ੍ਰਿਤਕ ਮਿਲੇ, 2 ਨੂੰ ਹਸਪਤਾਲ ਦਾਖਲ ਕਰਵਾਇਆ

**ਸੈਕਰਾਮੈਂਟੋ 5 ਮਾਰਚ–** ਟੈਕਸਾਸ ਰਾਜ ਦੇ ਇਕ ਛੋਟੇ ਜਿਹੇ ਕਸਬੇ ਦੇ ਇਕ ਘਰ ਵਿਚ 3 ਬੱਚੇ ਮ੍ਰਿਤਕ ਹਾਲਤ ਵਿਚ ਮਿਲਣ ਦੀ ਖ਼ਬਰ ਹੈ ਜਦ ਕਿ 2 ਬੱਚਿਆਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਇਹ ਜਾਣਕਾਰੀ ਈਲਿਸ ਕਾਊਂਟੀ ਸ਼ੈਰਿਫ ਦਫ਼ਤਰ ਨੇ ਦਿੱਤੀ ਹੈ। ਚਾਈਲਡ ਪ੍ਰੋਟੈਕਟਿਵ ਸਰਵਿਸਜ਼ ਨੇ ਕਿਹਾ ਹੈ ਕਿ ਬੱਚੇ ਆਪਸ ਵਿਚ ਭੈਣ-ਭਰਾ ਸਨ । ਟੈਕਸਾਸ ਡਿਪਾਰਟਮੈਂਟ ਆਫ ਫੈਮਿਲੀ ਐਂਡ ਪ੍ਰੋਟੈਕਟਿਵ



ਸਰਵਿਸਜ਼ ਦੇ ਅਧਿਕਾਰੀ ਟਿਫਾਨੀ ਬਟਲਰ ਅਨੁਸਾਰ ਬੱਚੇ ਆਰਜੀ ਤੌਰ 'ਤੇ ਚਾਈਲਡ ਪ੍ਰੋਟੈਕਟਿਵ ਸਰਵਿਸਜ਼ ਅਧੀਨ ਸਨ। ਉਨਾਂ ਕਿਹਾ ਹੈ ਕਿ ਅਸੀਂ ਇਸ ਦੁੱਖਦਾਈ ਘਟਨਾ ਤੋਂ ਗਹਿਰੇ ਸਦਮੇ ਵਿਚ ਹਾਂ ਤੇ ਘਟਨਾ ਦੀ ਜਾਂਚ ਵਾਸਤੇ ਇਨਫੋਰਸਮੈਂਟ ਅਧਿਕਾਰੀਆਂ ਨਾਲ ਮਿਲ ਕੇ ਕੰਮ ਕਰ ਰਹੇ ਹਾਂ। ਇਟਲੀ ਨਾਂ ਦਾ ਕਸਬਾ ਜਿਥੇ ਇਹ ਘਟਨਾ ਵਾਪਰੀ ਡਲਾਸ ਦੇ ਦੱਖਣ ਵਿਚ ਤਕਰੀਬਨ 40 ਮੀਲ ਦੂਰ ਸਥਿੱਤ ਹੈ। ਸ਼ੈਰਿਫ ਡਿਪਟੀ ਜੈਰੀ ਕੋਜ਼ਬੀ ਨੇ ਕਿਹਾ ਹੈ ਕਿ ਇਕ ਸ਼ੱਕੀ ਨੂੰ ਹਿਰਾਸਤ ਵਿਚ ਲਿਆ ਹੈ ਜਿਸ ਤੋਂ ਪੁੱਛ ਪੜਤਾਲ ਕੀਤੀ ਜਾ ਰਹੀ ਹੈ।

# ਕੈਨੇਡਾ ਤੋਂ ਅਮਰੀਕਾ ਵਿਚ ਕਿਸ਼ਤੀ ਰਾਹੀਂ ਦਾਖਲ ਹੋਣ ਦੀ ਕੋਸ਼ਿਸ਼ ਵਿੱਚ 2 ਭਾਰਤੀਆਂ ਸਮੇਤ 5 ਗ੍ਰਿਫ਼ਤਾਰ

**ਸੈਕਰਾਮੈਂਟੋ–** ਅਮਰੀਕੀ ਸਰਹੱਦੀ ਗਸ਼ਤੀ ਦਲ ਨੇ ਗੈਰ ਕਾਨੂੰਨੀ ਤਰੀਕੇ ਨਾਲ ਕਿਸ਼ਤੀ ਰਾਹੀਂ ਕੈਨੇਡਾ ਤੋਂ ਅਮਰੀਕਾ ਵਿਚ ਦਾਖਲ ਹੋਣ ਦੀ ਕੋਸ਼ਿਸ਼ ਵਿੱਚ 5 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ ਜਿਨਾਂ ਵਿਚ 2 ਭਾਰਤੀ ਹਨ। ਯੂ ਐਸ ਬਾਰਡਰ ਐਂਡ ਕਸਟਮਜ਼ ਪ੍ਰੋਟੈਕਸ਼ਨ (ਸੀ ਬੀ ਪੀ) ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਅਮਰੀਕਾ ਦੇ ਮਿਸ਼ੀਗਨ ਰਾਜ ਵਿਚ ਐਲਗੋਨੈਕ ਨੇੜੇ ਤਸਕਰੀ ਦੀ ਕੋਸ਼ਿਸ਼ ਸਮੇ 5 ਵਿਦੇਸ਼ੀਆਂ ਨੂੰ ਹਿਰਾਸਤ ਵਿਚ ਲਿਆ ਗਿਆ ਹੈ।

ਬਿਆਨ ਅਨੁਸਾਰ ਬੀਤੇ ਦਿਨ ਰਾਤ ਵੇਲੇ ਤਸਕਰੀ ਦੇ ਜਾਣੇ ਪਛਾਣੇ ਇਕ ਰਸਤੇ ਨੇੜੇ ਸੇਂਟ ਕਲੇਅਰ ਦਰਿਆ ਵਿੱਚ ਕਿਸ਼ਤੀ ਰਾਹੀਂ ਕੌਮਾਂਤਰੀ ਸਰਹੱਦ ਪਾਰ ਕਰਦੇ ਕੁਝ ਲੋਕਾਂ ਨੂੰ ਨਿਗਰਾਨ ਪ੍ਰਣਾਲੀ ਦੁਆਰਾ ਵੇਖਿਆ ਗਿਆ। ਤੁਰੰਤ ਖੇਤਰ ਵਿਚਲੇ ਸੁਰੱਖਿਆ ਅਮਲੇ ਨਾਲ ਸੰਪਰਕ ਕੀਤਾ ਗਿਆ ਜਿਨਾਂ ਨੇ ਅਮਰੀਕਾ ਵਾਲੇ ਪਾਸੇ ਕੰਢੇ ਵਲ ਰਹੀ ਕਿਸ਼ਤੀ ਨੂੰ ਘੇਰ ਲਿਆ। ਕਿਸ਼ਤੀ ਵਿਚ ਸਵਾਰ 5 ਵਿਅਕਤੀਆਂ ਨੇ ਮੰਨਿਆ ਕਿ ਉਨਾਂ ਨੇ ਕੈਨੇਡਾ ਤੋਂ ਸਰਹੱਦ ਪਾਰ ਕੀਤੀ ਹੈ। ਗ੍ਰਿਫਤਾਰੀ ਸਮੇ 2 ਵਿਅਕਤੀਆਂ ਦੀ ਹਾਲਤ ਬਹੁਤ ਖਰਾਬ ਸੀ ਤੇ ਉਹ ਠੰਡ ਕਾਰਨ ਕੰਬ ਰਹੇ ਸਨ। ਉਨਾਂ ਦੱਸਿਆ ਕਿ ਉਹ ਅਚਾਨਕ ਕਿਸ਼ਤੀ ਵਿਚੋਂ ਦਰਿਆ ਵਿਚ ਡਿੱਗ ਗਏ ਸਨ। ਇਨਾਂ ਨੂੰ ਹਿਰਾਸਤ ਵਿਚ ਲੈ ਕੇ ਸਥਾਨਕ ਪ੍ਰਾਸੈਸਿੰਗ ਸੈਂਟਰ ਵਿਚ ਭੇਜ ਦਿੱਤਾ ਗਿਆ ਹੈ। ਯੂ ਐਸ ਬਾਰਡਰ ਐਂਡ ਕਸਟਮਜ਼ ਪ੍ਰੋਟੈਕਸ਼ਨ ਨੇ ਗ੍ਰਿਫ਼ਤਾਰ ਵਿਅਕਤੀਆਂ ਦੇ ਨਾਂ ਨਹੀਂ ਦਸੇ ਹਨ ਤੇ ਕਿਹਾ ਹੈ ਕਿ ਇਨਾਂ ਵਿਚ 2 ਭਾਰਤੀ ਤੇ ਬਾਕੀ 3 ਜਣੇ ਨਾਈਜੀਰੀਆ, ਮੈਕਸੀਕੋ ਤੇ ਡੋਮੀਨੀਕਨ ਰਿਪਬਲੀਕਨ ਤੋਂ ਹਨ।

# ਲਾਸ ਏਂਜਲਸ ਤੋਂ ਬੋਸਟਨ ਜਾ ਰਹੇ ਜਹਾਜ਼ ਵਿਚ ਹੰਗਾਮਾ, ਮੁਸਾਫਰ ਵੱਲੋਂ ਅਮਲੇ ਦੇ ਇਕ ਮੈਂਬਰ 'ਤੇ ਹਮਲਾ

**ਸੈਕਰਾਮੈਂਟੋ–** ਅਮਰੀਕਾ ਵਿਚ ਲਾਸ ਏਂਜਲਸ ਤੋਂ ਬੋਸਟਨ ਜਾ ਰਹੇ ਯੁਨਾਈਟਡ ਏਅਰਲਾਈਨਜ਼ ਦੇ ਜਹਾਜ਼ ਵਿਚ ਇਕ ਯਾਤਰੀ ਵੱਲੋਂ ਇਕ ਸਹਾਇਕ ਮੁਲਾਜ਼ਮ ਦੀ ਗਰਦਨ ਉਪਰ ਟੁੱਟੇ ਹੋਏ ਧਾਤ ਦੇ ਚਮਚੇ ਨਾਲ ਹਮਲਾ ਕਰਨ ਤੇ ਹੰਗਾਮੀ ਸਥਿੱਤੀ ਦੌਰਾਨ ਜਹਾਜ਼ ਵਿਚੋਂ ਬਾਹਰ ਨਿਕਲਣ ਵਾਲੇ ਦਰਵਾਜ਼ੇ ਨੂੰ ਖੋਲਣ ਦੀ ਕੋਸ਼ਿਸ਼ ਕਰਨ ਦੀ ਖ਼ਬਰ ਹੈ। ਨਿਆਂ ਵਿਭਾਗ ਅਨੁਸਾਰ ਮਾਸਾਚੂਸੈਟਸ ਰਾਜ ਦੇ ਰਹਿਣ ਵਾਲੇ ਫਰਾਂਸਿਸਕੋ ਸੇਵੇਰੋ ਟੋਰਸ (33) ਨਾਮੀ ਇਸ ਮੁਸਾਫਰ ਨੂੰ ਬੋਸਟਨ ਲੋਗਨ ਇੰਟਰਨੈਸ਼ਨਲ ਹਵਾਈ ਅੱਡੇ ਉਪਰ ਗ੍ਰਿਫ਼ਤਾਰ ਕਰ ਲਿਆ ਗਿਆ। ਉਸ ਵਿਰੁੱਧ ਜਹਾਜ਼ ਦੇ ਅਮਲੇ ਦੇ ਕੰਮਕਾਜ ਵਿਚ ਦਖਲ ਦੇਣ ਤੇ ਖਤਰਨਾਕ ਹਥਿਆਰ ਨਾਲ ਅਮਲੇ ਉਪਰ ਹਮਲਾ ਕਰਨ ਦੇ ਦੋਸ਼ ਲਾਏ ਗਏ ਹਨ। ਦੂਸਰੇ ਪਾਸੇ ਟੋਰਸ ਨੇ ਜਾਂਚਕਾਰਾਂ ਨੂੰ ਦਸਿਆ ਕਿ ਉਸ ਨੇ ਆਪਣੇ ਆਪ ਨੂੰ ਬਚਾਉਣ ਦੇ ਯਤਨ ਵਜੋਂ ਸਹਾਇਕ ਮੁਲਾਜ਼ਮ ਉਪਰ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਸੀ ਕਿਉਂਕਿ ਮੇਰਾ ਵਿਸ਼ਵਾਸ਼ ਸੀ ਕਿ ਉਹ ਮੈਨੂੰ ਜਾਨੋਂ ਮਾਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਇਸੇ ਦੌਰਾਨ ਯੁਨਾਈਟਡ ਏਅਰਲਾਈਨਜ਼ ਨੇ ਆਪਣੀਆਂ ਉਡਾਣਾਂ ਵਿਚ ਟੋਰਸ ਵੱਲੋਂ ਸਫਰ ਕਰਨ ਉਪਰ ਪਾਬੰਦੀ ਲਾ ਦਿੱਤੀ ਹੈ। ਏਅਰਲਾਈਨਜ਼ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਭਵਿੱਖ ਵਿਚ ਟੋਰਸ ਉਸ ਦੇ ਜਹਾਜ਼ਾਂ ਵਿਚ ਸਫਰ ਨਹੀਂ ਕਰ ਸਕੇਗਾ।

# ਵਿਗਿਆਨੀ ਤੇ ਸਾਹਿਤਕਾਰ ਡਾ. ਗੁਰੂਮੇਲ ਸਿੰਘ ਸਿੱਧੂ ਦੇ ਅਮਰੀਕੀ-ਪੰਜਾਬੀ ਭਾਈਚਾਰੇ ਨੂੰ ਬਹੁਮੁੱਲੀ ਦੇਣ ਤੇ ਸਮਾਗਮ ਦੌਰਾਨ ਯਾਦ ਵਿੱਚ ਲਾਇਬ੍ਰੇਰੀ ਦੀ ਸਥਾਪਨਾ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਫਰਿਜ਼ਨੋਂ ਸਟੇਟ ਯੂਨੀਵਰਸਿਟੀ ਦੇ ਜੈਨੇਟਿਕਸ ਵਿਭਾਗ ਦੇ ਪ੍ਰੋਫੈਸਰ ਵਜੋਂ ਰਿਟਾਇਰ ਹੋਏ ਡਾਕਟਰ ਗੁਰੂਮੇਲ ਸਿੰਘ ਸਿੱਧੂ ਜਿਨ੍ਹਾਂ ਨੇ ਵਿਗਿਆਨ ਅਤੇ ਸਾਹਿਤ ਦੇ ਖੇਤਰ ਵਿੱਚ ਵਡਮੁੱਲਾ ਯੋਗਦਾਨ ਪਾਇਆ ਜੋ 5 ਅਕਤੂਬਰ 2022 ਨੂੰ ਅਕਾਲ ਚਲਾਣਾ ਕਰ ਗਏ ਸਨ ਪ੍ਰਤੀ ਇਕ ਵੱਡਾ ਤੇ ਸ਼ਾਨਦਾਰ ਸਮਾਗਮ ਕੀਤਾ ਗਿਆ ਤੇ ਅੱਜ ਉਨਾਂ ਦੀ ਯਾਦ ਨੂੰ ਸਮਰਪਤ ਡਾ. ਗੁਰੂਮੇਲ ਸਿੰਘ ਸਿੱਧੂ ਯਾਦਗਾਰੀ ਲਾਇਬ੍ਰੇਰੀ ਦਾ ਉਦਘਾਟਨ ਵੀ ਕੀਤਾ ਗਿਆ। ਡਾ. ਗੁਰੂਮੇਲ ਸਿੱਧੂ ਦੀ ਸੁਪਤਨੀ ਸਰਦਾਰਨੀ ਬਲਜੀਤ ਕੌਰ ਦੀ ਤਬੀਅਤ ਠੀਕ ਨਾ ਹੋਣ ਕਾਰਨ ਇਸਦਾ ਉਦਘਾਟਨ ਡਾ. ਸਿੱਧੂ ਦੀ ਸੱਸ ਮਾਤਾ ਗੁਰਬਚਨ ਕੌਰ ਔਲਖ਼ ਵਲੋਂ ਕੀਤਾ ਗਿਆ। ਪਰਿਵਾਰ ਵਲੋਂ ਸੰਤੋਖ ਸਿੰਘ ਢਿਲੋਂ, ਰੁਪਿੰਦਰ ਕੌਰ ਅਤੇ ਪ੍ਰੀਤ ਕੌਰ ਵੀ ਹਾਜ਼ਰ ਸਨ। ਇਸ ਪ੍ਰੋਗਰਾਮ ਦਾ ਅਯੋਜਿਨ ਪੰਜਾਬੀ ਕਲਚਰਲ ਸੈਂਟਰ ਯੂ.ਐਸ.ਏ. ਤੇ ਪੰਜਾਬੀ ਰੇਡੀਓ ਯੂ.ਐਸ.ਏ. ਤੇ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਯੂ.ਐਸ.ਏ. ਵਲੋਂ ਸਾਂਝੇ ਤੋਰ ਤੇ ਕੀਤਾ ਗਿਆ। ਰਾਜਕਰਨਬੀਰ ਸਿੰਘ ਵਲੋਂ ਸਭਨਾਂ ਨੂੰ ਜੀ ਆਇਆਂ ਕਹਿਣ ਬਾਅਦ ਪੰਜਾਬੀ ਕਲਚਰਲ ਸੈਂਟਰ ਯੂ.ਐਸ.ਏ. ਫਰੈਜ਼ਨੋਂ ਦੇ ਕੋਆਰਡੀਨੇਟਰ ਦਲਜੀਤ ਸ਼ਿਘ ਸਰਾਂ ਨੇ ਡਾ. ਸਿੱਧੂ ਨਾਲ ਆਪਣੀ ਗੂੜ੍ਹੀ ਨੇੜ੍ਹਤਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਡਾ.ਸਿੱਧੂ ਪੰਜਾਬੀ ਕਲਚਰਲ ਸੈਂਟਰ ਯੂ.ਐਸ.ਏ. ਤੇ ਪੰਜਾਬੀ ਰੇਡੀਓ ਯੂ.ਐਸ.ਏ. ਪਰਿਵਾਰ ਦਾ ਹੀ ਹਿੱਸਾ ਸਨ। ਉਨ੍ਹਾਂ ਦਾ ਆਸ਼ੀਰਵਾਦ ਸਦਾ ਸਾਡੇ ਸੰਗ ਹੋਣਾ ਸਾਡੇ ਧੰਨਭਾਗ ਹਨ। ਉਨ੍ਹਾਂ ਕਿਹਾ ਕਿ ਡਾ. ਗੁਰੂਮੇਲ ਸਿੱਧੂ ਉਤਰੀ ਅਮਰੀਕਾ ਵਿਚਲੇ ਪੰਜਾਬੀ ਭਾਈਚਾਰੇ ਦੀ ਬਹੁਤ ਉੱਘੀ ਸਖ਼ਸ਼ੀਅਤ ਹੋਣ ਦੇ ਨਾਲ ਨਾਲ ਫਰੈਜ਼ਨੋਂ ਦੀ ਵੱਡੀ ਹਸਤੀ ਸਨ। ਡਾ.ਸਿੱਧੂ ਦੇ ਪੰਜਾਬੀ ਕਲਚਰਲ ਸੈਂਟਰ ਯੂ.ਐਸ.ਏ. ਦੇ ਹੋਂਦ ਵਿੱਚ ਆਉਣ ਤੋਂ ਲੈ ਕੇ ਆਖ਼ਰੀ ਸਾਹਾਂ ਤੱਕ ਜੁੜੇ ਰਹੇ। ਉਨ੍ਹਾਂ ਨੇ ਸਿੱਧੂ ਪਰਿਵਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਡਾ. ਸਿੱਧੂ ਵਲੋਂ ਆਪਣੀਆਂ ਸਾਰੀਆਂ ਕਿਤਾਬਾਂ ਸਾਡੀ ਲਾਇਬ੍ਰੇਰੀ ਵਾਸਤੇ



ਦੇਣ ਦੀ ਇੱਛਾ ਪ੍ਰਗਟਾਉਣਾ ਸਾਡੇ ਲਈ ਬਹੁਤ ਵੱਡਾ ਮਾਣ-ਸਨਮਾਨ ਹੈ। ਯਾਦਾਂ ਦਾ ਸਿਲਸਿਲਾ ਦੌਰਾਨ ਡਾ. ਗੁਰੂਮੇਲ ਸਿੱਧੂ ਸਬੰਧੀ ਗੱਲਬਾਤ ਦੀ ਸੰਗੀਤਕ ਸ਼ੁਰੂਆਤ ਉੱਘੇ ਸੂਫ਼ੀ ਗਾਇਕ ਸੁਖਦੇਵ ਸਾਹਿਲ ਵਲੋਂ ਕੀਤੀ ਗਈ। ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਦੇ ਪ੍ਰਧਾਨ ਡਾ. ਸੁਖਵਿੰਦਰ ਕੰਬੋਜ ਨੇ ਕਿਹਾ ਕਿ ਡਾ. ਸਿੱਧੂ ਵਿਗਿਆਨ ਅਤੇ ਸਾਹਿਤ ਦੀ ਬੜੀ ਬੁਲੰਦ ਸਖ਼ਸ਼ੀਅਤ ਸਨ। ਉਹ ਅਮਰੀਕਨ ਪੰਜਾਬੀ ਸਾਹਿਤਕਾਰਾਂ ਲਈ ਚਾਨਣਮੁਨਾਰਾ ਸਨ। ਡਾ. ਕੰਬੋਜ ਨੇ ਗੁਰੂਮੇਲ ਸਿੱਧੂ ਯਾਦਗਾਰੀ ਲਾਇਬ੍ਰੇਰੀ ਲਈ ਆਪਣੇ ਵਲੋਂ ਬਹੁਤ ਸਾਰੀਆਂ ਕਿਤਾਬਾਂ ਭੇਟ ਕਰਨ ਦਾ ਵਾਅਦਾ ਕੀਤਾ। ਇੰਡੋ ਅਮੈਰੀਕਨ ਹੈਰੀਟੇਜ ਫੋਰਮ ਫਰੈਜ਼ਨੋਂ ਵਲੋਂ ਸੁਰਿੰਦਰ ਮੰਢਾਲੀ ਤੇ ਹਰਜਿੰਦਰ ਢੇਸੀ ਨੇ ਡਾ. ਗੁਰੂਮੇਲ ਸਿੱਧੂ ਵਲੋਂ ਗਦਰੀ ਦੇਸ਼ ਭਗਤਾਂ ਸਬੰਧੀ ਸਾਹਿਤ ਨੂੰ ਲਿਖਤੀ ਰੂਪ ਵਿੱਚ ਸੰਭਾਲਣ ਲਈ ਹੈਰੀਟੇਜ ਫੋਰਮ ਨੂੰ ਦਿੱਤੀ ਸੇਧ ਤੇ ਸਹਿਯੋਗ ਬਾਰੇ ਵਿਚਾਰ ਸਾਂਝੇ ਕੀਤੇ। ਡਾ. ਸਿੱਧੂ ਸਬੰਧੀ ਯਾਦਾਂ ਸਾਂਝੀਆਂ ਕਰਨ ਵਾਲਿਆਂ ਵਿੱਚ ਪਿਸ਼ੌਰਾ ਸਿੰਘ ਢਿੱਲੋਂ, ਜਗਜੀਤ ਨੌਸ਼ਹਰਿਵੀ, ਸੁਰਿੰਦਰ ਸੀਰਤ, ਪ੍ਰੀਤ ਕੌਰ ਤੇ ਗੁਰਰੀਤ ਬਰਾੜ ਸ਼ਾਮਲ ਸਨ।

ਉੱਘੇ ਵਿਦਵਾਨ ਅਤੇ ਵਿਗਿਆਨੀ ਡਾ. ਸਿੱਧੂ ਦੀ ਯਾਦ ਵਿੱਚ ਲਾਇਬ੍ਰੇਰੀ ਦੀ ਸਥਾਪਤ ਕੀਤੇ ਜਾਣ ਲਈ ਬੁਲਾਰਿਆਂ ਵਲੋਂ ਪੰਜਾਬੀ ਰੇਡੀਓ ਤੇ ਪੰਜਾਬੀ ਕਲਚਰਲ ਸੈਂਟਰ ਪਰਿਵਾਰ ਦੀ ਸਰਾਹਨਾ ਕੀਤੀ ਗਈ। ਦੁਪਹਿਰ ਦੇ ਖਾਣੇ ਬਾਅਦ ਹਰਜਿੰਦਰ ਕੰਗ ਦੀ ਸ਼ਾਇਰਾਨਾ ਸੇਧ ਹੇਠ ਦੇਰ ਸ਼ਾਮ ਤੱਕ ਚੱਲੇ ਕਵੀ ਦਰਬਾਰ ਵਿੱਚ ਆਪੋ ਆਪਣੇ ਕਲਾਮ ਰਾਹੀਂ ਸਰੋਤਿਆਂ ਦੀ ਭਰਵੀਂ ਦਾਦ ਲੈਣ ਵਾਲਿਆਂ ਵਿੱਚ ਹਰਜਿੰਦਰ ਢੇਸੀ, ਸਾਧੂ ਸੰਘਾ, ਸੁੱਖੀ ਧਾਲੀਵਾਲ, ਨੀਟਾ ਮਾਛੀਕੇ (ਪੱਤਰਕਾਰ), ਅਮਰੀਕ ਬਸਰਾ, ਗੁਲਸ਼ਨ ਦਿਆਲ, ਪਿਸ਼ੌਰਾ ਸਿੰਘ ਢਿੱਲੋਂ, ਕੁੰਦਨ ਸਿੰਘ ਧਾਮੀ, ਨੀਲਮ ਸੈਣੀ, ਸੁਰਿੰਦਰ ਸੀਰਤ, ਸਤੀਸ਼ ਗੁਲਾਟੀ, ਸੁਰਜੀਤ ਸਖੀ, ਅਸ਼ਰਫ਼ ਗਿੱਲ, ਕੁਲਵਿੰਦਰ, ਜਗਜੀਤ ਨੌਸ਼ਹਿਰਵੀ, ਸੁਖਵਿੰਦਰ ਕੰਬੋਜ ਤੇ ਖੁਦ ਹਰਜਿੰਦਰ ਕੰਗ ਸ਼ਾਮਲ ਸਨ। ਪੰਜਾਬੀ ਰੇਡੀਓ ਤੇ ਪੰਜਾਬੀ ਕਲਚਰਲ ਸੈਂਟਰ ਪਰਿਵਾਰ ਦੇ ਮੋਹਰੀ ਹਰਜੋਤ ਸਿੰਘ ਖਾਲਸਾ ਨੇ ਅਖ਼ੀਰ ਵਿੱਚ ਧੰਨਵਾਦੀ ਸ਼ਬਦਾਂ ਵਜੋਂ ਕਿਹਾ ਕਿ ਸਾਨੂੰ ਡਾ. ਗੁਰੂਮੇਲ ਸਿੰਘ ਸਿੱਧੂ ਤੋਂ ਮਿਲਿਆ ਪਿਆਰ ਤੇ ਦਿੱਤੀ ਸੇਧ ਭਵਿੱਖ ਵਿੱਚ ਸਦਾ ਸਹਾਈ ਹੋਣਗੇ। ਇਸ ਮੌਕੇ ਡਾ. ਸਿੱਧੂ ਨੂੰ ਅਕੀਦਤ ਦੇ ਫੁੱਲ ਭੇਟ ਕਰਨ ਲਈ ਪ੍ਰਿੰਸੀਪਲ ਪ੍ਰੀਤਮ ਸਿੰਘ ਨਾਹਲ, ਅਜਮੇਰ ਨਾਹਲ, ਦਵਿੰਦਰ ਸਿੰਘ ਗਰੇਵਾਲ, ਕੁਲਦੀਪ ਸਿੰਘ ਅਟਵਾਲ, ਸੁਰਜੀਤ ਸਿੰਘ ਅਟਵਾਲ, ਕਿਰਪਾਲ ਸਿੰਘ ਸੰਧੂ, ਟਹਿਲ ਸਿੰਘ, ਤਰਲੋਕ ਸਿੰਘ, ਕੇਵਲ ਸਿੰਘ, ਪ੍ਰੀਤ ਸਿੰਘ, ਨੈਨਦੀਪ ਚੰਨ, ਜਗਰਾਜ ਗਿੱਲ, ਰਾਜਵਿੰਦਰ ਸਿੰਘ ਧਾਲੀਵਾਲ, ਸਤਵਿੰਦਰ ਕੌਰ ਧਾਲੀਵਾਲ, ਸਰਬਜੀਤ ਸਿੰਘ ਸਰਾਂ, ਗੁਰਮੀਤ ਸਿੰਘ ਗਿੱਲ, ਨਵਦੀਪ ਸਿੰਘ ਧਾਲੀਵਾਲ, ਪਰਗਟ ਸਿੰਘ ਧਾਲੀਵਾਲ, ਗੁਰਦੀਪ ਨਿੱਝਰ, ਮਹਿੰਦਰ ਸਿੰਘ ਢਾਅ ਅਤੇ ਇੰਦਰਜੀਤ ਸਿੰਘ ਸਾਥੀ ਪੁੱਜੇ ਹੋਏ ਸਨ। ਚੇਤਨਾ ਪ੍ਰਕਾਸ਼ਨ ਲੁਧਿਆਣਾ ਵਲੋਂ ਇਸ ਮੌਕੇ ਪੰਜਾਬੀ ਕਿਤਾਬਾਂ ਦੀ ਨੁਮਾਇਸ਼ ਅਤੇ ਵਿਕਰੀ ਦਾ ਉਚੇਚਾ ਪ੍ਰਬੰਧ ਗਿਆ।

# ਖਟਕੜ ਕਲਾਂ ’ਚ ਮਹਿਲਾਵਾਂ ਵਲੋਂ ਸਮਾਜਿਕ ਤਬਦੀਲੀ ਦਾ ਹੋਕਾ

## ਨਵਜੋਤ ਸਾਹਿਤ ਸੰਸਥਾ ਔੜ ਵਲੋਂ ਪ੍ਰਤਿਭਾਸ਼ਾਲੀ ਮਹਿਲਾਵਾਂ ਦਾ ਸਨਮਾਨ

**ਬੰਗਾ, (ਰੇਸ਼ਮ ਕਰਨਾਣਵੀ) –** ਨਵਜੋਤ ਸਾਹਿਤ ਸੰਸਥਾ (ਰਜਿ.) ਔੜ ਵਲੋਂ ਖਟਕੜ਼ ਕਲਾਂ ਦੇ ਬੀਬੀ ਅਮਰ ਕੌਰ ਯਾਦਗਾਰੀ ਹਾਲ ਵਿਖੇ ‘ਮਹਿਲਾ ਦਿਵਸ’ ਨੂੰ ਸਮਰਪਿਤ ਸਮਾਗਮ ਕਰਵਾਇਆ। ਇਸ ਮੌਕੇ ਪੁੱਜੇ ਮਹਿਲਾ ਬੁਲਾਰਿਆਂ ਨੇ ਇੱਕਜੁਟਤਾ ਨਾਲ ਸਮੂਹਿਕ ਲਹਿਰ ਮਜ਼ਬੂਤ ਕਰਨ ’ਤੇ ਪਹਿਰਾ ਦਿੰਦਿਆਂ ਸਮਾਜਿਕ ਤਬਦੀਲੀ ਦਾ ਹੋਕਾ ਦਿੱਤਾ। ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਬੀਬੀ ਜ਼ਿੰਦਰ ਕੌਰ ਢਾਹਾਂ ਸ਼ਾਮਲ ਹੋਏ ਜਦੋਂ ਕਿ ਸੰਸਥਾ ਦੇ ਪ੍ਰਧਾਨ ਮੈਡਮ ਰਜਨੀ ਸ਼ਰਮਾ ਨੇ



ਪ੍ਰਧਾਨਗੀ ਕੀਤੀ। ਉਹਨਾਂ ਕਿਹਾ ਕਿ ਮਹਿਲਾ ਵਰਗ ਦੀਆਂ ਪ੍ਰਾਪਤੀਆਂ ਨੇ ਸਮਾਜ ਦੇ ਨਜ਼ਰੀਏ ਨੂੰ ਬਦਲਣ ਵਿੱਚ ਭਰਪੂਰ ਯੋਗਦਾਨ ਪਾਇਆ ਹੈ। ਸਮਾਗਮ ਦੌਰਾਨ ਸਨਮਾਨਿਤ ਹੋਈਆਂ ਸਖਸ਼ੀਅਤਾ ’ਚ ਲੇਖਕ ਸੋਮਾ ਸਬਲੋਕ, ਡਾ. ਰਾਜ ਰਾਣੀ, ਐਡਵੋਕੇਟ ਊਸ਼ਾ ਬੰਗਾ, ਪਟਵਾਰੀ ਪੂਨਮ ਸਹਿਜਪਾਲ, ਪੁਲਿਸ ਕਰਮੀ ਮੋਨਿਕਾ ਕੁਮਾਰੀ, ਦੌੜਾਕ ਬ੍ਰਹਮਜੋਤ ਕੌਰ, ਅਦਾਕਾਰਾ ਕੁਲਵੰਤ ਕੌਰ ਨਗਰ, ਤਰਕਸ਼ੀਲ ਆਗੂ ਕਮਲਜੀਤ ਕੌਰ ਕੁੱਲੇਵਾਲ, ਗਾਇਕਾ ਰਮਜ਼ਾਨਾ ਹੀਰ, ਅਧਿਆਪਕਾ ਕਵਿਤਾ ਸਭਰਵਾਲ, ਵੈਟਨਰੀ ਅਫ਼ਸਰ ਜੈਸਮੀਨ ਕੌਰ, ਆਂਗਣਵਾੜ਼ੀ ਸੁਪਰਵਾਇਜ਼ਰ ਜਗਦੀਸ਼ ਕੌਰ, ਸਰਪੰਚ ਸੁਰਿੰਦਰ ਕੌਰ, ਬੀਮਾ ਅਧਿਕਾਰੀ ਸੀਮਾ ਸ਼ੁਕਲਾ ਸ਼ਾਮਲ ਸਨ।

ਇਸ ਮੌਕੇ ਮਨਜੀਤ ਕੌਰ ਬੋਲਾ, ਬੀਬਾ ਕੁਲਵੰਤ, ਮੈਡਮ ਅਮਰ ਜਿੰਦ, ਨੀਰੂ ਜੱਸਲ, ਸਤਪਾਲ ਸਾਹਲੋਂ, ਸੁਰਜੀਤ ਮਜਾਰੀ, ਦਵਿੰਦਰ ਬੇਗਮਪੁਰੀ, ਬਿੰਦਰ ਮੱਲ੍ਹਾਬੇਦੀਆਂ, ਗੁਰਨੇਕ ਸ਼ੇਰ, ਦਵਿੰਦਰ ਸਕੋਹਪੁਰੀ, ਰੇਸ਼ਮ ਕਰਨਾਣਵੀ, ਦੇਸ ਰਾਜ ਬਾਲੀ, ਹਰੀ ਕ੍ਰਿਸ਼ਨ ਪਟਵਾਰੀ, ਪਰਲਾਦ ਅਟਵਾਲ, ਚਮਨ ਮੱਲਪੁਰੀ, ਵਿਨੈ ਸ਼ਰਮਾ, ਕੁਲਵਿੰਦਰ ਖਟਕੜ, ਜਸਵਿੰਦਰ ਪੱਪੀ, ਤਲਵਿੰਦਰ ਸ਼ੇਰਗਿੱਲ, ਸ਼ਿਗਾਰਾ ਰਾਮ ਜੀਂਦੋਵਾਲ, ਸੁਰੇਸ਼ ਕੁਮਾਰ, ਅਮਰਦੀਪ ਬੰਗਾ, ਜੁਗਿੰਦਰ ਸਿੰਘ ਕੁੱਲੇਵਾਲ ਆਦਿ ਵੀ ਸ਼ਾਮਲ ਸਨ।


# “ਦੇਸ਼ ਦੁਆਬਾ”

## ਹਫਤਾਵਾਰੀ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ “ਦੇਸ਼ ਦੁਆਬਾ” ਵਿਚ ਲਗਵਾਓ।

## ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ
ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ ’ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ
ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**E-mail : deshdoaba@yahoo.com**

**(ਸੰਪਰਕ) 1-916-947-8920, (ਫੈਕਸ) 1-916-238-1393**

www.deshdoaba.com www.ambedkartimes.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ ’ਦੇਸ਼ ਦੁਆਬਾ’ ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ


# ਪ.ਸ.ਸ.ਫ.ਜਲੰਧਰ ਦੇ ਸਾਥੀ ਵਿਧਾਨ ਸਭਾ ਅਜਲਾਸ ਦੇ ਸਮਾਨੰਤਰ ਸਮਾਗਮ ਵਿੱਚ ਚੰਡੀਗੜ੍ਹ ਵਿਖੇ 11 ਮਾਰਚ ਨੂੰ ਹੋਣਗੇ ਸ਼ਾਮਲ – ਆਗੂ

**ਫਗਵਾੜਾ 7 ਮਾਰਚ (ਬੀ. ਕੇ. ਰੱਤੂ)** ਪੰਜਾਬ-ਯੂ.ਟੀ.ਮੁਲਾਜਮ ਅਤੇ ਪੈਨਸ਼ਨਰ ਸਾਂਝਾ ਫਰੰਟ ਵਲੋਂ 09,10 ਤੇ 11 ਮਾਰਚ ਨੂੰ ਚੰਡੀਗੜ੍ਹ ਵਿਖੇ ਵਿਧਾਨ ਸਭਾ ਅਜਲਾਸ ਦੇ ਸਮਾਨੰਤਰ ਕੀਤੇ ਜਾ ਰਹੇ ਅਜਲਾਸ ਸਮਾਗਮ ਵਿੱਚ ਪ.ਸ.ਸ.ਫ.ਜਲੰਧਰ ਦੇ ਸਾਥੀ 11 ਮਾਰਚ ਨੂੰ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਨਗੇ।ਪ.ਸ.ਸ.ਫ.ਜਿਲ੍ਹਾ ਜਲੰਧਰ ਦੇ ਪ੍ਰਧਾਨ ਪੁਸ਼ਪਿੰਦਰ ਕੁਮਾਰ ਵਿਰਦੀ,ਜਨਰਲ ਸਕੱਤਰ ਨਿਰਮੋਲਕ ਸਿੰਘ ਹੀਰਾ,ਵਿੱਤ ਸਕੱਤਰ ਅਕਲ ਚੰਦ ਸਿੰਘ, ਪ੍ਰੈੱਸ ਸਕੱਤਰ ਪਰਨਾਮ ਸਿੰਘ ਸੈਣੀ, ਸੀਨੀਅਰ ਮੀਤ ਪ੍ਰਧਾਨ ਅਤੇ ਸੂਬਾ ਜਨਰਲ ਸਕੱਤਰ ਸਾਥੀ ਤੀਰਥ ਸਿੰਘ ਬਾਸੀ,ਸੂਬਾ ਕਮੇਟੀ ਮੈਂਬਰ ਤਰਸੇਮ ਮਾਧੋਪੁਰੀ, ਕੁਲਦੀਪ ਵਾਲੀਆ, ਕਰਨੈਲ ਫਿਲੌਰ ਆਦਿ ਨੇ ਸਾਂਝੇ ਤੌਰ ਤੇ ਦੱਸਿਆ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਦੇ ਮਸਲਿਆਂ ਨੂੰ ਹੱਲ ਕਰਨ ਤੋਂ ਲਗਾਤਾਰ ਪਾਸਾ ਵੱਟਿਆ ਜਾ ਰਿਹਾ ਹੈ ਅਤੇ ਟਾਲਮਟੋਲ ਦੀ ਨੀਤੀ ਤਹਿਤ ਮੁੱਖ ਮੰਤਰੀ ਪੰਜਾਬ ਸ.ਭਗਵੰਤ ਸਿੰਘ ਮਾਨ ਵਲੋਂ ਤੈਅਸ਼ੁਦਾ ਮੀਟਿੰਗਾਂ ਕਰਨ ਤੋਂ ਵੀ ਇਨਕਾਰ ਕੀਤਾ ਜਾ ਰਿਹਾ ਹੈ।ਇਸੇ ਨੀਤੀ ਦੇ ਤਹਿਤ ਹੀ ਮੁੱਖ ਮੰਤਰੀ ਪੰਜਾਬ ਵਲੋਂ 28 ਫਰਵਰੀ ਦੀ ਤੈਅਸ਼ੁਦਾ ਮੀਟਿੰਗ ਸਾਂਝੇ ਫਰੰਟ ਦੇ ਆਗੂਆਂ ਨਾਲ ਨਹੀਂ ਕੀਤੀ ਗਈ। ਜਿਸ ਕਾਰਨ ਪੰਜਾਬ ਦੇ ਸਮੁੱਚੇ ਵਿਭਾਗਾਂ ਦੇ ਮੁਲਾਜ਼ਮਾਂ ਵਿੱਚ ਪੰਜਾਬ ਸਰਕਾਰ ਦੇ ਵਤੀਰੇ ਪ੍ਰਤੀ ਅਥਾਹ ਗੁੱਸਾ ਭਰਿਆ ਪਿਆ ਹੈ।

ਇਸ ਸਮੇਂ ਆਗੂਆਂ ਨੇ ਮੰਗ ਕੀਤੀ ਕਿ ਮੁਲਾਜ਼ਮਾਂ ਦੀ ਚਿਰਾਂ ਤੋਂ ਲਟਕਦੀਆਂ ਹੱਕੀ ਅਤੇ ਜਾਇਜ ਮੰਗਾਂ ਨੂੰ ਸ਼ਾਂਝੇ ਫਰੰਟ ਦੇ ਆਗੂਆਂ ਨਾਲ ਮੁੱਖ ਮੰਤਰੀ ਪੰਜਾਬ ਤੁਰੰਤ ਮੀਟਿੰਗ ਕਰਕੇ ਮੰਗਾਂ ਦਾ ਨਿਪਟਾਰਾ ਕਰਨ ਦੇ ਸਿੱਧੇ ਰਸਤੇ ਤੁਰਨ ਅਤੇ ਕੀਤੇ ਚੋਣ ਵਾਅਦਿਆਂ ਨੂੰ ਪੂਰਾ ਕਰਨ। ਇਸ ਸਮੇਂ ਪ.ਸ.ਸ.ਫ.ਦੇ ਮਨੋਜ ਕੁਮਾਰ ਸਰੋਏ, ਅੰਗਰੇਜ਼ ਸਿੰਘ, ਕੁਲਵੰਤ ਰਾਮ ਰੁੜਕਾ, ਤਰਲੋਕ ਸਿੰਘ, ਗੁਰਿੰਦਰ ਸਿੰਘ, ਸੁਖਵਿੰਦਰ ਰਾਮ, ਬਲਜੀਤ ਸਿੰਘ ਨਕੋਦਰ, ਗਣੇਸ਼ ਭਗਤ, ਬਲਜੀਤ ਸਿੰਘ ਕੁਲਾਰ, ਰਾਜਿੰਦਰ ਮਹਿਤਪੁਰ, ਕਰਮਜੀਤ ਸਿੰਘ, ਸੁਖਵਿੰਦਰ ਸਿੰਘ ਮੱਕੜ, ਪਰੇਮ ਖਲਵਾੜਾ, ਬਲਵੀਰ ਸਿੰਘ ਗੁਰਾਇਆ, ਸੰਦੀਪ ਰਾਜੋਵਾਲ, ਹਰਮਨਜੋਤ ਸਿੰਘ ਆਹਲੂਵਾਲੀਆ, ਮੁਲਖ਼ ਰਾਜ, ਰਾਜਿੰਦਰ ਸਿੰਘ ਭੋਗਪੁਰ,ਸੂਰਤੀ ਲਾਲ, ਰਣਜੀਤ ਸਿੰਘ, ਸਤਵਿੰਦਰ ਸਿੰਘ ਜੀ ਫਿਲੌਰ,ਮਸਤ ਰਾਮ, ਗੋਪਾਲ ਸਿੰਘ, ਤਰਲੋਕ ਸਿੰਘ, ਸੰਤੋਖ ਸਿੰਘ, ਬਲਵੀਰ ਭਗਤ, ਰਗਜੀਤ ਸਿੰਘ, ਵਿਨੋਦ ਭੱਟੀ, ਅਨਿਲ ਕੁਮਾਰ, ਰਣਜੀਤ ਠਾਕਰ, ਸਰਬਜੀਤ ਸਿੰਘ ਢੇਸੀ, ਦਿਲਬਾਗ ਸਿੰਘ,ਵੇਦ ਰਾਜ, ਸੂਰਜ ਕੁਮਾਰ,ਨਸੀਬ ਚੰਦ, ਕੁਲਵੀਰ ਸਿੰਘ ਆਦਿ ਆਗੂ ਹਾਜਰ ਸਨ।

# ਹੇਵਰਡ, ਕੈਲੀਫੋਰਨੀਆ ਵਿਖੇ ਉੱਘੇ ਖਾਲਸਾ ਕਾਲਜ ਵਿਦਿਆਰਥੀ ਚੰਨ ਗਿੱਲ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ

## ਅਮਰਿੰਦਰ ਗਿੱਲ, ਦਲਜੀਤ ਸੰਧੂ ਤੇ ਡਾ: ਸ਼ਰਨਜੀਤ ਨੇ ਸ਼ਿਰਕਤ ਕੀਤੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)** ਅਮਰੀਕਾ ਸਥਿਤ ਖਾਲਸਾ ਕਾਲਜ ਅੰਮ੍ਰਿਤਸਰ ਦੇ ਸੈਂਕੜੇ ਗਲੋਬਲ ਖਾਲਸਾ ਐਲੂਮਨੀ ਪਿਛਲੇ ਹਫਤੇ ਅਕਾਲ ਚਲਾਣਾ ਕਰ ਗਏ ਉੱਘੇ ਭੰਗੜਾ ਸਟਾਰ ਅਤੇ ਖਾਲਸਾ ਅਲੂਮਨੀ ਚੰਨ ਗਿੱਲ ਦੇ ਅੰਤਿਮ ਦਰਸ਼ਨ ਕਰਨ ਲਈ 'ਹੇਵਰਡ ਫਿਊਨਰਲ ਸਰਵਿਸ ਹੋਮ 'ਵਿਖੇ ਇਕੱਠੇ ਹੋਏ ਅਤੇ ਭੰਗੜੇ ਦੇ ਇਸ ਮਹਾਨ ਕਲਾਕਾਰ ਨੂੰ ਸ਼ਰਧਾਂਜਲੀ ਭੇਟ ਕੀਤੀ ਜਿਸ ਨੇ ਪਿਛਲੇ ਤਿੰਨ ਦਹਾਕਿਆਂ ਵਿੱਚ ਭੰਗੜਾ ਖੇਤਰ ਵਿੱਚ ਸ਼ਲਾਘਾਯੋਗ ਕੰਮ ਕੀਤਾ ਹੈ। ਇਸ ਮੌਕੇ; ਖਾਲਸਾ ਕਾਲਜ ਅੰਮ੍ਰਿਤਸਰ ਗਵਰਨਿੰਗ ਕੌਂਸਲ ਅਤੇ ਖਾਲਸਾ ਕਾਲਜ ਅੰਮ੍ਰਿਤਸਰ ਗਲੋਬਲ ਅਲੂਮਨੀ ਐਸੋਸੀਏਸ਼ਨ ਦੀ ਤਰਫੋਂ ਦਲਜੀਤ ਸਿੰਘ ਸੰਧੂ ਕੈਲੀਫੋਰਨੀਆ; ਮੈਂਬਰ ਖਾਲਸਾ ਕਾਲਜ ਗਵਰਨਿੰਗ ਕੌਂਸਲ ਅਤੇ ਅੰਤਰਰਾਸ਼ਟਰੀ ਕੋਆਰਡੀਨੇਟਰ (ਖਾਲਸਾ ਐਲੂਮਨੀ ਕੈਲੀਫੋਰਨੀਆ ਚੈਪਟਰ) ਨੇ ਸ਼੍ਰੀ ਚਰਨਜੀਤ ਸਿੰਘ ਚੰਨ ਗਿੱਲ ਦੀ ਵਿਛੜੀ ਰੂਹ ਦੇ ਪ੍ਰਤੀ ਦਿਲੀ ਹਮਦਰਦੀ ਪ੍ਰਗਟ ਕੀਤੀ।



ਦਲਜੀਤ ਸਿੰਘ ਸੰਧੂ ਸੈਕਰਾਮੈਂਟੋ ਕੈਲੀਫੋਰਨੀਆ ਨੇ ਕਿਹਾ ਕਿ "131 ਸਾਲ ਪੁਰਾਣੇ ਇਤਿਹਾਸਕ ਖਾਲਸਾ ਕਾਲਜ ਅੰਮ੍ਰਿਤਸਰ ਦੇ ਸ਼ਾਨਦਾਰ ਸਾਬਕਾ ਵਿਦਿਆਰਥੀਆਂ ਵਿੱਚੋਂ ਚੰਨ ਗਿੱਲ ਇੱਕ ਚਮਕਦਾ ਤਾਰਾ ਸੀ ਉਹ ਚੰਨ ਵਾਂਗ ਅਸਮਾਨ ਤੋਂ ਮਿਟ ਗਿਆ ਹੈ । ਡਾ ਦਵਿੰਦਰ ਸਿੰਘ ਛੀਨਾ ਪ੍ਰਧਾਨ; ਖਾਲਸਾ ਕਾਲਜ ਅੰਮ੍ਰਿਤਸਰ ਗਲੋਬਲ ਐਲੂਮਨੀ ਐਸੋਸੀਏਸ਼ਨ ਨੇ ਇਸ ਮੌਕੇ ਭੇਜੇ ਆਪਣੇ ਸ਼ੋਕ ਸੰਦੇਸ਼ ਵਿੱਚ ਕਿਹਾ ਕਿ "ਨੱਬੇ ਦੇ ਦਹਾਕੇ ਦੇ ਸ਼ੁਰੂਆਤੀ ਕਾਲਜ ਦੇ ਦਿਨਾਂ ਵਿੱਚ; ਆਪਣੀ ਸ਼ਾਨਦਾਰ ਪ੍ਰਤਿਭਾ ਅਤੇ ਕਲਾਤਮਕ ਹੁਨਰ ਨਾਲ ਖਾਲਸਾ ਕਾਲਜ ਅੰਮ੍ਰਿਤਸਰ ਦੀ ਸ਼ਾਨ ਨੂੰ ਵਧਾਉਣ ਲਈ ਚੰਨ ਗਿੱਲ ਦੀ ਸ਼ਾਨਦਾਰ ਭੂਮਿਕਾ ਦੇ ਰਿਣੀ ਹਾਂ। ਖਾਲਸਾ ਕਾਲਜ ਅੰਮ੍ਰਿਤਸਰ ਗਵਰਨਿੰਗ ਕੌਂਸਲ ਦੇ ਆਨਰੇਰੀ ਸਕੱਤਰ ਸਰਦਾਰ ਰਜਿੰਦਰ ਮੋਹਨ ਸਿੰਘ ਛੀਨਾ ਅਤੇ ਖਾਲਸਾ ਕਾਲਜ ਅੰਮ੍ਰਿਤਸਰ ਗਵਰਨਿੰਗ ਕੌਂਸਲ ਦੇ ਪ੍ਰਧਾਨ ਡਾ: ਦਵਿੰਦਰ ਸਿੰਘ ਛੀਨਾ ਨੇ "ਅਸੀਂ ਆਪਣੇ ਖਾਲਸਾ ਕਾਲਜ ਕੈਂਪਸ ਵਿੱਚ ਚੰਨ ਗਿੱਲ ਦੀ ਮਿੱਠੀ ਯਾਦ ਨੂੰ ਖਾਲਸਾ ਕਾਲਜ ਦੇ ਹੋਰ ਮਹਾਨ ਮਹਾਨ ਹਸਤੀਆਂ ਦੇ ਨਾਲ ਸੰਭਾਲਣ ਦੀ ਕੋਸ਼ਿਸ਼ ਕਰਾਂਗੇ।"

ਸਰਦਾਰ ਰਜਿੰਦਰ ਮੋਹਨ ਸਿੰਘ ਛੀਨਾ, ਖਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਆਨਰੇਰੀ ਸਕੱਤਰ ਨੇ ਆਪਣੇ ਭੇਜੇ ਸ਼ੋਕ ਸੰਦੇਸ਼ ਦੁਆਰਾ ਦੁਖੀ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਅਤੇ ਭਰੋਸਾ ਦਿਵਾਇਆ!! ਪ੍ਰਸਿੱਧ ਖਾਲਸਾ ਕਾਲਜ ਅੰਮ੍ਰਿਤਸਰ ਦੇ ਸਾਬਕਾ ਵਿਦਿਆਰਥੀ, ਜਿਨ੍ਹਾਂ ਨੇ ਹੇਵਰਡ ਫਿਊਨਰਲ ਸਰਵਿਸ ਹੋਮ ਵਿਖੇ ਚੰਨ ਗਿੱਲ ਨੂੰ ਸ਼ਰਧਾਂਜਲੀ ਭੇਟ ਕੀਤੀ, ਉਨ੍ਹਾਂ ਵਿੱਚ ਪ੍ਰਸਿੱਧ ਅਦਾਕਾਰ ਅਤੇ ਗਾਇਕ ਅਮਰਿੰਦਰ ਗਿੱਲ; ਉੱਘੇ ਕਾਰੋਬਾਰੀ ਸ੍ਰੀ ਰੁਪਿੰਦਰਜੀਤ ਸਿੰਘ ਰੂਪ ਢਿੱਲੋਂ ਸਰੀ, ਕੈਨੇਡਾ ਸ੍ਰੀ ਜੋਗਾ ਸਿੰਘ ਸੰਧੂ) ਖਾਲਸਾ ਐਲੂਮਨੀ ਐਸੋਸੀਏਸ਼ਨ ਚੈਪਟਰ ਟੈਕਸਾਸ ਦੇ ਅੰਤਰਰਾਸ਼ਟਰੀ ਕੋਆਰਡੀਨੇਟਰ) ਬਿਕਰਮ ਸੰਧੂ, ਨਿੱਪੂ ਸੰਧੂ; ਨਵਪ੍ਰੀਤ ਸਿੰਘ; ਗੁਰਮੀਤ ਸਿੰਘ ਭੱਟੀ (ਨਾਪਾ ਵੈਲੀ ਕੈਲੀਫੋਰਨੀਆ) ਸ਼ਾਮਲ ਸਨ! ਅੰਮ੍ਰਿਤਸਰ ਸਥਿਤ ਡਾ: ਕਰਮਜੀਤ ਸਿੰਘ (ਸਵਰਗੀ ਚੰਨ ਗਿੱਲ ਦੇ ਭਰਾ) ਜੋ ਹੇਵਰਡ ਵਿਖੇ ਹੋਏ ਇਸ ਸਸਕਾਰ ਵਿੱਚ ਸ਼ਾਮਲ ਹੋਏ ਸਨ ਨੇ ਇਸ ਸੰਕਟ ਦੀ ਘੜੀ ਵਿੱਚ ਚੰਨ ਗਿੱਲ ਪਰਿਵਾਰ ਨਾਲ ਖੜ੍ਹਨ ਅਤੇ ਇਕਮੁੱਠਤਾ ਪ੍ਰਗਟਾਉਣ ਲਈ ਦਾ ਧੰਨਵਾਦ ਕੀਤਾ।

ਇਸ ਮੌਕੇ 'ਤੇ ਸਲਾਈਡ ਪੇਸ਼ਕਾਰੀ ਰਾਹੀਂ ਔਨਲਾਈਨ ਸ਼ੋਕ ਸੰਦੇਸ਼ ਪ੍ਰਦਰਸ਼ਿਤ ਕੀਤੇ ਗਏ। ਜਿਸ ਵਿੱਚ ਡਾ: ਦਵਿੰਦਰ ਸਿੰਘ ਛੀਨਾ ਦਾ ਸੰਦੇਸ਼; ਬੰਨੀ ਜੌਹਲ (ਲੋਕ ਕਲਾਕਾਰ), ਵਿਕਾਸ (ਲੋਕ ਕਲਾਕਾਰ) ਮਿਸਟਰ ਗੁਰਸ਼ਬਦ (ਲੋਕ ਗਾਇਕ), ਰਣਜੀਤ ਬਾਵਾ (ਅੰਤਰਰਾਸ਼ਟਰੀ ਪ੍ਰਸਿੱਧ ਲੋਕ ਗਾਇਕ) ਦਾ ਸੰਦੇਸ਼ ਨੂੰ ਸਕਰੀਨ 'ਤੇ ਪ੍ਰਦਰਸ਼ਿਤ ਕੀਤਾ ਗਿਆ। ਸ੍ਰੀ ਸੰਧੂ ਨੇ ਚੰਨ ਗਿੱਲ ਦੇ ਪੁੱਤਰ ਨੂੰ ਦਸਤਾਰ ਭੇਟ ਕੀਤੀ।

*****

# ਪੰਜਾਬ 'ਚ ਏਡਜ਼ ਦੇ 10,000 ਤੋਂ ਵੱਧ ਨਵੇਂ ਕੇਸਾਂ ਨੇ ਮਚਾਈ ਦਹਿਸ਼ਤ

**ਚੰਡੀਗੜ੍ਹ-** ਨਸ਼ੇ ਤੋਂ ਬਾਅਦ ਹੁਣ ਪੰਜਾਬ ਵੀ ਤੇਜ਼ੀ ਨਾਲ ਐਚਆਈਵੀ ਪੰਜਾਬ ਵਿੱਚ ਸਾਲ 2022 ਤੋਂ ਜਨਵਰੀ 2023 ਤਕ ਐਚਆਈਵੀ ਦੇ ਦਰਜ ਕੀਤੇ ਗਏ ਕੇਸਾਂ ਦੀ ਗਿਣਤੀ ਹੈਰਾਨੀਜਨਕ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਪੰਜਾਬ ਦੀ ਜਵਾਨੀ ਹੁਣ ਨਸ਼ਿਆਂ ਦੇ ਨਾਲ-ਨਾਲ ਐੱਚਆਈਵੀ ਵਰਗੀਆਂ ਮਾਰੂ ਬੀਮਾਰੀਆਂ ਦਾ ਸ਼ਿਕਾਰ ਹੋ ਰਹੀ ਹੈ। ਜੇਕਰ 2022 ਤੋਂ ਜਨਵਰੀ 2023 ਤੱਕ ਦੇ ਅੰਕੜਿਆਂ ਦੀ ਗੱਲ ਕਰੀਏ ਤਾਂ 10,109 ਮਾਮਲੇ ਦਰਜ ਕੀਤੇ ਗਏ ਹਨ। ਜੋ ਆਪਣੇ ਆਪ ਵਿੱਚ ਬਹੁਤ ਵੱਡੀ ਗਿਣਤੀ ਹੈ।



ਅੰਕੜਿਆਂ ਅਨੁਸਾਰ 10,109 ਕੇਸ ਦਰਜ ਕੀਤੇ ਗਏ ਹਨ, ਜਿਨ੍ਹਾਂ ਵਿੱਚੋਂ 88 ਕੇਸ 15 ਸਾਲ ਤੋਂ ਘੱਟ ਉਮਰ ਦੇ ਨਾਬਾਲਗਾਂ ਦੇ ਹਨ, ਇਹੀ 10,021 ਕੇਸ 15 ਸਾਲ ਤੋਂ ਵੱਧ ਉਮਰ ਦੇ ਲੋਕਾਂ ਵਿੱਚ ਪਾਏ ਗਏ ਹਨ। ਇਨ੍ਹਾਂ ਵਿੱਚ 8155 ਪੁਰਸ਼ ਅਤੇ 1847 ਔਰਤਾਂ ਸ਼ਾਮਲ ਹਨ, ਜਦੋਂ ਕਿ 19 ਟਰਾਂਸਜੈਂਡਰ, 56 ਲੜਕੇ ਅਤੇ 32 ਲੜਕੀਆਂ ਸ਼ਾਮਲ ਹਨ। ਇਨ੍ਹਾਂ 'ਚੋਂ ਸਭ ਤੋਂ ਵੱਧ ਮਾਮਲੇ ਲੁਧਿਆਣਾ ਜ਼ਿਲ੍ਹੇ 'ਚ ਦਰਜ ਹੋਏ ਹਨ, ਲੁਧਿਆਣਾ 'ਚ 1711 ਮਾਮਲੇ ਸਾਹਮਣੇ ਆਏ ਹਨ, ਇਸ ਤੋਂ ਬਾਅਦ ਪਟਿਆਲਾ ਦੂਜੇ ਨੰਬਰ 'ਤੇ ਆਉਂਦਾ ਹੈ, ਇੱਥੇ 795 ਐਚਆਈਵੀ ਪਾਜ਼ੇਟਿਵ ਕੇਸ ਦਰਜ ਹੋਏ ਹਨ। ਪੰਜਾਬ ਦੀ ਜਵਾਨੀ ਪਹਿਲਾਂ ਹੀ ਨਸ਼ਿਆਂ ਦੀ ਗ੍ਰਿਫ਼ਤ ਵਿੱਚ ਹੈ। ਜੋ ਕਿ ਸਰਕਾਰ ਲਈ ਵੱਡੀ ਸਮੱਸਿਆ ਹੈ। ਨਸ਼ਿਆਂ ਦੇ ਮੁੱਦੇ 'ਤੇ ਵਿਰੋਧੀ ਧਿਰਾਂ ਵੱਲੋਂ ਅਕਸਰ ਹੀ ਸਰਕਾਰ ਨੂੰ ਘੇਰਿਆ ਜਾਂਦਾ ਹੈ। ਇਸ ਦੇ ਨਾਲ ਹੀ ਐੱਚ.ਆਈ.ਵੀ ਪਾਜ਼ੀਟਿਵ ਦੀ ਤੇਜ਼ੀ ਨਾਲ ਵਧ ਰਹੀ ਗਿਣਤੀ ਨੂੰ ਦੇਖਦਿਆਂ ਪ੍ਰਸ਼ਾਸਨ 'ਚ ਹੜਕੰਪ ਮਚ ਗਿਆ ਹੈ। ਪਰ ਹੁਣ ਤੱਕ ਇਸ ਗੱਲ ਦਾ ਖੁਲਾਸਾ ਨਹੀਂ ਹੋ ਸਕਿਆ ਹੈ ਕਿ ਐੱਚ.ਆਈ.ਵੀ. ਪਾਜ਼ੀਟਿਵ ਦੀ ਗਿਣਤੀ ਤੇਜ਼ੀ ਨਾਲ ਵਧਣ ਦਾ ਕਾਰਨ ਕੀ ਹੈ। ਸਾਲ 2019 ਦੀ ਇੱਕ ਰਿਪੋਰਟ ਅਨੁਸਾਰ ਪੰਜਾਬ ਵਿੱਚ 11 ਸਾਲਾਂ ਵਿੱਚ ਏਡਜ਼ ਨਾਲ 6081 ਤੋਂ ਵੱਧ ਲੋਕਾਂ ਦੀ ਮੌਤ ਹੋਈ ਹੈ।


SKY TRANSPORT SOLUTIONS

STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

# ਸਾਹਿਬ ਕਾਂਸ਼ੀ ਰਾਮ ਭਵਨ ਜਲੰਧਰ 'ਚ 15 ਮਾਰਚ ਨੂੰ ਮਨਾਇਆ ਜਾਵੇਗਾ ਸਾਹਿਬ ਕਾਂਸ਼ੀ ਰਾਮ ਜੀ ਦਾ ਜਨਮ ਦਿਨ-ਬਸਪਾ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਬਹੁਜਨ ਸਮਾਜ ਦੇ ਮਸੀਹਾ ਕਰੋੜਾ ਦਿਲਾਂ ਦੀ ਧੜਕਣ ਤੇ ਬਹੁਜਨ ਸਮਾਜ ਪਾਰਟੀ ਦੇ ਸੰਸਥਾਪਕ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦੇ ਜਨਮ ਦਿਹਾੜੇ ਨੂੰ ਮਨਾਉਣ ਸੰਬੰਧੀ ਗੜ੍ਹਸ਼ੰਕਰ ਹਲਕੇ ਦੇ ਸੂਝਵਾਨ ਸਾਥੀਆਂ ਦੀ ਜਰੂਰੀ ਮੀਟਿੰਗ ਮਾਹਿਲਪੁਰ ਰੈਸਟ ਹਾਊਸ ਵਿੱਚ ਕੀਤੀ ਗਈ। ਇਸ ਮੀਟਿੰਗ ਵਿੱਚ ਵਿਸੇਸ਼ ਤੌਰ ਤੇ ਪਹੁੰਚੇ ਪੰਜਾਬ ਇੰਚਾਰਜ ਸਾਬਕਾ ਪੰਜਾਬ ਪ੍ਰਧਾਨ, ਸਾਬਕਾ ਵਿਧਾਇਕ ਤੇ ਰਾਜ ਸਭਾ ਮੈਂਬਰ ਸਰਦਾਰ ਅਵਤਾਰ ਸਿੰਘ ਕਰੀਮਪੁਰੀ ਤੇ ਬਸਪਾ ਪੰਜਾਬ ਦੇ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਨੇ ਇਕੱਠੇ ਹੋਏ ਸਾਥੀਆਂ ਨੂੰ ਸੰਬੋਧਨ ਕਰਦਿਆ ਕਿਹਾ ਕਿ ਸਾਡੇ ਖੁੱਸੇ ਹੋਏ ਹੱਕ ਦੁਆਉਣ ਵਾਸਤੇ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਨੇ ਬਹੁਜਨ ਸਮਾਜ ਪਾਰਟੀ ਨਾਮ ਦਾ ਆਪਣਾ ਪਲੇਟਫਾਰਮ ਬਣਾ ਕੇ ਸਾਨੂੰ ਦਿੱਤਾ। ਜਿਸ ਵਿੱਚ ਰਹਿ ਕੇ ਅਸੀਂ ਪੂਰੇ ਦੇਸ਼ ਵਿੱਚ ਬਹੁਜਨ ਸਮਾਜ ਦੇ ਲੋਕਾਂ ਦਾ ਰਾਜ ਲੈ ਕੇ ਆਉਣਾ ਹੈ। ਸਾਹਿਬ ਕਾਂਸ਼ੀ ਰਾਮ ਜੀ ਵਲੋਂ ਸਾਡੇ ਲਈ ਕੀਤੀ ਕੁਰਬਾਨੀ ਨੂੰ ਸਾਨੂੰ ਸਦਾ ਆਪਣੇ ਚੇਤਿਆਂ ਚ ਜਿਊਂਦਾ ਰੱਖਣ ਤੇ ਉਹਨਾਂ ਦੇ ਦਰਸਾਏ ਰਸਤੇ ਤੇ ਚੱਲਣ ਲਈ ਵੱਡੇ ਪੱਧਰ ਤੇ ਬਸਪਾ ਦੇ ਝੰਡੇ ਹੇਠ ਲਾਮਬੰਦ ਹੋਣਾ ਚਾਹੀਦਾ ਹੈ। 15 ਮਾਰਚ ਨੂੰ ਜਲੰਧਰ ਬੂਟਾ ਮੰਡੀ ਵਿਖੇ ਪੰਜਾਬ ਪੱਧਰ ਤੇ ਮਨਾਏ ਜਾ ਰਹੇ ਸੰਮੇਲਨ ਵਿੱਚ ਸਾਨੂੰ ਸਾਰਿਆਂ ਨੂੰ ਵੱਧ ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ। ਇਸ ਸਮਾਗਮ ਨੂੰ ਆਪਣੇ ਘਰ ਦੇ ਸਮਾਗਮ ਦੀ ਤਰ੍ਹਾਂ ਕਾਮਯਾਬ ਕਰਨ ਲਈ ਸਾਨੂੰ ਹਰ ਘਰ ਤੱਕ ਪਹੁੰਚ ਕਰਕੇ ਲੱਖਾਂ ਦੀ ਗਿਣਤੀ ਵਿੱਚ ਇਕੱਠ ਕਰਕੇ ਸਫਲ ਬਣਾਉਣ ਲਈ ਅੱਜ ਤੋਂ ਹੀ ਉਪਰਾਲੇ ਸ਼ੁਰੂ ਕਰ ਦੇਣੇ ਚਾਹੀਦੇ ਹਨ। ਪੰਜਾਬ ਪੱਧਰ ਦੇ ਆਏ ਆਗੂਆਂ ਵਲੋਂ ਹਲਕਾ ਗੜ੍ਹਸ਼ੰਕਰ ਦੀ ਯੂਨਿਟ ਨੂੰ ਇਸ ਪੰਜਾਬ ਪੱਧਰ ਦੇ ਸਮਾਗਮ ਨੂੰ ਸਫਲ ਬਣਾਉਣ ਲਈ ਬਸਪਾ ਹਿਤੈਸ਼ੀਆਂ ਦਾ 25 ਗੱਡੀਆਂ ਦਾ ਕਾਫਲਾ ਤੇ ਆਰਥਿਕ ਮਦਦ ਕਰਨ ਦੀ ਵੀ ਹਦਾਇਤ ਕੀਤੀ ਗਈ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਜਨਰਲ ਸਕੱਤਰ ਗੁਰਲਾਲ ਸੈਲਾ, ਰਜਿੰਦਰ ਸਿੰਘ ਜਨਰਲ ਸਕੱਤਰ, ਚੌਧਰੀ ਗੁਰਨਾਮ ਸਿੰਘ ਜਨਰਲ ਸਕੱਤਰ, ਜਿਲ੍ਹਾ ਪ੍ਰਧਾਨ ਦਲਜੀਤ ਰਾਏ, ਜਿਲ੍ਹਾ ਆਰਗੇਨਾਈਜਰ ਸਕੱਤਰ ਰਣਬੀਰ ਬੱਬਰ, ਹਲਕਾ ਪ੍ਰਧਾਨ ਅਮਰਜੀਤ ਸਿੰਘ ਗੁੱਡੂ, ਜਨਰਲ ਸਕੱਤਰ ਸ਼੍ਰੀ ਰਾਮ ਦਾਸ, ਹਰਦੇਵ ਕੁਮਾਰ, ਚਰਨਜੀਤ ਸਿੰਘ ਹਲਕਾ ਇੰਚਾਰਜ, ਧਰਮ ਚੰਦ ਜਿਲ੍ਹਾ ਸਕੱਤਰ, ਮਨੋਹਰ ਲਾਲ ਵਾਈਸ ਪ੍ਰਧਾਨ ਮਾਹਿਲਪੁਰ, ਚਮਨ ਲਾਲ ਸ਼ਹਿਰੀ ਪ੍ਰਧਾਨ ਮਹਿਲਪੁਰ ਤੇ ਸ਼ਿੰਦਰਪਾਲ ਕੈਸ਼ੀਅਰ ਸਮੇਤ ਵੱਡੀ ਗਿਣਤੀ ਵਿੱਚ ਬਸਪਾ ਸਮਰਥਕ ਹਾਜ਼ਰ ਸਨ। ਮਾਨਯੋਗ ਕਾਂਸ਼ੀ ਰਾਮ ਜੀ ਦੇ ਜਨਮ ਦਿਨ ਨੂੰ ਬੂਟਾ ਮੰਡੀ ਜਲੰਧਰ ਵਿਖੇ ਮਨਾਉਣ ਲਈ ਹਲਕਾ ਗੜ੍ਹਸ਼ੰਕਰ ਦੀ ਮੀਟਿੰਗ ਸਤਿਕਾਰਯੋਗ ਸਰਦਾਰ ਅਵਤਾਰ ਸਿੰਘ ਕਰੀਮਪੁਰੀ ਇੰ:ਪੰਜਾਬ ,ਸਰਦਾਰ ਜਸਵੀਰ ਸਿੰਘ ਗੜ੍ਹੀ ਪ੍ਰਧਾਨ ਬਹੁਜਨ ਸਮਾਜ ਪਾਰਟੀ ਸ਼੍ਰੀ ਗੁਰਲਾਲ ਸਿੰਘ ਜਨਰਲ ਸਕੱਤਰ, ਸ਼੍ਰੀ ਰਜਿੰਦਰ ਸਿੰਘ ਜਨਰਲ ਸਕੱਤਰ, ਚੌਧਰੀ ਗੁਰਨਾਮ ਸਿੰਘ ਜਨਰਲ ਸਕੱਤਰ ਤੇ ਜਿਲਾ ਪ੍ਰਧਾਨ ਸ਼੍ਰੀ ਦਲਜੀਤ ਰਾਏ ਵਲੋਂ ਅਟੈਂਡ ਕੀਤੀ। ਜਿਸ ਦਾ ਪ੍ਰਬੰਧ ਸ਼੍ਰੀ ਰਣਵੀਰ ਬੱਬਰ ਜਿਲਾ ਆਰਗੇਨਾਈਜਰ ਸਕੱਤਰ, ਪ੍ਰਧਾਨ ਅਮਰਜੀਤ ਸਿੰਘ ਗੁੱਡੂ ਹਲਕਾ ਪ੍ਰਧਾਨ, ਸ਼੍ਰੀ ਰਾਮ ਦਾ ਜਨਰਲ ਸਕੱਤਰ, ਸ਼੍ਰੀ ਹਰਦੇਵ ਕੁਮਾਰ ਹਲਕਾ ਇੰ: ਸ਼੍ਰੀ ਚਰਨਜੀਤ ਸਿੰਘ ਹਲਕਾ ਇੰ:, ਸ਼੍ਰੀ ਧਰਮ ਚੰਦ ਜਿਲਾ ਸਕੱਤਰ, ਸ਼੍ਰੀ ਮਨੋਹਰ ਲਾਲ ਵਾਈਸ ਪ੍ਰਧਾਨ ਮਾਹਿਲਪੁਰ ,ਅਤੇ ਸ਼੍ਰੀ ਚਮਨ ਲਾਲ ਸ਼ਹਿਰੀ ਪ੍ਰਧਾਨ ਮਹਿਲਪੁਰ, ਸ਼੍ਰੀ ਸ਼ਿੰਦਰਪਾਲ ਕੈਸ਼ੀਅਰ ਵਲੋਂ ਪ੍ਰਬੰਧ ਕੀਤਾ ਗਿਆ। ਸਟੇਟ ਵਲੋਂ ਹਲਕਾ ਗੜ੍ਹਸ਼ੰਕਰ ਨੂੰ 25 ਗੱਡੀਆਂ ਅਤੇ 20000/-ਰੁ ਦੀ ਆਰਥਿਕ ਸਹਾਇਤਾ ਦੇਣ ਦੀ ਹਦਾਇਤ ਕੀਤੀ ਗਈ। ਤਾਂ ਕਿ ਮਾਨਯੋਗ ਕਾਂਸ਼ੀ ਰਾਮ ਦਾ ਜਨਮ ਦਿਨ ਵੱਡੇ ਪੱਧਰ ਤੇ ਮਨਾਇਆ ਜਾ ਸਕੇ।



# ਅਨੁਸੂਚਿਤ ਜਾਤੀ ਵਰਗ ਦੇ ਨੌਜਵਾਨਾਂ ਦਾ 4 ਹਫ਼ਤੇ ਦਾ ਉਦਮੀ ਵਿਕਾਸ ਪ੍ਰੋਗਰਾਮ ਸਮਾਪਤ


## ਜ਼ਿਲ੍ਹਾ ਉਦਯੋਗ ਕੇਂਦਰ ’ਚ ਆਯੋਜਿਤ ਟ੍ਰੇਨਿੰਗ ਪ੍ਰੋਗਰਾਮ ’ਚ 27 ਭਾਗੀਦਾਰਾਂ ਨੂੰ ਸਵੈ-ਰੋਜ਼ਗਾਰ ਉਦਮ ਸਥਾਪਿਤ ਕਰਨ ਲਈ ਦਿੱਤੀ ਗਈ ਸਿਖਲਾਈ ਅਤੇ ਮਾਰਗ ਦਰਸ਼ਨ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਅਨੁਸੂਚਿਤ ਜਾਤੀ ਵਰਗ ਦੇ ਨੌਜਵਾਨਾਂ ਲਈ 4 ਹਫ਼ਤੇ ਦਾ ਉਦਮੀ ਵਿਕਾਸ ਪ੍ਰੋਗਰਾਮ (ਈ.ਡੀ.ਪੀ) ਦਾ ਸਮਾਪਤੀ ਸਮਾਰੋਹ ਅੱਜ ਜਨਰਲ ਮੈਨੇਜਰ ਜ਼ਿਲ੍ਹਾ ਉਦਯੋਗ ਕੇਂਦਰ ਹੁਸ਼ਿਆਰਪੁਰ ਵਿਖੇ ਸੈਮੀਨਾਰ ਹਾਲ ਵਿਚ ਆਯੋਜਿਤ ਹੋਇਆ। ਜਾਣਕਾਰੀ ਦਿੰਦੇ ਹੋਏ ਜਨਰਲ ਮੈਨੇਜਰ ਜ਼ਿਲ੍ਹਾ ਉਦਯੋਗ ਕੇਂਦਰ ਅਰੁਣ ਕੁਮਾਰ ਨੇ ਦੱਸਿਆ ਕਿ ਇਹ ਪ੍ਰੋਗਰਾਮ ਉਦਯੋਗ ਅਤੇ ਵਣ ਵਿਭਾਗ ਪੰਜਾਬ ਵਲੋਂ ਅਨੁਸੂਚਿਤ ਜਾਤੀ ਕੈਟਾਗਰੀ ਦੇ ਉਦਮੀਆਂ ਲਈ ਵਿਸ਼ੇਸ਼ ਤੌਰ ’ਤੇ ਸਟੇਟ ਪਲਾਟ ਵੀ.ਐਸ.ਆਈ-23 ਤਹਿਤ ਕਰਵਾਇਆ ਗਿਆ। ਇਹ ਟ੍ਰੇਨਿੰਗ ਪ੍ਰੋਗਰਾਮ ਜ਼ਿਲ੍ਹਾ ਉਦਯੋਗ ਕੇਂਦਰ ਹੁਸ਼ਿਆਰਪੁਰ ਵਲੋਂ ਉਦਯੋਗਿਕ ਸਿਖਲਾਈ ਅਤੇ ਗ੍ਰਾਮੀਣ ਵਿਕਾਸ ਪਹਿਲਕਦਮੀ (ਈ.ਟੀ.ਆਰ.ਡੀ.ਆਈ) ਮੁਹਾਲੀ ਵਲੋਂ ਕਰਵਾਇਆ ਗਿਆ ਹੈ। ਜੀ.ਐਮ. ਜ਼ਿਲ੍ਹਾ ਉਦਯੋਗ ਕੇਂਦਰ ਨੇ ਦੱਸਿਆ ਕਿ ਆਰਥਿਕ ਸਸ਼ਕਤੀਕਰਨ ਦੁਆਰਾ ਸਮਾਜ ਦੇ ਸ਼ਾਨਦਾਰ ਵਿਕਾਸ ਦੇ ਬਾਵਜੂਦ, ਜਾਗਰੂਕਤਾ ਦੀ ਕਮੀ ਕਾਰਨ ਸਰਕਾਰ ਵਲੋਂ ਦਿੱਤੇ ਜਾ ਰਹੇ ਲਾਭ ਅਨੁਸੂਚਿਤ ਜਾਤੀ ਦੀ ਆਬਾਦੀ ਦੀ ਪਹੁੰਚ ਤੋਂ ਬਾਹਰ ਰਹੇ। ਜਿਸ ਸਬੰਧੀ ਪੰਜਾਬ ਸਰਕਾਰ ਨੇ ਮਹਿਸੂਸ ਕੀਤਾ ਹੈ ਕਿ ਆਰਥਿਕ ਸਸ਼ਕਤੀਕਰਨ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਕਾਫ਼ੀ ਹੱਦ ਤੱਕ ਘੱਟ ਕਰ ਦੇਵੇਗਾ। ਇਸ ਲਈ ਸਰਕਾਰ ਸਰਕਾਰ ਨੇ ਵਿੱਤੀ ਸਾਲ 2022-23 ਦੌਰਾਨ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿਚ ਇਨ੍ਹਾਂ ਉਦਮਤਾ ਵਿਕਾਸ ਪ੍ਰੋਗਰਾਮਾਂ ਦਾ ਆਯੋਜਨ ਕਰਨ ਦੀ ਯੋਜਨਾ ਬਣਾਈ। ਇਸ ਤਰ੍ਹਾਂ ਦਾ ਇਕ ਪ੍ਰੋਗਰਾਮ ਹੁਸ਼ਿਆਰਪੁਰ ਵਿਚ ਕਰਵਾਇਆ ਗਿਆ। ਉਨ੍ਹਾਂ ਦੱਸਿਆ ਕਿ ਪਿਛਲੇ ਇਕ ਮਹੀਨੇ ਤੋਂ ਭਾਗੀਦਾਰਾਂ ਨੂੰ ਉਨ੍ਹਾਂ ਦੇ ਸਵੈ-ਰੋਜ਼ਗਾਰ ਉਦਮੀ ਸਥਾਪਿਤ ਕਰਨ ਲਈ ਸਿਖਲਾਈ, ਮਾਰਗ ਦਰਸ਼ਨ ਤੇ ਪ੍ਰੇਰਿਤ ਕੀਤਾ ਗਿਆ। ਪ੍ਰੋਗਰਾਮ ਵਿਚ ਕੁੱਲ 27 ਅਨੁਸੂਚਿਤ ਜਾਤੀਆਂ ਦੇ ਉਦਮੀਆਂ ਨੇ ਹਿੱਸਾ ਲਿਆ। ਪਿਛਲੇ ਇਕ ਮਹੀਨੇ ਤੋਂ ਚੱਲ ਰਹੇ ਇਸ ਪ੍ਰੋਗਰਾਮ ਵਿਚ ਇਨ੍ਹਾਂ ਉਦਮੀਆਂ ਨੂੰ ਸਵੈ-ਰੋਜ਼ਗਾਰ ਤਹਿਤ ਇਕਾਈਆਂ ਸਥਾਪਿਤ ਕਰਨ ਲਈ ਵੱਖ-ਵੱਖ ਬਿੰਦੂਆਂ ’ਤੇ ਜਾਣਕਾਰੀ ਦਿੱਤੀ ਗਈ ਅਤੇ ਵੱਖ-ਵੱਖ ਸੈਕਟਰ ਦੇ ਮਾਹਿਰਾਂ ਵਲੋਂ ਉਨ੍ਹਾਂ ਦੇ ਨਾਲ ਆਪਣੇ ਵਿਚਾਰ ਸਾਂਝੇ ਕੀਤੇ ਗਏ। ਇਸ ਪ੍ਰੋਗਰਾਮ ਦੌਰਾਨ ਭਾਗੀਦਾਰਾਂ ਵਲੋਂ ਇਕ ਹਫ਼ਤੇ ਦਾ ਫੀਲਡ ਸਰਵੇ ਵੀ ਕੀਤਾ ਗਿਆ।




ਜਨਰਲ ਮੈਨੇਜਰ ਜ਼ਿਲ੍ਹਾ ਉਦਯੋਗ ਕੇਂਦਰ ਅਰੁਣ ਕੁਮਾਰ ਨੇ ਹਿੱਸਾ ਲੈਣ ਵਾਲਿਆਂ ਨੂੰ ਆਪਣੀ ਸ਼ੁਭਕਾਮਨਾਵਾਂ ਦਿੰਦੇ ਹੋਏ ਉਨ੍ਹਾਂ ਨੂੰ ਅੱਗੇ ਆਉਣ ਅਤੇ ਆਪਣੇ ਯੂਨਿਟ ਸਥਾਪਿਤ ਕਰਨ ਦੀ ਅਪੀਲ ਕੀਤੀ। ਉਨ੍ਹਾਂ ਉਦਮੀਆਂ ਨੂੰ ਪ੍ਰਧਾਨ ਮੰਤਰੀ ਰੋਜ਼ਗਾਰ ਉਤਪਤੀ ਪ੍ਰੋਗਰਾਮ (ਪੀ.ਐਮ.ਈ.ਜੀ.ਪੀ) ਤਹਿਤ ਉਦਮ ਸਥਾਪਿਤ ਕਰਨ ਲਈ ਵਿੱਤੀ ਸਹਾਇਤਾ ਪ੍ਰਾਪਤ ਕਰਨ ਲਈ ਜਾਣਕਾਰੀ ਦਿੱਤੀ ਅਤੇ ਉਨ੍ਹਾਂ ਨੂੰ ਵਿਸ਼ਵਾਸ ਦਿਵਾਇਆ ਕਿ ਬੈਂਕਿੰਗ ਖੇਤਰ ਦੇ ਨਾਲ-ਨਾਲ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਵੀ ਇਕਾਈਆਂ ਸਥਾਪਿਤ ਕਰਨ ਵਾਲੇ ਉਦਮੀਆਂ ਨੂੰ ਹਰ ਤਰ੍ਹਾਂ ਦਾ ਪੂਰਾ ਸਹਿਯੋਗ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਹੁਣ ਤੱਕ ਜ਼ਿਲ੍ਹਾ ਹੁਸ਼ਿਆਰਪੁਰ ਵਿਚ 161 ਲਾਭਪਾਤਰੀਆਂ ਦੇ 1444.79 ਲੱਖ ਰੁਪਏ ਦੇ ਕਰਜ਼ੇ ਜਿਸ ਦੀ ਮਾਰਜਨ ਮਨੀ ਸਬਸਿਡੀ 441.85 ਲੱਖ ਰੁਪਏ ਸੈਂਕਸ਼ਨ ਹੋ ਚੁੱਕੀ ਹੈ। ਅੰਤ ਵਿਚ ਉਨ੍ਹਾਂ ਨੇ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਵੰਡੇ। ਇਸ ਮੌਕੇ ਬੋਲਦਿਆਂ ਈ.ਟੀ.ਆਰ.ਡੀ.ਆਈ ਦੇ ਡਿਪਟੀ ਡਾਇਰੈਕਟਰ ਨਰਿੰਦਰ ਸਿੰਘ ਨੇ ਦੱਸਿਆ ਕਿ ਈ.ਟੀ.ਆਰ.ਆਈ ਸਾਰੇ ਭਾਗੀਦਾਰਾਂ ਨੂੰ ਪੂਰਾ ਸਹਿਯੋਗ ਦੇਵੇਗਾ। ਇਹ ਹੈਂਡ ਹੋਲਡਿੰਗ ਪੂਰੇ ਇਕ ਸਾਲ ਲਈ ਉਦੋਂ ਤੱਕ ਜਾਰੀ ਰਹੇਗੀ, ਜਦ ਤਕ ਵੱਧ ਤੋਂ ਵੱਧ ਭਾਗੀਦਾਰ ਆਪਣੇ ਸਵੈ-ਰੋਜਗਾਰ ਵਾਲੇ ਉਦਮ ਦੀ ਸਥਾਪਨਾ ਨਹੀਂ ਕਰ ਲੈਂਦੇ। ਇਸ ਮੌਕੇ ਨਿਰੁਪਾ ਰਾਮਪਾਲ, ਫੰਕਸ਼ਨਲ ਮੈਨੇਜਰ ਪੂਜਾ ਵੀ ਮੌਜੂਦ ਸਨ।

# ਭਾਰਤੀ ਡਿਗਰੀਆਂ ਨੂੰ ਆਸਟ੍ਰੇਲੀਆ 'ਚ ਦਿੱਤੀ ਜਾਵੇਗੀ ਮਾਨਤਾ



ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ ਪਿਛਲੇ ਸਾਲ ਮਈ 'ਚ ਅਹੁਦਾ ਸੰਭਾਲਣ ਤੋਂ ਬਾਅਦ ਆਪਣੀ ਪਹਿਲੀ ਯਾਤਰਾ 'ਤੇ ਬੁੱਧਵਾਰ ਨੂੰ ਭਾਰਤ ਪਹੁੰਚੇ। ਅਲਬਾਨੀਜ਼ ਬੁੱਧਵਾਰ ਸ਼ਾਮ ਨੂੰ ਗੁਜਰਾਤ ਦੇ ਅਹਿਮਦਾਬਾਦ ਪਹੁੰਚੇ ਅਤੇ ਮਹਾਤਮਾ ਗਾਂਧੀ ਨੂੰ ਸ਼ਰਧਾਂਜਲੀ ਦੇਣ ਲਈ ਸਿੱਧੇ ਸ਼ਹਿਰ ਦੇ ਸਾਬਰਮਤੀ ਆਸ਼ਰਮ ਵੱਲ ਰਵਾਨਾ ਹੋਏ।

ਟਵਿੱਟਰ 'ਤੇ ਉਨ੍ਹਾਂ ਨੇ ਲਿਖਿਆ, "ਅਹਿਮਦਾਬਾਦ ਦੇ ਸਾਬਰਮਤੀ ਆਸ਼ਰਮ ਵਿੱਚ ਗਾਂਧੀ ਦੀ ਵਿਰਾਸਤ ਨੂੰ ਸ਼ਰਧਾਂਜਲੀ ਭੇਟ ਕਰਨਾ ਇੱਕ ਸੱਚਾ ਸਨਮਾਨ ਹੈ।" ਗੁਜਰਾਤ ਵਿੱਚ ਇੱਕ ਪ੍ਰੋਗਰਾਮ ਵਿੱਚ, ਉਨ੍ਹਾਂ ਨੇ ਐਲਾਨ ਕੀਤਾ ਕਿ ਆਸਟਰੇਲੀਆ ਦੀ ਡੀਕਿਨ ਯੂਨੀਵਰਸਿਟੀ, ਗਾਂਧੀਨਗਰ, ਗੁਜਰਾਤ ਵਿੱਚ ਗਿਫਟ ਸਿਟੀ ਵਿੱਚ ਆਪਣੀ ਸ਼ਾਖਾ ਸਥਾਪਤ ਕਰੇਗੀ। ਉਨ੍ਹਾਂ ਕਿਹਾ ਕਿ ਭਾਰਤ ਅਤੇ ਆਸਟ੍ਰੇਲੀਆ ਨੇ ਆਸਟ੍ਰੇਲੀਆ-ਭਾਰਤ ਸਿੱਖਿਆ ਯੋਗਤਾ ਮਾਨਤਾ ਵਿਧੀ ਨੂੰ ਅੰਤਿਮ ਰੂਪ ਦੇ ਦਿੱਤਾ ਹੈ।

# ਦਲਿਤ ਅਤੇ ਪੱਛੜੇ ਸਮਾਜ ਦੇ ਮਸਲਿਆਂ ਦੇ ਹੱਲ਼ ਲਈ ਸਰਕਾਰ ਗੰਭੀਰ ਨਹੀਂ- ਜੁਆਇੰਟ ਐਕਸ਼ਨ ਕਮੇਟੀ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਜੁਆਇੰਟ ਐਕਸ਼ਨ ਕਮੇਟੀ ਆਫ ਐਸ.ਸੀ., ਬੀ.ਸੀ. ਇੰਪਲਾਈਜ਼ ਅਤੇ ਸੋਸ਼ਲ ਆਰਗੇਨਾਈਜੇਸ਼ਨ ਪੰਜਾਬ ਦੇ ਫੈਸਲੇ ਅਨੁਸਾਰ ਅੱਜ ਜ਼ਿਲ੍ਹਾ ਸ਼.ਭ.ਸਨਗਰ ਦੀ ਇਕਾਈ ਵੱਲੋਂ ਡੀ.ਸੀ. ਦਫਤਰ ਅੱਗੇ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਤੇ ਸੰਬੋਧਨ ਕਰਦਿਆਂ ਨੈਸ਼ਨਲ ਲੇਬਰ ਆਰਗੇਨਾਈਜ਼ੇਸ਼ਨ ਦੇ ਕਨਵੀਨਰ ਬਲਦੇਵ ਭਾਰਤੀ ਨੇ ਦੱਸਿਆ 6 ਦਿਸੰਬਰ 2022 ਨੂੰ ਸੰਗਰੂਰ ਵਿਖੇ ਮੁੱਖ ਮੰਤਰੀ ਦੀ ਕੋਠੀ ਦੇ ਇਤਿਹਾਸਿਕ ਘਿਰਾਓ ਕਰਨ ਤੋਂ ਬਾਅਦ ਮਿਤੀ 22/12/2022 ਨੂੰ ਪੰਜਾਬ ਭਵਨ ਚੰਡੀਗੜ੍ਹ ਕੈਬਨਿਟ ਮੰਤਰੀਆਂ ਦੀ ਸਬ-ਕਮੇਟੀ ਅਤੇ ਜੁਆਇੰਟ ਐਕਸ਼ਨ ਕਮੇਟੀ ਵਿਚਕਾਰ 30 ਨੁਕਾਤੀ ਮੰਗ ਪੱਤਰ ਤੇ ਵਿਸਥਾਰ ਚਰਚਾ ਹੋਈ ਸੀ। ਕੈਬਨਿਟ ਸਬ ਕਮੇਟੀ ਵਲੋਂ ਇਹ ਕਿਹਾ ਗਿਆ ਕਿ ਇਸ ਮੰਗ ਪੱਤਰ ਅਨੁਸਾਰ ਸਾਰੇ ਵਿਭਾਗਾਂ ਤੋਂ ਰੀਵਿਊ ਕਰਕੇ ਵਿਸਥਾਰ ਰਿਪੋਰਟ ਤਿਆਰ ਕਰਕੇ ਮਿਤੀ 22/01/2023 ਤੱਕ ਕਮੇਟੀ ਦੇ ਆਗੂਆਂ ਦੀ ਮੁੱਖ ਮੰਤਰੀ ਪੰਜਾਬ ਨਾਲ ਮੀਟਿੰਗ ਕਰਵਾਈ ਜਾਵੇਗੀ ਅਤੇ ਮਸਲੇ ਹੱਲ ਕੀਤੇ ਜਾਣਗੇ। ਪਰ ਪੰਜਾਬ ਸਰਕਾਰ ਵਲੋ ਕੀਤਾ ਗਿਆ ਇਹ ਵਾਅਦਾ ਅੱਜ ਤੱਕ ਪੂਰਾ ਨਹੀਂ ਹੋਇਆ। ਇਸ ਕਰਕੇ ਸਮਾਜ ਵਿੱਚ ਬੇਚੈਨੀ ਅਤੇ ਬੇਵਿਸ਼ਵਾਸ਼ੀ ਫੈਲ ਰਹੀ ਹੈ।

ਇਸ ਮੌਕੇ ਤੇ ਸੂਬਾਈ ਮੁਲਾਜ਼ਮ ਆਗੂ ਦਿਨੇਸ਼ ਕੁਮਾਰ ਕਰੀਹਾ ਨੇ ਕਿਹਾ ਕਿ ਦਲਿਤ ਅਤੇ ਪੱਛੜੇ ਸਮਾਜ ਦੇ ਮਸਲਿਆਂ ਦੇ ਹੱਲ਼ ਲਈ ਸਰਕਾਰ ਗੰਭੀਰ ਨਹੀਂ। ਜੇਕਰ ਸਰਕਾਰ ਨੇ ਦਲਿਤ ਅਤੇ ਪੱਛੜੇ ਵਰਗ ਵਿਰੋਧੀ ਵਤੀਰਾ ਨਾ ਤਿਆਗਿਆ ਤਾਂ ਸਮਾਜ ਦੇ ਰੋਸ ਦਾ ਆਮ ਆਦਮੀ ਪਾਰਟੀ ਨੂੰ ਜਲੰਧਰ ਲੋਕ ਸਭਾ ਦੀ ਜ਼ਮੀਨੀ ਚੋਣ ਵਿੱਚ ਸੰਗਰੂਰ ਦੀ ਉੱਪ ਚੋਣ ਵਰਗੀ ਨਮੋਸ਼ੀ ਦਾ ਸਾਹਮਣਾ ਕਰਨਾ ਪਵੇਗਾ।

ਇਸ ਮੌਕੇ ਤੇ ਕਮੇਟੀ ਦੇ ਜਿਲ੍ਹਾ ਪ੍ਰਧਾਨ ਅਮਰਜੀਤ ਖਟਕੜ ਨੇ ਕਿਹਾ ਕਿ ਜੁਆਇੰਟ ਐਕਸ਼ਨ ਕਮੇਟੀ 85ਵੀਂ ਸੰਵਿਧਾਨਿਕ ਸੋਧ ਨੂੰ ਲਾਗੂ ਕਰਨ, ਰਾਖਵਾਂਕਰਨ ਵਿਰੋਧੀ 10/10/2014 ਦਾ ਪੱਤਰ ਰੱਦ ਕਰਕੇ 85ਵੀਂ ਸੰਵਿਧਾਨਿਕ ਸੋਧ ਸੀਨੀਆਤਾ ਸੂਚੀਆਂ ਸੋਧ ਕੇ ਸਮਾਜ ਦੇ ਸੀਨੀਅਰ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਪਦ ਉਨਤੀਆਂ ਕੀਤੇ ਜਾਣ, ਪੁਰਾਣੀ ਪੈਨਸ਼ਨ ਬਹਾਲੀ, ਕੱਚੇ ਮੁਲਾਜ਼ਮ ਪੱਕੇ ਕਰਨ, ਪੈਨਸ਼ਨਰਜ਼ ਨੂੰ 2.59 ਦਾ ਗੁਣਾਂਕ ਅੰਕ ਦਾ ਲਾਭ ਦੇਣ, ਭਰਤੀਆਂ ਅਤੇ ਤਰੱਕੀਆਂ ਵਿੱਚ ਆਬਾਦੀ ਦੇ ਅਨੁਪਾਤ ਅਨੁਸਾਰ ਹਰ ਪੱਧਰ ਤੇ ਐਸ.ਸੀ. ਨੂੰ 40% ਅਤੇ ਬੀ.ਸੀ. ਨੂੰ 27% ਰਾਖਵਾਂਕਰਨ ਦੇਣ , ਚੋਣ ਵਾਅਦਿਆਂ ਅਨੁਸਾਰ ਬੇ-ਰੋਜ਼ਗਾਰੀ ਭੱਤਾ 3500/-ਰੁ: ਪ੍ਰਤੀ ਮਹੀਨਾ ਮਹਿਲਾਵਾਂ ਨੂੰ 1000/-ਰੁ: ਪ੍ਰਤੀ ਮਹੀਨਾ ਦੇਣ, ਬੇਘਰਾਂ ਨੂੰ ਘਰ ਬਣਾ ਕੇ ਦਿੱਤੇ ਜਾਣ, ਮਨਰੇਗਾ ਮਜ਼ਦੂਰਾਂ ਨੂੰ 700/-ਰੁ: ਦਿਹਾੜੀ 365 ਦਿਨ ਦਾ ਰੋਜ਼ਗਾਰ, ਸ਼ਹਿਰੀ ਖੇਤਰਾਂ ਵਿੱਚ ਮਨਰੇਗਾ ਲਾਗੂ ਕਰਨ, ਲੈਂਡ ਸੀਲਿੰਗ ਐਕਟ ਲਾਗੂ ਕਰਨ, ਮਨਰੇਗਾ ਬਜਟ ਵਿੱਚ ਕਟੌਤੀ ਬੰਦ ਕਰਨ, ਨਿੱਜੀ ਖੇਤਰ ਵਿੱਚ ਰਾਖਵਾਂਕਰਨ ਬਹਾਲ ਕਰਨ, ਜਾਅਲੀ ਐਸ.ਸੀ. ਸਰਟੀਫਿਕੇਟ ਬਣਾਉਣ ਵਾਲਿਆਂ ਨੂੰ ਸਖਤ ਸਜਾਵਾਂ ਦਿੱਤੇ ਜਾਣ ਦੀ ਪੁਰਜੋਰ ਮੰਗ ਕਰਦੀ ਹੈ। ਇਸ ਮੌਕੇ ਤੇ ਲਖਵੀਰ ਸਿੰਘ, ਬੂਟਾ ਮਾਹਲ, ਅਸ਼ੋਕ ਕੁਮਾਰ ਮਹੇ, ਰਾਮ ਲੁਭਾਇਆ ਕਲਸੀ, ਸੁਰਜੀਤ ਮੱਲ੍ਹਪੋਤਾ, ਬਲਦੀਸ਼ ਕੁਮਾਰ, ਹਰੀ ਸਿੰਘ, ਨਰਿੰਦਰ ਬੇਗਮਪੁਰ, ਰਵਿੰਦਰ ਕੁਮਾਰ ਸੁਨਿਆਰਾ, ਭੁਪਿੰਦਰ ਸਿੰਘ, ਸੁਦੇਸ਼ ਦਿਵਾਨ, ਭੁਪਿੰਦਰ ਕੁਲਾਮ, ਰਾਮ ਲਾਲ, ਮਨੋਜ ਕਰੀਮਪੁਰ, ਨਰਿੰਦਰ ਸੋਇਤਾ, ਦੀਦਾਰ ਸਿੰਘ, ਮਨਜੀਤ ਸਿੰਘ, ਹਰਸੁਖਤਿੰਦਰ ਪ੍ਰਸ਼ਾਦ ਸੂਦ, ਹਰਮੇਸ਼ ਗੁਰੂ ਆਦਿ ਆਗੂਆਂ ਨੇ ਹਾਜ਼ਰ ਹੋ ਕੇ ਰਾਜੀਵ ਵਰਮ ਐਡੀਸ਼ਨਲ ਡਿਪਟੀ ਕਮਿਸ਼ਨ ਨੂੰ ਮੁੱਖ ਮੰਤਰੀ ਪੰਜਾਬ ਸਰਕਾਰ ਦੇ ਨਾਮ ਰੋਸ ਪੱਤਰ ਸੌਂਪਿਆ।






# ਸ਼ਹੀਦ ਕਾਂਸ਼ੀ ਰਾਮ ਮੜੌਲੀ ਨੇ ਕੀਤਾ ਦੇਸ਼ ’ਤੇ ਸਭ ਕੁਝ ਨਿਛਾਵਰ












ਦਿੱਲੀ ਦੇ ਪ੍ਰਗਤੀ ਮੈਦਾਨ ਵਿੱਚ ਨੈਸ਼ਨਲ ਬੁੱਕ ਟਰੱਸਟ ਵੱਲੋਂ ਆਯੋਜਿਤ ਵਿਸ਼ਵ ਪੁਸਤਕ ਮੇਲੇ ਵਿੱਚ ਸਤਵਿੰਦਰ ਸਿੰਘ ਮੜੌਲਵੀ ਦੀ ਲਿਖੀ ਸ਼ਹੀਦ ਕਾਂਸ਼ੀ ਰਾਮ ਕਿਤਾਬ ਦੀ ਚੱਠ ਮੌਕੇ ਵਿਸ਼ਵ ਪ੍ਰਸਿੱਧ ਲੇਖਕ ਬਲਵੀਰ ਮਾਧੋਪੁਰੀ, ਇਨਕਲਾਬੀ ਲਹਿਰਾਂ ਦੇ ਖੋਜੀ ਸੀਤਾ ਰਾਮ ਬਾਂਸਲ ਅਤੇ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਦਿੱਲੀ ਦੇ ਪ੍ਰਿੰਸੀਪਲ ਪ੍ਰੋ: ਜਸਵਿੰਦਰ ਸਿੰਘ ਨੇ ਆਪਣੇ ਵਿਤਾਰ ਪੇਸ਼ ਕੀਤੇ। ਬਲਵੀਰ ਮਾਧੋਪੁਰੀ ਨੇ ਗਦਰ ਲਹਿਰ ਦੇ ਇਤਿਹਾਸਕ ਤੱਥ ਪੇਸ਼ ਕੀਤੇ ਅਤੇ ਗਦਰੀ ਦੇਸ਼ ਭਗਤਾਂ ਨੂੰ ਜਾਤਾਂ-ਧਰਮਾਂ ਦੇ ਨਾਂ ਤੇ ਵੰਡਣ ਦੀ ਨਿਖੇਧੀ ਕੀਤੀ।

ਸੀਤਾ ਰਾਮ ਬਾਂਸਲ ਨੇ ਕਿਹਾ ਕਿ ਗਰੀਬੀ ਅਤੇ ਭੁੱਖਮਰੀ ਦੇ ਝੰਬੇ ਭਾਰਤੀ ਵਿਦੇਸ਼ਾਂ ਵਿੱਚ ਰੋਜੀ-ਰੋਟੀ ਖਾਤਰ ਗਏ ਸਨ। ਉੱਥੇ ਹੋਏ ਵਿਤਕਰੇ ਅਤੇ ਆਜ਼ਾਦੀ ਦੇ ਅਹਿਸਾਸ ਨੇ ਉਨ੍ਹਾਂ ਨੂੰ ਦੇਸ਼ ਆਜ਼ਾਦ ਕਰਾਉਣ ਲਈ ਪ੍ਰੇਰਿਤ ਕੀਤਾ। ਪਹਿਲੀ ਸੰਸਾਰ ਜੰਗ ਲਗਦਿਆਂ ਹੀ ਅੱਠ ਹਜਾਰ ਗਦਰੀ ਦੇਸ਼ ਭਗਤ ਵਿਦੇਸ਼ਾਂ ਤੋਂ ਭਾਰਤ ਮੁੜ ਆਏ ਸਨ। ਦੇਸ਼ ਦੀ ਆਜ਼ਾਦੀ ਲਈ ਹਜਾਰਾਂ ਗਦਰੀ ਦੇਸ਼ ਭਗਤਾਂ ਨੇ ਬਗਾਵਤ ਬਦਲੇ ਫਾਂਸੀਆਂ, ਜਲਾਵਤਨੀਆਂ, ਜੇਲ੍ਹਾਂ ਦੀਆਂ ਤਕਲੀਫਾਂ ਝੱਲੀਆਂ। 27 ਨਵੰਬਰ 1914 ਨੂੰ ਫਿਰੋਜਸ਼ਾਹ (ਜਿਲ੍ਹਾ ਫਿਰੋਜ਼ਪੁਰ) ਵਿਖੇ 15 ਗਦਰੀਆਂ ਦਾ ਪੁਲਿਸ ਨਾਲ ਭੇੜ ਹੋ ਗਿਆ। ਇੱਕ ਥਾਣੇਦਾਰ ਅਤੇ ਇਕ ਜੈਲਦਾਰ ਗਦਰੀਆਂ ਨੇ ਮਾਰ ਦਿੱਤੇ। ਪੁਲਿਸ ਮੁਕਾਬਲੇ ਵਿੱਚ ਦੋ ਗਦਰੀ ਸ਼ਹੀਦ ਹੋਏ, ਸੱਤ ਗ੍ਰਿਫਤਾਰ ਕਰ ਲਏ ਅਤੇ ਬਾਕੀ ਫਰਾਰ ਹੋ ਗਏ।ਸੱਤਾਂ ਗਦਰੀ ਦੇਸ਼ ਭਗਤਾਂ ਨੂੰ ਸੈਸ਼ਨ ਜੱਜ ਫਿਰੋਜਪੁਰ ਨੇ ਫਾਂਸੀ ਦੀ ਸਜਾ ਸੁਣਾਈ।ਮਿੰਟਗੁਮਰੀ ਅਤੇ ਲਾਹੌਰ ਜੇਲ੍ਹਾਂ ਵਿੱਚ 25 ਅਤੇ 27 ਮਾਰਚ 1915 ਨੂੰ ਫਾਂਸੀ ਲਾ ਦਿੱਤੇ ਗਏ। ਆਜ਼ਾਦੀ ਦੇ 75ਵੇਂ ਵਰ੍ਹੇ ’ਤੇ ਭਾਰਤ ਸਰਕਾਰ ਨੇ ਅਣਗੌਲੇ ਦੇਸ਼ ਭਗਤਾਂ ’ਤੇ ਕਿਤਾਬਾਂ ਛਪਵਾਈਆਂ ਹਨ ਜਿਸ ਦੀ ਬੁਲਾਰਿਆਂ ਨੇ ਤਾਰੀਫ ਕੀਤੀ। ਪ੍ਰਿੰਸੀਪਲ ਜਸਵਿੰਦਰ ਸਿੰਘ ਨੇ ਗਦਰੀ ਦੇਸ਼ ਭਗਤਾਂ ਦੇ ਧਰਮ ਨਿਰਪੱਖ ਸਰਬ ਸਾਂਝੀਵਾਲਤਾ ਸੰਕਲਪ ਬਾਰੇ ਚਾਨਣਾ ਪਾਇਆ।

**ਦੇਸ਼ ਦੁਆਬਾ ਬਿਊਰੋ**

# ਪਿੰਡ ਬਾਰਨ ਵਿੱਚ ਸ਼ਹੀਦ ਬਾਬਾ ਜੈ ਸਿੰਘ ਖਲਕਟ ਦਾ ਸ਼ਹੀਦੀ ਦਿਵਸ ਮਨਾਇਆ ਗਿਆ

ਸਰਹਿੰਦ ਰੋਡ ਪਟਿਆਲਾ ਤੇ ਸਥਿਤ ਪਿੰਡ ਬਾਰਨ ਵਿੱਚ ਸ਼ਹੀਦ ਬਾਬਾ ਜੈ ਸਿੰਘ ਖਲਕਟ ਦਾ 270ਵਾਂ ਸ਼ਹੀਦੀ ਦਿਹਾੜਾ ਬੜੀ ਸ਼ਰਧਾਪੂਰਵਕ ਮਨਾਇਆ ਗਿਆ। ਤਿੰਨ ਦਿਨ ਲਗਾਤਾਰ ਚੱਲੇ ਧਾਰਮਿਕ ਦੀਵਾਨਾਂ ਵਿਚ ਸੰਤ ਬਾਬਾ ਸੁਖਵਿੰਦਰ ਸਿੰਘ ਟਿੱਬੇਵਾਲਿਆਂ ਸਮੇਤ ਕਈ ਸਾਰੇ ਸੰਤ ਬਾਬਿਆਂ ਨੇ ਸੰਗਤਾਂ ਨੂੰ ਰੂਹਾਨੀਅਤ ਦੇ ਰੰਗ ਵਿਚ ਰੰਗਿਆ। ਅਮ੍ਰਿਤਪਾਨ ਵੇਲੇ ਸੰਗਤਾਂ ਨੇ ਅਮ੍ਰਿਤਪਾਨ ਵੀ ਕੀਤਾ। ਗੁਰਦੁਆਰਾ ਸਾਹਿਬ ਨੂੰ ਨੁਕਸਾਨ ਪਹੁੰਚਾਉਣ ਵਾਲਿਆਂ ਵਿਰੁੱਧ ਹਰ ਤਰ੍ਹਾਂ ਦੀ ਕਾਰਵਾਈ ਕਰਨ ਲਈ ਸੰਗਤ ਨੇ ਸਾਂਝੇ ਰੂਪ ਵਿਚ ਮਤਾ ਪਾਇਆ। ਇਸ ਸਮੇਂ ਵੱਖ ਵੱਖ ਧਾਰਮਿਕ, ਸਮਾਜਕ ਤੇ ਸਿਆਸੀ ਸਖਸ਼ੀਅਤਾਂ ਨੇ ਹਾਜਰੀ ਭਰੀ ਅਤੇ ਸ਼ਹੀਦ ਬਾਬਾ ਜੈ ਸਿੰਘ ਖਲਕਟ ਦੇ ਜੀਵਨ ਬਾਰੇ ਵਿਚਾਰ ਵਟਾਂਦਰਾ ਕੀਤਾ। ਇਸ ਧਾਰਮਿਕ ਦੀਵਾਨ ਵਿਚ ਸੰਤ ਬਾਬਾ ਧਰਮਪਾਲ ਸਿੰਘ ਸੰਗੋਵਾਲੀਆ, ਬਾਬਾ ਹਰਬੰਸ ਸਿੰਘ ਜੈਨਪੁਰ ਵਾਲੇ, ਭਾਈ ਭਗਵੰਤ ਸਿੰਘ ਢੀਂਡਸਾਂ ਵਾਲੇ, ਗਿਆਨੀ ਪ੍ਰਿਤਪਾਲ ਸਿੰਘ ਕਥਾਵਾਚਕ ਗੁਰਦੁਆਰਾ ਦੁਖਨਿਵਾਰਨ ਸਾਹਿਬ, ਜਥੇਦਾਰ ਅਮਰੀਕ ਸਿੰਘ ਕਾਰ ਸੇਵਾ ਵਾਲਿਆਂ ਤੋਂ ਇਲਾਵਾ ਹੋਰ ਕਈ ਸੰਤਾਂ ਮਹਾਂਪੁਰਸ਼ਾਂ ਨੇ ਇਸ ਵੇਲੇ ਬਾਣੀ ਰਾਹੀਂ ਹਾਜਰ ਸੰਗਤਾਂ ਨੂੰ ਨਿਹਾਲ ਕੀਤਾ। ਉਨ੍ਹਾਂ ਦੱਸਿਆ ਕਿ ਸਿੱਖ ਇਤਿਹਾਸ ਵਿਸ਼ਵ ਦੇ ਸਾਰੇ ਭਾਈਚਾਰਿਆਂ, ਧਰਮਾਂ ਅਤੇ ਦੇਸ਼ਾਂ ਦੇ ਇਤਿਹਾਸ ਵਿੱਚੋਂ ਸਭ ਤੋਂ ਨਿਵੇਕਲਾ, ਵਿਲੱਖਣ, ਹੈਰਾਨੀਜਨਕ ਅਤੇ ਮਹਾਨ ਹੈ। ਬਾਬਾ ਜੈ ਸਿੰਘ ਖਲੱਕਟ ਗੁਰੂ ਗੋਬਿੰਦ ਸਿੰਘ ਜੀ ਦੇ ਪੂਰਨ ਗੁਰਸਿੱਖ ਸਨ ਜਿਨ੍ਹਾਂ ਨੇ ਆਪਣਾ ਸਾਰਾ ਪਰਿਵਾਰ ਧਰਮ ਖਾਤਰ ਸ਼ਹੀਦ ਕਰਵਾ ਦਿੱਤਾ ਪਰੰਤੂ ਧਰਮ ਤੇ ਕਿਸੇ ਪ੍ਰਕਾਰ ਦੀ ਆਂਚ ਨਹੀਂ ਆਉਣ ਦਿੱਤੀ।



ਆਪ ਸਿੱਖ ਕੌਮ ਦੇ ਮਹਾਨ ਸ਼ਹੀਦ ਸਨ। ਇਸ ਮੌਕੇ ਪੁੱਜੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਜਸਬੀਰ ਸਿੰਘ ਜੱਸੀ ਸੋਹੀਆਂ ਵਾਲਿਆਂ ਨੇ ਕਿਹਾ ਕਿ ਇਹ ਦਰ ਸਿੱਖ ਕੌਮ ਦਾ ਮਹਾਨ ਦਰ ਹੈ ਅਤੇ ਸਾਡੇ ਸਭ ਲਈ ਮਾਣ ਦੀ ਗੱਲ ਹੈ ਕਿ ਸਾਡੇ ਸ਼ਹੀਦਾਂ ਨੇ ਅਪਣੀ ਜਾਨ ਦੀ ਕੁਰਬਾਨੀ ਤਾਂ ਦੇ ਦਿਤੀ ਪਰ ਅਪਣੇ ਸਿਦਕ ਨੂੰ ਨਹੀਂ ਛੱਡਿਆ। ਪੰਜਾਬ ਦੇ ਸਿਹਤ ਮੰਤਰੀ ਡਾਕਟਰ ਬਲਬੀਰ ਸਿੰਘ ਦਿਲੀ ਗਏ ਹੋਣ ਕਰਕੇ ਉਹ ਨਹੀਂ ਆ ਸਕੇ ਅਤੇ ਉਨ੍ਹਾਂ ਵਲੋਂ ਭੇਜੇ ਗਏ ਆਪ ਆਗੂ ਜਸਬੀਰ ਗਾਂਧੀ ਨੇ ਕਿਹਾ ਕਿ ਸਰਕਾਰ ਸਹੀਦਾਂ ਦੀ ਯਾਦ ਸੰਭਾਲਣ ਅਤੇ ਸਹੀਦਾਂ ਦੇ ਸਨਮਾਨ ਲਈ ਯੋਗ ਪ੍ਰਬੰਧ ਕਰ ਰਹੀ ਹੈ। ਪੰਜਾਬ ਰਾਜ ਅਨੁਸੂਚਿਤ ਜਾਤਿ ਆਯੋਗ ਦੇ ਮੈਂਬਰ ਪੂਨਮ ਕਾਂਗੜ ਨੇ ਕਿਹਾ ਕਿ ਪੰਜਾਬ ਸਰਕਾਰ ਇਸ ਮਹਾਨ ਦਰ ਨੂੰ ਹਰ ਤਰ੍ਹਾਂ ਦੀ ਮੱਦਦ ਦੇਵੇਗੀ।

ਇਸ ਮੌਕੇ ਆਮ ਆਦਮੀ ਪਾਰਟੀ ਦੇ ਐਸ ਸੀ ਵਿੰਗ ਦੇ ਸੂਬਾ ਪ੍ਰਧਾਨ ਅਮਰੀਕ ਸਿੰਘ ਬੰਗੜ, ਬਹੁਜਨ ਸਮਾਜ ਪਾਰਟੀ ਦੇ ਸੂਬਾ ਜਨਰਲ ਸਕੱਤਰ ਜੋਗਾ ਸਿੰਘ ਪਨੌਦੀਆਂ, ਸੁਰਜੀਤ ਸਿੰਘ ਗੋਰੀਆ, ਜਰਨੈਲ ਸਿੰਘ ਝਿੱਲ, ਸਤਵੰਤ ਕੌਰ, ਕੁਲਵਿੰਦਰ ਸਿੰਘ ਬਾਸੀਅਰਖ, ਗੁਰਦੀਪ ਸਿੰਘ ਨੰਬਰਦਾਰ, ਗੁਰਲਾਲ ਸਿੰਘ ਪ੍ਰਧਾਨ ਐਸ ਸੀ ਐਸ ਟੀ ਡੀਸੀਡਬਲਿਊ, ਰੋਸ਼ਨ ਲਾਲ ਪ੍ਰਧਾਨ ਗੁਰੂ ਰਵਿਦਾਸ ਸਭਾ, ਹਰਜੀਤ ਸਿੰਘ, ਦਰਸ਼ਨ ਸਿੰਘ, ਮੋਹਨ ਲਾਲ, ਸੁਰਜੀਤ ਸਿੰਘ ਪ੍ਰਧਾਨ, ਰੌਸ਼ਨ ਸਿੰਘ ਬਾਰਨ, ਕਰਮ ਸਿੰਘ, ਗੁਰਧਿਆਨ ਸਿੰਘ, ਕੁਲਦੀਪ ਸਿੰਘ, ਕਾਕਾ ਸਿੰਘ, ਨਿਰਮਲ ਸਿੰਘ, ਹਰਮੇਸ਼ ਸਿੰਘ ਚੇਅਰਮੈਨ ਆਦਿ ਹਾਜਰ ਸਨ ਅਤੇ ਸ਼ਹੀਦ ਸ਼ਹੀਦ ਬਾਬਾ ਜੈ ਸਿੰਘ ਖਲਕਟ ਦੇ ਜੀਵਨ ਤੋਂ ਸੇਧ ਲੈਣ ਦਾ ਸੁਨੇਹਾ ਦਿਤਾ। ਪ੍ਰਬੰਧਕਾਂ ਵਲੋਂ ਆਈਆਂ ਸਖ਼ਸ਼ੀਅਤਾਂ ਨੂੰ ਸਨਮਾਨਿਤ ਕੀਤਾ ਗਿਆ ਅਤੇ ਗੁਰੂ ਕਾ ਲੰਗਰ ਅਤੁਟ ਵਰਤਾਇਆ ਗਿਆ।

**ਕੁਲਦੀਪ ਚੰਦ 94175630544**

# ਪ੍ਰਭਲੀਨ ਕੌਰ ਗਰੇਵਾਲ ਕੈਨੇਡਾ ਦੀ ਹਾਕੀ ਟੀਮ ਲਈ ਚੁਣੀ ਗਈ

ਕਿਲ੍ਹਾ ਰਾਏਪੁਰ ਨਾਲ ਸਬੰਧਤ ਪਰਿਵਾਰ ਦੀ ਧੀ ਅਤੇ ਕੈਲਗਰੀ ਦੀ ਫੀਲਡ ਹਾਕੀ ਖਿਡਾਰਨ ਪ੍ਰਭਲੀਨ ਕੌਰ ਗਰੇਵਾਲ ਦੀ ਚੋਣ ਕੈਨੇਡਾ ਦੀ ਜੂਨੀਅਰ ਟੀਮ (ਅੰਡਰ-18) ਲਈ ਹੋ ਗਈ ਹੈ। ਕੈਲਗਰੀ ਦੇ ਕਿੰਗਜ਼ ਇਲੈਵਨ ਫੀਲਡ ਹਾਕੀ ਕਲੱਬ ਦੀ ਖਿਡਾਰਨ ਪ੍ਰਭਲੀਨ ਇਹ ਮੁਕਾਮ ਹਾਸਲ ਕਰਨ ਵਾਲੀ ਅਲਬਰਟਾ ਸੂਬੇ ਦੀ ਪਹਿਲੀ ਪੰਜਾਬੀ ਖਿਡਾਰਨ ਹੈ। ਇਹ ਜੂਨੀਅਰ ਟੀਮ ਅਪਰੈਲ ਦੇ ਮਹੀਨੇ ਫਰਾਂਸ ਦਾ ਦੌਰਾ ਕਰੇਗੀ ਜਿੱਥੇ ਇੱਰ ਟੈਸਟ ਮੈਚ ਸੀਰੀਜ਼ ਖੇਡੀ ਜਾਵੇਗੀ। ਇਸ ਤੋਂ ਪਹਿਲਾਂ ਪ੍ਰਭਲੀਨ ਨੇ 2022 ਦੀ ਨੈਸ਼ਨਲ ਫੀਲਡ ਹਾਕੀ ਚੈਂਪੀਅਨਸ਼ਿਪ (ਅੰਡਰ-18) ਵਿਚ ਅਲਬਰਟਾ ਦੀ ਟੀਮ ਵਲੋਂ ਭਾਗ ਲਿਆ। ਜਿਸ ਵਿੱਚ ਅਲਬਰਟਾ ਨੇ ਚਾਂਦੀ ਦਾ ਤਮਗਾ ਹਾਸਲ ਕੀਤਾ ਸੀ। ਇਸ ਚੈਂਪੀਅਨਸ਼ਿਪ ਤੋਂ ਬਾਅਦ ਫੀਲਡ ਹਾਕੀ ਕੈਨੇਡਾ ਵਲੋਂ ਟ੍ਰਾਇਲ ਰੱਖੇ ਗਏ ਸੀ। ਇਸ ਦੇ ਆਧਾਰ ’ਤੇ ਪ੍ਰਭਲੀਨ ਦੀ ਚੋਣ ਨੈਸ਼ਨਲ ਜੂਨੀਅਰ ਕੈਂਪ ਲਈ ਹੋ ਗਈ ਤੇ ਹੁਣ ਫਰਵਰੀ ਮਹੀਨੇ ਜੂਨੀਅਰ ਟੀਮ ਦਾ ਐਲਾਨ ਕੀਤਾ ਗਿਆ।





ਦੱਸ ਦਈਏ ਕਿ ਇਸ ਤੋਂ ਪਹਿਲਾਂ ਪ੍ਰਭਲੀਨ ਗਰੇਵਾਲ ਦੀ ਵੱਡੀ ਭੈਣ ਹਰਲੀਨ ਗਰੇਵਾਲ ਕੌਮੀ ਪੱਧਰ ‘ਤੇ ਫੀਲਡ ਹਾਕੀ ਵਿੱਚ ਚੰਗਾ ਨਾਮ ਕਮਾ ਚੁੱਕੀ ਹੈ। 2011-12 ਵਿੱਚ ਜਦੋਂ ਕੈਲਗਰੀ ਵਿੱਚ ਪੰਜਾਬੀ ਕੁੜੀਆਂ ਵਲੋਂ ਫੀਲਡ ਹਾਕੀ ਖੇਡਣ ਵਿੱਚ ਕਿਸੇ ਨੇ ਪਹਿਲ ਨਹੀਂ ਕੀਤੀ ਸੀ ਤਾਂ ਹਰਲੀਨ ਨੇ ਇੱਕ ਨਵੀਂ ਪਿਰਤ ਪਾਉਂਦਿਆਂ ਇਸ ਹਾਕੀ ਖੇਡਣੀ ਸ਼ੁਰੂ ਕੀਤੀ ਸੀ। ਪ੍ਰਭਲੀਨ ਹੁਣ ਫੀਲਡ ਹਾਕੀ ਕੈਨੇਡਾ ਦੇ ਨੈਸ਼ਨਲ ਟਰੇਨਿੰਗ ਪ੍ਰੋਗਰਾਮ ਵਿੱਚ ਹਿੱਸਾ ਲਵੇਗੀ ਜਿਸ ਦੇ ਆਧਾਰ ਤੇ ਕੈਨੇਡਾ ਦੀਆਂ ਭਵਿੱਖ ਦੀਆਂ ਕੌਮੀ ਟੀਮਾਂ ਤਿਆਰ ਕੀਤੀਆਂ ਜਾਂਦੀਆਂ ਹਨ।

ਪ੍ਰਭਲੀਨ ਦੇ ਪਿਤਾ ਸੁਖਵੀਰ ਗਰੇਵਾਲ ਨੇ ਦੱਸਿਆ ਕਿ ਉਨ੍ਹਾਂ ਦੇ ਪੂਰੇ ਪਰਿਵਾਰ ਨੂੰ ਮਾਣ ਹੈ ਕਿ ਉਹਨਾਂ ਦੀਆਂ ਬੇਟੀਆਂ ਨੇ ਆਪਣੇ ਜੱਦੀ ਪਿੰਡ ਕਿਲਾ ਰਾਏਪੁਰ ਦੀ ਖੇਡ ਹਾਕੀ ਵਿੱਚ ਨਾਮਣਾ ਖੱਟਿਆ ਹੈ। ਉਨ੍ਹਾਂ ਦੱਸਿਆ ਕਿ ਜੂਨੀਅਰ ਨੈਸ਼ਨਲ ਕੈਂਪ ਵਰਗਾ ਇਹ ਪ੍ਰੋਗਰਾਮ ਕਾਫੀ ਮਿਹਨਤ ਦੀ ਮੰਗ ਕਰਦਾ ਹੈ ਜਿਸ ਨੂੰ ਪੜ੍ਹਾਈ ਦੇ ਨਾਲ ਜਾਰੀ ਰੱਖਣਾ ਇੱਕ ਚੁਣੌਤੀ ਵੀ ਹੈ।

ਉਨ੍ਹਾਂ ਕਿੰਗਜ਼ ਇਲੈਵਨ ਦੇ ਕੋਚ ਜੱਗੀ ਧਾਲੀਵਾਲ ਤੇ ਕਲੱਬ ਦੀ ਸਮੁੱਚੀ ਪ੍ਰਬੰਧਕੀ ਟੀਮ ਦਾ ਧੰਨਵਾਦ ਕੀਤਾ ਜਿਹਨਾਂ ਦੇ ਸਹਿਯੋਗ ਸਦਕਾ ਪ੍ਰਭਲੀਨ ਨੇ ਇਹ ਮੁਕਾਮ ਹਾਸਲ ਕੀਤਾ ਤੇ ਕੋਚ ਦਿਲਪਾਲ ਸਿੰਘ ਦਾ ਵੀ ਸ਼ੁਕਰਾਨਾ ਕੀਤਾ ਜਿਹਨਾਂ ਤੋਂ ਪ੍ਰਭਲੀਨ ਨੇ ਹਾਕੀ ਫੜਨੀ ਸਿੱਖੀ। ਉਹਨਾਂ ਦੇ ਪਰਿਵਾਰ ਨੂੰ ਆਸ ਹੈ ਕਿ ਹਰਲੀਨ ਅਤੇ ਪ੍ਰਭਲੀਨ ਦੀਆਂ ਇਹਨਾਂ ਪਹਿਲਕਦਮੀਆਂ ਤੋਂ ਕੈਨੇਡਾ ਰਹਿੰਦੇ ਪਰਿਵਾਰ ਪ੍ਰੇਰਿਤ ਹੋ ਕੇ ਆਪਣੀਆਂ ਬੱਚੀਆਂ ਨੂੰ ਖੇਡਾਂ ਵਿੱਚ ਭਾਗ ਲੈਣ ਲਈ ਹੱਲਾਸ਼ੇਰੀ ਦੇਣਗੇ।

# Y-20 ਸਿਖਰ ਸੰਮੇਲਨ ਦੇ ਅਧੀਨ ਭਾਸਣ ਮੁਕਾਬਲੇ ਅਤੇ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ ਗਏ

**ਪਠਾਨਕੋਟ, 7 ਦਸੰਬਰ (ਰਾਜਿੰਦਰ ਸਿੰਘ ਰਾਜਨ)** ਡਿਪਾਰਟਮੈਂਟ ਆਫ ਯੂਥ ਅਫੇਅਰਸ , ਯੂਥ ਅਫੇਅਰਸ ਅਤੇ ਖੇਡ ਮੰਤਰਾਲੇ ਭਾਰਤ ਸਰਕਾਰ ਵੱਲੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਜੀ.ਐਨ.ਡੀ.ਯੂ. ਕਾਲਜ ਪਠਾਨਕੋਟ ਵਿੱਚ ਕਾਲਜ ਦੇ ਪ੍ਰਿੰਸੀਪਲ ਮੈਡਮ ਡਾ. ਅਰਪਨਾ ਦੀ ਪ੍ਰਧਾਨਗੀ ਵਿੱਚੈ-20 ਸਿਖਰ ਸੰਮੇਲਨ




ਮਨਾਇਆ ਗਿਆ। ਇਸ ਸੰਮੇਲਨ ਦਾ ਮੁੱਖ ਵਿਸਾ ਫਿਊਚਰ ਆਫ ਵਰਕ-ਇੰਡਸਟਰੀ 40 ਇਨੋਵੇਸਨ ਅਤੇ 21ਵੀਂ ਸੈਂਚਰੀ ਸਕਿਲਸ ਦੇ ਅੰਤਰਗਤ ਉਪ ਵਿਸਾ ਸਿਫਟ ਫਰੋਮ ਜਾਬ ਸੀਕਰਸ ਟੂ ਸੈਲਫ ਇੰਮਪਲੋਯਡ ਇੰਟਰਪਨੋਰ ਅਤੇ ਜਾਬ ਕ੍ਰਿਏਟਰ ਰੱਖਿਆ ਗਿਆ। ਪ੍ਰੋਗਰਾਮ ਦਾ ਅਰੰਭ ਕਾਲਜ ਦੀ ਪ੍ਰਿੰਸੀਪਲ ਡਾ. ਅਰਪਨਾ ਵੱਲੋਂ ਸਰਸਵਤੀ ਵੰਦਨਾ ਅਤੇ ਦੀਪਕ ਰੋਸਨ ਕਰਕੇ ਕੀਤਾ ਗਿਆ। ਇਸ ਸੰਮੇਲਨ ਵਿੱਚ ਕਾਲਜ ਵਿੱਚ ਦੋ ਪ੍ਰਤੀਯੋਗਤਾਵਾਂ ਭਾਸਣ ਮੁਕਾਬਲੇ ਅਤੇ ਪੋਸਟਰ ਮੇਕਿੰਗ ਕਰਵਾਈਆਂ ਗਈਆਂ। ਭਾਸਣ ਮੁਕਾਬਲੇ ਵਿੱਚ ਕੁੱਲ 11 ਵਿਦਿਆਰਥੀਆਂ ਨੇ ਭਾਗ ਲਿਆ। ਜਿਸਸ ਵਿੱਚ ਉਨ੍ਹਾਂ ਦੁਆਰਾ ਅਪਣੇ ਉੱਪ ਵਿਸੇ ਸਿਫਟ ਫਰੋਮ ਜਾਬ ਸੀਕਰਸ ਟੂ ਸੈਲਫ ਇੰਮਪਲੋਯਡ , ਇੰਟਰਪਨੋਰ ਅਤੇ ਜਾਬ ਕ੍ਰਿਏਟਰ ਉੱਤੇ ਨਵੇਂ ਨਵੇਂ ਵਿਚਾਰਾਂ ਨੂੰ ਪੇਸ ਕਰਦਿਆਂ ਸਾਨਦਾਰ ਪਰਦਰਸਨ ਕੀਤਾ।

# ਹਾਥਰਸ ਬਲਾਤਕਾਰ ਕੇਸ ਵਿਚ ਦਲਿਤ ਲੜਕੀ ਨੂੰ ਇਨਸਾਫ ਨਾ ਮਿਲਿਆ



**ਨਵੀਂ ਦਿੱਲੀ–**2020 ਦੇ ਹਾਥਰਸ ਕੇਸ ਵਿੱਚ ਦਲਿਤ ਕੁੜੀ ਦੇ ਕਥਿਤ ਕਤਲ ਤੇ ਬਲਾਤਕਾਰ ਦੇ ਮਾਮਲੇ ਵਿੱਚ ਹਾਥਰਸ ਦੀ ਅਦਾਲਤ ਨੇ ਇੱਕ ਮੁਲਜ਼ਮ ਨੂੰ ਦੋਸ਼ੀ ਕਰਾਰ ਦਿੱਤਾ ਹੈ ਅਤੇ ਤਿੰਨ ਹੋਰ ਮੁਲਜ਼ਮਾਂ ਨੂੰ ਬਰੀ ਕਰ ਦਿੱਤਾ ਹੈ। ਅਦਾਲਤ ਦੇ ਫੈਸਲੇ ਦੀ ਸਭ ਤੋਂ ਨਿਖੇਧੀਜਨਕ ਗੱਲ ਇਹ ਹੈ ਕਿ ਅਦਾਲਤ ਨੇ ਕਿਸੇ ਨੂੰ ਵੀ ਕੁੜੀ ਦੇ ਕਤਲ ਅਤੇ ਬਲਾਤਕਾਰ ਦਾ ਦੋਸ਼ੀ ਨਹੀਂ ਮੰਨਿਆ ਹੈ। ਮੁਲਜ਼ਮ ਸੰਦੀਪ ਨੂੰ ਗੈਰ-ਇਰਾਦਤਨ ਕਤਲ ਅਤੇ ਐੱਸਸੀਐੱਸਟੀ ਐਕਟ ਦੀਆਂ ਧਾਰਾਵਾਂ ਤਹਿਤ ਦੋਸ਼ੀ ਮੰਨਿਆ ਹੈ ਅਤੇ ਉਸ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਹਾਥਰਸ ਦੇ ਵਿਸ਼ੇਸ਼ ਜੱਜ ਤ੍ਰਿਲੋਕ ਸਿੰਘ ਨੇ ਆਪਣੇ ਫੈਸਲੇ ਵਿੱਚ ਲਿਖਿਆ ਹੈ, "ਇਸ ਘਟਨਾ ਵਿੱਚ ਪੀੜਤਾ ਵਾਰਦਾਤ ਦੇ ਅੱਠ ਦਿਨਾਂ ਬਾਅਦ ਤੱਕ ਗੱਲਬਾਤ ਕਰਦੀ ਰਹੀ ਅਤੇ ਬੋਲਦੀ ਰਹੀ ਹੈ। ਇਸ ਲਈ ਇਹ ਨਹੀਂ ਕਿਹਾ ਜਾ ਸਕਦਾ ਹੈ ਕਿ ਮੁਲਜ਼ਮ ਦਾ ਮਕਸਦ ਪੀੜਤਾ ਦਾ ਕਤਲ ਕਰਨ ਦਾ ਰਿਹਾ ਸੀ ਇਸ ਲਈ ਮੁਲਜ਼ਮ ਸੰਦੀਪ ਦਾ ਅਪਰਾਧ ਗ਼ੈਰ-ਇਰਾਦਤਨ ਕਤਲ ਦੀ ਸ਼੍ਰੇਣੀ ਵਿੱਚ ਆਉਂਦਾ ਹੈ। ਇਹ ਮਾਮਲਾ ਕਤਲ ਦਾ ਨਹੀਂ ਬਣਦਾ ਹੈ।"

ਬਲਾਤਕਾਰ ਦੇ ਇਲਜ਼ਾਮ ਤੋਂ ਵੀ ਸਾਰਿਆਂ ਨੂੰ ਬਰੀ ਕਰ ਦੇਣ ਉੱਤੇ ਅਦਾਲਤ ਨੇ ਕਿਹਾ, "ਉਸ ਸਬੰਧ ਵਿੱਚ ਮੇਰਾ ਵਿਚਾਰ ਹੈ ਕਿ ਸਬੂਤਾਂ ਦੇ ਆਧਾਰ ਉਪਰ ਪੀੜਤਾ ਦੇ ਨਾਲ ਬਲਾਤਕਾਰ ਹੋਣਾ ਸਾਬਿਤ ਨਹੀਂ ਹੋਇਆ ਹੈ। ਮੁਲਜ਼ਮ ਰਵੀ, ਰਾਮੂ ਤੇ ਲਵਕੁਸ਼ ਵੱਲੋਂ ਪੀੜਤਾ ਦੇ ਨਾਲ ਕਥਿਤ ਰੇਪ ਵੀ ਸਾਬਿਤ ਨਹੀਂ ਹੋਇਆ ਹੈ ਇਸ ਲਈ ਸਾਰੇ ਮੁਲਜ਼ਮ ਬਲਾਤਕਾਰ ਦੇ ਇਲਜ਼ਾਮਾਂ ਤੋਂ ਦੋਸ਼ ਮੁਕਤ ਕੀਤੇ ਜਾਣ ਦੇ ਯੋਗ ਹਨ।"

ਅਦਾਲਤ ਦੇ ਅਨੁਸਾਰ ਮੁਲਜ਼ਮ ਸੰਦੀਪ ਸਿਸੋਦੀਆ ਦੇ ਖਿਲਾਫ ਗ਼ੈਰ-ਇਰਾਦਤਨ ਕਤਲ ਅਤੇ ਐੱਸਸੀਐੱਸਟੀ ਐਕਟ ਦੀਆਂ ਧਾਰਾਵਾਂ ਤਹਿਤ "ਸ਼ੱਕ ਤੋਂ ਪਰੇ ਸਬੂਤ ਮਿਲੇ ਹਨ" ਅਤੇ ਇਸ ਲਈ ਉਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ।

ਪੀੜਤਾ ਦੀ ਭਾਬੀ ਨੇ ਕਿਹਾ, "ਸਾਨੂੰ ਇਨਸਾਫ਼ ਨਹੀਂ ਮਿਲਿਆ, ਕੇਵਲ ਉਸ ਇੱਕ ਮੁੰਡੇ ਨੂੰ ਮੋਹਰਾ ਬਣਾਇਆ ਗਿਆ ਹੈ।" ਉਨ੍ਹਾਂ ਦਾ ਕਹਿਣਾ ਸੀ, "ਇਹ ਦਬਾਅ ਵਿੱਚ ਫੈਸਲਾ ਹੋਇਆ ਹੈ, ਸਬੂਤਾਂ ਅਤੇ ਗਵਾਹਾਂ ਦੀ ਬੁਨਿਆਦ ਉੱਤੇ ਨਹੀਂ ਹੋਇਆ ਹੈ।"

ਪੀੜਤਾ ਦੇ ਭਰਾ ਫੈਸਲੇ ਉੱਤੇ ਸਵਾਲ ਚੁੱਕਦੇ ਹੋਏ ਕਹਿੰਦੇ ਹਨ, "ਜੇ ਇਹ ਬੇਕਸੂਰ ਸਾਬਤ ਹੋਏ ਹਨ ਫਿਰ ਢਾਈ ਸਾਲ ਇਨ੍ਹਾਂ ਨੂੰ ਜੇਲ੍ਹ ਵਿੱਚ ਕਿਉਂ ਰੱਖਿਆ ਹੋਇਆ ਸੀ? ਸੀਬੀਆਈ ਦੀਆਂ ਵੱਡੀਆਂ-ਵੱਡੀਆਂ ਧਾਰਾਵਾਂ ਵਿੱਚ ਇਲਜ਼ਾਮਾਂ ਨੂੰ ਸਾਬਿਤ ਕਿਉਂ ਨਹੀਂ ਕੀਤਾ?"

ਦਲਿਤਾਂ ਵਾਸਤੇ ਕਾਨੂੰਨ-ਵਾਨੂਨ ਕੁਝ ਨਹੀਂ ਹੈ। ਇਨਸਾਫ਼ ਤਾਂ ਜਾਤੀ ਵੇਖ ਕੇ ਦਿੱਤਾ ਜਾਂਦਾ ਹੈ।"

ਪੀੜਤਾ ਦੇ ਭਰਾ ਆਪਣੀ ਭੈਣ ਦੇ ਡਾਈਂਗ ਡਿਕਲਰੇਸ਼ਨ (ਮੌਤ ਤੋਂ ਠੀਕ ਪਹਿਲਾਂ ਦਿੱਤਾ ਬਿਆਨ) ਦਾ ਜ਼ਿਕਰ ਕਰਦੇ ਹੋਏ ਕਹਿੰਦੇ ਹਨ. "ਸਾਡੀ ਭੈਣ ਨੇ ਉਨ੍ਹਾਂ ਸਾਰਿਆਂ ਦਾ ਨਾਂ ਲਿਆ ਸੀ। ਉਹ ਮਜਿਸਟ੍ਰੇਟ ਨੇ ਲਿਖਿਆ ਸੀ, ਤਾਂ ਵੀ ਉਸ ਨੂੰ ਕਿਵੇਂ ਠੁਕਰਾਇਆ ਜਾ ਸਕਦਾ ਹੈ?"

ਜਿਸ ਤਰੀਕੇ ਨਾਲ 19 ਸਾਲਾ ਕੁੜੀ ਦਾ ਦੇਰ ਰਾਤ ਵਿੱਚ ਸਸਕਾਰ ਹੋਇਆ ਉਸ ਨੂੰ ਲੈ ਕੇ ਪਰਿਵਾਰ ਇੱਕ ਵਾਰ ਫਿਰ ਸਵਾਲ ਚੁੱਕਦਾ ਹੈ। ਪੀੜਤਾ ਦੇ ਭਰਾ ਕਹਿੰਦੇ ਹਨ, "ਕਿਸੇ ਦੀ ਦੇਹ ਨੂੰ ਰਾਤ ਦੇ ਢਾਈ ਵਜੇ ਅੱਗ ਕਿਵੇਂ ਲਗਾ ਸਕਦੇ ਹਨ? ਪਰਿਵਾਰ ਦੀ ਇਜਾਜ਼ਤ ਤੋਂ ਬਿਨਾਂ ਅੱਗ ਲਗਾ ਸਕਦੇ ਹਨ? ਇੱਥੇ ਕਾਨੂੰਨ ਕਿੱਥੇ ਹੈ?

# ਗਾਇਕੀ ਨੂੰ ਇਬਾਦਤ ਮੰਨਣ ਵਾਲੀ : ਰਜ਼ਾ ਹੀਰ




ਬਠਿੰਡੇ ਸ਼ਹਿਰ ਦੀ ਜੰਮਪਲ ਗਾਇਕਾ ਰਜ਼ਾ ਹੀਰ ਅੱਜਕਲ੍ਹ ਖ਼ੂਬਸੂਰਤ ਸ਼ਹਿਰ ਚੰਡੀਗੜ੍ਹ ਵਿਖੇ ਰਹਿ ਕੇ ਆਪਣੀ ਸੂਫ਼ੀ ਅਤੇ ਲੋਕ ਗਾਇਕੀ ਨਾਲ ਗਾਇਕੀ ਦੇ ਅੰਬਰ ਦੀ ਫ਼ਿਜ਼ਾ 'ਚ ਮਹਿਕ ਖਿਲਾਰ ਰਹੀ ਹੈ।



ਗਾਇਕੀ ਨੂੰ ਇਬਾਦਤ ਮੰਨਣ ਵਾਲੀ ਰਜ਼ਾ ਹੀਰ ਠਰ੍ਹੰਮੇ ਨਾਲ ਘੱਟ ਪਰ ਚੰਗਾ ਗਾਉਣ ਨੂੰ ਤਰਜੀਹ ਦੇਣ ਵਾਲੀ ਗਾਇਕਾ ਹੈ। ਕਿਸੇ ਕਵੀ ਦੀ ਚੰਚਲ ਕਵਿਤਾ ਵਰਗੀ ਰਜ਼ਾ ਹੀਰ ਦੀ ਗਾਇਕੀ ਸਰੋਤਿਆਂ ਨੂੰ ਘੰਟਿਆਂਬੱਧੀ ਬੰਨ੍ਹ ਕੇ ਰੱਖ ਦਿੰਦੀ ਹੈ। ਉਸਤਾਦ ਰਜਿੰਦਰ ਸਿੰਘ ਸਦਿਓੜਾ ਤੋਂ ਸੰਗੀਤ ਦੀ ਸਿੱਖਿਆ ਪ੍ਰਾਪਤ ਕਰਦੀ ਹੋਈ ਰਜ਼ਾ ਹੀਰ ਨੇ ਪੰਜਾਬੀ ਫ਼ਿਲਮ 'ਕੁੜਮਾਈਆਂ' ਵਿਚਲੇ ਗੀਤ 'ਤੇਰੇ ਬਾਰੇ' ਅਤੇ ਫ਼ਿਲਮ 'ਨੀਂ ਮੈਂ ਸੱਸ ਕੁਟਣੀ', ਵਿਚਲੇ ਗੀਤ 'ਮੈਂ ਤਾਂ ਆ ਗਈ', ਨਾਲ ਪਿੱਠਵਰਤੀ ਗਾਇਕਾ ਵਜੋਂ ਪਛਾਣ ਬਣਾਈ ਹੈ। ਰਜ਼ਾ ਹੀਰ ਹਮੇਸ਼ਾ ਹੀ ਕੁਝ ਨਵਾਂ ਕਰਨ ਦੀ ਤਾਂਘ 'ਚ ਰਹਿਣ ਵਾਲੀ ਸੁਰੀਲੀ ਗਾਇਕਾ ਹੈ। ਉਸ ਨੇ ਹਿੱਟ ਗੀਤਾਂ 'ਚ 'ਮੋਹਾਲੀ', 'ਪਿਆਰ 'ਚ ਕਮੀ', 'ਸਰਦਾਰਨੀ', 'ਝਾਂਜਰਾਂ ਕਰਾਦੇ ਸੋਹਣਿਆਂ', 'ਮਿਰਜ਼ਾ', 'ਖੜਕ ਪਈ', 'ਵੰਡਿਆ ਪੰਜਾਬ', 'ਆਸ', 'ਇਸ਼ਕ ਦਾ ਨੂਰ', 'ਜਿੱਤਾਂਗੇ ਹੌਸਲੇ ਨਾਲ', ਨੀਰੂ ਬਾਜਵਾ ਦੀ ਪ੍ਰੋਡਕਸ਼ਨ ਹੇਠ 'ਲੜਦਾ ਰਹਿੰਦਾ', 'ਚੇਤੇ ਰੱਖਿਓ', 'ਵਰਦੀ', 'ਓਹ ਤੁਰ ਪਿਆ', 'ਰੋਟੀ ਵਾਸਤੇ', 'ਕਾਹਦਾ ਪਿਆਰ, ਸੂਹੀ ਫੁਲਕਾਰੀ, ਮੇਲਾ ਤੀਆਂ ਦਾ', 'ਦਿਲ ਜਾਨੀ ਵੇ', 'ਉਹ ਤੁਰ ਪਿਆ', 'ਲੋਕ ਬੋਲੀਆਂ', 'ਮੋਹ ਜਿਹਾ ਆਉਂਦਾ' ਤੋਂ ਇਲਾਵਾ ਸੂਫ਼ੀ ਗਾਇਕੀ 'ਛਾਪ ਤਿਲਕ ਸਭ ਛੀਨੀ' ਵਰਗੇ ਸੂਫ਼ੀਆਨਾ ਰੰਗ ਨਾਲ ਲੋਕ ਮਨਾਂ 'ਚ ਵਸਦੀ ਹੈ। ਉਸ ਨੇ ਧਾਰਮਿਕ ਗੀਤਾਂ 'ਦੇ ਕੇ ਦਾਦੀ ਨੇ ਦਿਲਾਸੇ', 'ਸ਼ੁਕਰ ਕਰਾਂ ਤੇਰਾ', 'ਬਾਬਾ ਨਾਨਕ', 'ਸਾਂਝਾ ਨਾਨਕ', 'ਨਾਨਕ ਦੇ ਦਰ ਤੋਂ', 'ਸਭ ਤੋਂ ਮੂਹਰੇ ਪਗੜੀ ਦਿਸੀ' ਆਦਿ ਮਕਬੂਲ ਗੀਤਾਂ ਨਾਲ ਨਾਮਣਾ ਖੱਟਿਆ ਹੈ।

# ਪੰਜਾਬੀ ਕਲਾਕਾਰ ਸਤਿੰਦਰ ਸੱਤੀ ਕੈਨੇਡਾ ਵਿਚ ਬਣੀ ਵਕੀਲ



**ਜਲੰਧਰ–** ਸਤਿੰਦਰ ਸੱਤੀ ਪੰਜਾਬੀ ਸਿਨੇਮਾ ਤੇ ਟੈਲੀਵਿਜ਼ਨ ਇੰਡਸਟਰੀ ਵਿਚ ਵੱਡਾ ਨਾਂਅ ਸਥਾਪਤ ਕਰ ਚੁੱਕੀ ਹੈ।ਦੁਨੀਆ ਭਰ ਦੀਆਂ ਵੱਡੀਆਂ ਸਟੇਜਾਂ 'ਤੇ ਸੱਤੀ ਦੀ ਸ਼ਾਇਰੀ ਅਤੇ ਗਹਿਰੇ ਲਫ਼ਜ਼ਾਂ ਦੀ ਗੂੰਜ ਪੈਂਦੀ ਰਹਿੰਦੀ ਹੈ ਪਰ ਹੁਣ ਇਕ ਵਾਰ ਫਿਰ ਸਤਿੰਦਰ ਸੱਤੀ ਨੇ ਪੰਜਾਬੀ ਮਨੋਰੰਜਨ ਇੰਡਸਟਰੀ ਦਾ ਮਾਣ ਉਦੋਂ ਵਧਾਇਆ, ਜਦੋਂ ਉਸ ਨੇ ਕੈਨੇਡਾ ਦੇ ਅਲਬਰਟਾ ਵਿਚ 'ਬੈਰਿਸਟਰ ਸਾਲਿਸਟਰ' ਭਾਵ ਕਿ ਕੈਨੇਡੀਅਨ ਵਕੀਲ ਦਾ ਲਾਈਸੈਂਸ ਹਾਸਲ ਕੀਤਾ। ਸਤਿੰਦਰ ਸੱਤੀ ਨੇ ਦੱਸਿਆ ਕਿ ਲੋਕ ਉਸ ਨੂੰ ਪੰਜਾਬੀ ਕਲਾਕਾਰ ਤੇ ਸਟੇਜ ਕਲਾਕਾਰ ਵਜੋਂ ਜਾਣਦੇ ਹਨ ਪਰ ਜ਼ਿਆਦਾਤਰ ਲੋਕ ਨਹੀਂ ਜਾਣਦੇ ਕਿ ਉਸ ਨੇ ਵਕਾਲਤ (ਮਾਸਟਰ ਆਫ਼ ਲਾਅ) ਕੀਤੀ ਹੋਈ ਹੈ।

# ਸਿੱਧੂ ਮੂਸੇਵਾਲਾ ਦੇ ਪਿਤਾ ਨੂੰ ਕਤਲ ਕਰਨ ਦੀ ਧਮਕੀ



**ਮਾਨਸਾ–** ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੂੰ ਜਾਨੋਂ ਮਾਰਨ ਦੀ ਧਮਕੀ ਮਿਲੀ ਹੈ। ਇਸ ਨੂੰ ਲੈ ਕੇ ਸਿੱਧੂ ਮੂਸੇਵਾਲਾ ਦੇ ਪਰਿਵਾਰ ਨੇ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ ਹੈ। ਸੂਤਰਾਂ ਤੋਂ ਪਤਾ ਲੱਗਾ ਹੈ ਕਿ ਇਹ ਧਮਕੀਆਂ ਰਾਜਸਥਾਨ ਦੇ ਜੋਧਪੁਰ ਸ਼ਹਿਰ ਦੇ ਆਸ-ਪਾਸ ਦੇ ਨੌਜਵਾਨਾਂ ਵੱਲੋਂ ਦਿੱਤੀਆਂ ਜਾ ਰਹੀਆਂ ਹਨ। ਪਤਾ ਲੱਗਾ ਹੈ ਕਿ ਮਾਨਸਾ ਪੁਲਸ ਇਨ੍ਹਾਂ ਨੌ-ਜਵਾਨਾਂ ਨੂੰ ਫੜਨ ਲਈ ਰਾਜਸਥਾਨ 'ਚ ਛਾਪੇਮਾਰੀ ਕਰ ਰਹੀ ਹੈ। ਇਸ ਤੋਂ ਪਹਿਲਾਂ ਵੀ ਸਿੱਧੂ ਮੂਸੇਵਾਲਾ ਦੇ ਪਿਤਾ ਨੂੰ ਪਾਕਿਸਤਾਨ ਦੇ ਨੰਬਰ ਤੋਂ ਜਾਨੋਂ ਮਾਰਨ ਦੀ ਧਮਕੀ ਮਿਲੀ ਸੀ। ਸਿੱਧੂ ਮੂਸੇਵਾਲਾ ਦੇ ਪਿਤਾ ਨੇ ਪੁਲਸ ਨੂੰ ਸ਼ਿਕਾਇਤ ਕੀਤੀ ਸੀ, ਜਿਸ ਦੇ ਲਈ ਜਾਂਚ ਕੀਤੀ ਜਾ ਰਹੀ ਹੈ।

# ਭਾਰਤ ਵਿੱਚ ਹੀ ਨਹੀਂ, ਅਮਰੀਕਾ ਵਿੱਚ ਵੀ ਵੱਡੇ ਘਪਲੇਬਾਜ਼



**ਨਵੀਂ ਦਿੱਲੀ–** ਹੁਣ ਤੱਕ ਦੇਸ਼ ਵਿੱਚ 2ਜੀ ਸਪੈਕਟਰਮ ਘੁਟਾਲੇ ਅਤੇ ਕੋਲਾ ਘੁਟਾਲੇ ਵਰਗੇ ਵੱਡੇ ਭ੍ਰਿਸ਼ਟਾਚਾਰ ਦੀਆਂ ਯਾਦਾਂ ਤੁਹਾਡੇ ਦਿਮਾਗ ਵਿੱਚ ਤਾਜ਼ਾ ਹੋਣਗੀਆਂ। ਪਰ ਅਜਿਹਾ ਨਹੀਂ ਹੈ ਕਿ ਸਿਰਫ ਭਾਰਤ ਵਿੱਚ ਹੀ ਘੁਟਾਲੇਬਾਜ਼ ਹਨ, ਬਲਕਿ ਅਮਰੀਕਾ ਵਰਗੇ ਦੇਸ਼ ਵਿੱਚ ਵੀ ਇੱਕ ਤੋਂ ਵੱਧ ਕੇ ਅਜਿਹੇ ਘੁਟਾਲੇਬਾਜ਼ ਅਤੇ ਠੱਗ ਹਨ, ਜਿਨ੍ਹਾਂ ਨੇ ਸਾਲ 2022 ਵਿੱਚ 8.8 ਬਿਲੀਅਨ ਡਾਲਰ ਦਾ ਚੂਨਾ ਲਗਾਇਆ। ਇਹ ਜਾਣ ਕੇ ਜਾਂਚ ਏਜੰਸੀਆਂ ਵੀ ਹੈਰਾਨ ਹਨ। ਇੱਕ ਰਿਪੋਰਟ ਦੇ ਅਨੁਸਾਰ, ਅਮਰੀਕਾ ਵਿੱਚ ਖਪਤਕਾਰਾਂ ਨੂੰ 2022 ਵਿੱਚ ਘੁਟਾਲਿਆਂ ਕਾਰਨ ਲਗਭਗ 8.8 ਬਿਲੀਅਨ ਡਾਲਰ ਦਾ ਨੁਕਸਾਨ ਹੋਣਾ ਤੈਅ ਹੈ, ਜੋ ਪਿਛਲੇ ਸਾਲ ਨਾਲੋਂ 30 ਪ੍ਰਤੀਸ਼ਤ ਵੱਧ ਹੈ। ਯੂਐਸ ਫੈਡਰਲ ਟਰੇਡ ਕਮਿਸ਼ਨ (ਐਫਟੀਸੀ) ਦੇ ਅਨੁਸਾਰ, ਖਪਤਕਾਰਾਂ ਨੇ 2022 ਵਿੱਚ ਕਿਸੇ ਵੀ ਹੋਰ ਸ਼੍ਰੇਣੀ ਦੇ ਮੁਕਾਬਲੇ 3.8 ਬਿਲੀਅਨ ਡਾਲਰ ਨਿਵੇਸ਼ ਘੁਟਾਲਿਆਂ ਵਿੱਚ ਗੁਆਉਣ ਦੀ ਰਿਪੋਰਟ ਕੀਤੀ ਸੀ। ਇਹ ਰਕਮ 2021 ਵਿੱਚ ਗੁਆਚੀ ਰਕਮ ਦੁੱਗਣੀ ਤੋਂ ਜ਼ਿਆਦਾ ਹੈ। ਰਿਪੋਰਟ ਦਰਸਾਉਂਦੀ ਹੈ ਕਿ ਘੁਟਾਲਿਆਂ ਕਾਰਨ ਦੂਜਾ ਸਭ ਤੋਂ ਵੱਡਾ ਨੁਕਸਾਨ 2.6 ਬਿਲੀਅਨ ਡਾਲਰ ਹੈ, ਜੋ ਕਿ 2021 ਵਿੱਚ 2.4 ਬਿਲੀਅਨ ਡਾਲਰ ਤੋਂ ਵੱਧ ਹੈ। ਪ੍ਰਾਈਜ਼, ਸਵੀਪਸਟੈਕ, ਲਾਟਰੀ, ਨਿਵੇਸ਼ ਨਾਲ ਸੰਬੰਧਤ ਘੁਟਾਲੇ, ਅਤੇ ਕਾਰੋਬਾਰ ਅਤੇ ਨੌਕਰੀ ਦੇ ਮੌਕੇ ਨੂੰ ਲੈਕੇ ਕੀਤਾ ਜਾਣ ਵਾਲਾ ਘੁਟਾਲਾ ਚੋਟੀ ਦੀਆਂ ਪੰਜ ਘੁਟਾਲੇ ਸ਼੍ਰੇਣੀਆਂ ਵਿੱਚ ਸ਼ਾਮਲ ਹੈ।

### ਬੈਂਕ ਖਾਤਿਆਂ ਵਿੱਚੋਂ ਪੈਸੇ ਚੋਰੀ

ਯੂਐਸ ਰਿਪੋਰਟ ਕਰਦਾ ਹੈ ਕਿ ਲਗਭਗ 2.4 ਮਿਲੀਅਨ ਖਪਤਕਾਰਾਂ ਨੇ ਪਿਛਲੇ ਸਾਲ ਆਪਣੇ ਖਾਤਿਆਂ 'ਤੇ ਧੋਖਾਧੜੀ ਦੀ ਗਤੀਵਿਧੀ ਸੰਬੰਧੀ ਰਿਪੋਰਟ ਕੀਤੀ, ਜਿਸ ਵਿੱਚ ਘੁਟਾਲੇ ਆਮ ਤੌਰ 'ਤੇ ਰਿਪੋਰਟ ਕੀਤੇ ਜਾਂਦੇ ਹਨ, ਇਸਦੇ ਬਾਅਦ ਆਨਲਾਈਨ ਖਰੀਦਦਾਰੀ ਧੋਖਾਧੜੀ ਦੇ ਘੁਟਾਲੇ ਹੋਏ। ਇਸ ਮਹੀਨੇ ਦੇ ਸ਼ੁਰੂ ਵਿੱਚ ਐਫਟੀਸੀ ਨੇ ਇਸੇਤਰ੍ਹਾਂ ਦੀ ਰਿਪੋਰਟ ਜਾਰੀ ਕੀਤੀ ਸੀ ਜਿਸ ਵਿੱਚ ਕਿਹਾ ਗਿਆ ਸੀ ਕਿ ਰੋਮਾਂਸ ਘੁਟਾਲੇ ਦੇ ਸਭ ਤੋਂ ਵੱਧ ਸ਼ਿਕਾਰ ਸਨ।, 70,000 ਲੋਕਾਂ ਨੇ ਧੋਖਾਧੜੀ ਦੀ ਰਿਪੋਰਟ ਕੀਤੀ ਸੀ। ਇਨ੍ਹਾਂ ਵਿਅਕਤੀਆਂ ਨੇ ਧੋਖਾਧੜੀ ਅਤੇ ਘੁਟਾਲਿਆਂ ਕਾਰਨ ਸਾਂਝੇ ਤੌਰ 'ਤੇ 1.3 ਬਿਲੀਅਨ ਡਾਲਰ ਦਾ ਨੁਕਸਾਨ ਕੀਤਾ।

### ਅਮਰੀਕਾ 'ਚ ਪਿਆਰ ਅਤੇ ਡੇਟਿੰਗ ਦੇ ਮਾਮਲੇ ਵਿਚ ਵੀ ਲੋਕਾਂ ਨੇ ਧੋਖਾ ਦਿੱਤਾ

ਰਿਪੋਰਟਾਂ ਨੇ ਦਿਖਾਇਆ ਹੈ ਕਿ ਰੋਮਾਂਸ ਸਕੈਮਰ ਅਕਸਰ ਪਿਆਰ ਦੀ ਤਲਾਸ਼ ਕਰ ਰਹੇ ਲੋਕਾਂ ਨੂੰ ਨਿਸ਼ਾਨਾ ਬਣਾਉਣ ਲਈ ਡੇਟਿੰਗ ਐਪਸ ਦੀ ਵਰਤੋਂ ਕਰਦੇ ਹਨ। ਪਿਛਲੇ ਸਾਲ ਰੋਮਾਂਸ ਘੁਟਾਲਿਆਂ ਵਿੱਚ ਪੈਸੇ ਗੁਆਉਣ ਵਾਲੇ ਲਗਭਗ 40 ਪ੍ਰਤੀਸ਼ਤ ਲੋਕਾਂ ਨੇ ਕਿਹਾ ਕਿ ਸੰਪਰਕ ਸੋਸ਼ਲ ਮੀਡੀਆ 'ਤੇ ਸ਼ੁਰੂ ਹੋਇਆ, ਜਦੋਂ ਕਿ 19 ਪ੍ਰਤੀਸ਼ਤ ਨੇ ਕਿਹਾ ਕਿ ਇਹ ਕਿਸੇ ਵੈਬਸਾਈਟ ਜਾਂ ਐਪ ਤੋਂ ਸ਼ੁਰੂ ਹੋਇਆ ਸੀ। ਕਈ ਲੋਕਾਂ ਨੇ ਦੱਸਿਆ ਕਿ ਘੁਟਾਲੇਬਾਜ਼ਾਂ ਨੇ ਤੇਜ਼ੀ ਨਾਲ ਗੱਲਬਾਤ ਨੂੰ ਵਟਸਐਪ, ਗੂਗਲ ਚੈਟ ਜਾਂ ਟੈਲੀਗ੍ਰਾਮ 'ਤੇ ਟਰਾਂਸਫਰ ਕਰ ਦਿੱਤਾ। ਇਸ ਤੋਂ ਬਾਅਦ ਉਨ੍ਹਾਂ ਦੇ ਖਾਤਿਆਂ ਵਿਚੋਂ ਲੱਖਾਂ ਰੁਪਏ ਉਡਾ ਦਿੱਤੇ ਗਏ।

# ਕਾਰਾਂ ਦੀਆਂ ਕੀਮਤਾਂ 'ਚ ਹੋਵੇਗਾ 2 ਲੱਖ ਤੋਂ ਲੈ ਕੇ 12 ਲੱਖ ਦਾ ਵਾਧਾ

**ਨਵੀਂ ਦਿੱਲੀ–** ਜੇਕਰ ਤੁਸੀਂ ਨਵੀਂ ਮਰਸੀਡੀਜ਼-ਬੈਂਜ਼ ਕਾਰ ਖਰੀਦਣ ਦੀ ਯੋਜਨਾ ਬਣਾ ਰਹੇ ਹੋ, ਤਾਂ ਤੁਹਾਡਾ ਸ਼ੌਕ ਥੋੜ੍ਹਾ ਮਹਿੰਗਾ ਹੋਣ ਵਾਲਾ ਹੈ। ਕਿਉਂਕਿ, ਕੰਪਨੀ ਅਪ੍ਰੈਲ ਤੋਂ ਆਪਣੇ ਵਾਹਨਾਂ ਦੀਆਂ ਕੀਮਤਾਂ 2 ਲੱਖ ਰੁਪਏ ਤੋਂ ਵਧਾ ਕੇ 12 ਲੱਖ ਰੁਪਏ ਕਰਨ ਜਾ ਰਹੀ ਹੈ। ਕੰਪਨੀ ਦਾ ਕਹਿਣਾ ਹੈ ਕਿ ਵਾਹਨ ਨਿਰਮਾਣ 'ਚ ਸ਼ਾਮਲ ਇਨਪੁਟ ਲਾਗਤ ਵਧਣ ਕਾਰਨ ਇਹ ਫੈਸਲਾ ਲਿਆ ਜਾ ਰਿਹਾ ਹੈ।

ਤਿੰਨ ਮਹੀਨਿਆਂ ਵਿੱਚ ਇਹ ਦੂਜੀ ਵਾਰ ਹੋਵੇਗਾ ਜਦੋਂ ਕੰਪਨੀ ਆਪਣੇ ਵਾਹਨਾਂ ਦੀਆਂ ਕੀਮਤਾਂ ਵਿੱਚ ਵਾਧਾ ਕਰ ਰਹੀ ਹੈ। ਕੰਪਨੀ ਨੇ ਕਿਹਾ ਕਿ ਕੰਪਨੀ ਦੇ ਮਾਡਲ ਰੇਂਜ ਦੀ ਐਕਸ-ਸ਼ੋਰੂਮ ਕੀਮਤ 1 ਅਪ੍ਰੈਲ 2023 ਤੋਂ 5 ਫੀਸਦੀ ਵਧ ਜਾਵੇਗੀ। ਮਰਸਡੀਜ਼-ਬੈਂਜ਼ ਇੰਡੀਆ ਦੇ ਮੈਨੇਜਿੰਗ ਡਾਇਰੈਕਟਰ ਅਤੇ ਸੀਈਓ ਸੰਤੋਸ਼ ਅਈਅਰ ਨੇ ਨਿਊਜ਼ ਏਜੰਸੀ ਨੂੰ ਦੱਸਿਆ ਕਿ ਕੰਪਨੀ ਯੂਰੋ 'ਤੇ ਨਜ਼ਰ ਰੱਖ ਰਹੀ ਹੈ ਅਤੇ ਪਿਛਲੇ ਕੁਝ ਮਹੀਨਿਆਂ 'ਚ ਰੁਪਏ ਦੀ ਕੀਮਤ ਇਸ ਦੇ ਮੁਕਾਬਲੇ ਘਟੀ ਹੈ। ਜਿਸ ਕਾਰਨ ਭਾਰਤ ਦਾ ਪੂਰਾ ਕਾਰੋਬਾਰੀ ਮਾਡਲ ਪ੍ਰਭਾਵਿਤ ਹੋਇਆ ਹੈ। ਅਪ੍ਰੈਲ ਤੋਂ ਕੰਪਨੀ ਦੀ ਏ-ਕਲਾਸ ਲਿਮੋਜ਼ਿਨ ਦੀਆਂ ਕੀਮਤਾਂ 'ਚ 2 ਲੱਖ ਰੁਪਏ ਅਤੇ GLA SUV ਦੀਆਂ ਟਾਪ-ਐਂਡ S 350d ਲਿਮੋਜ਼ਿਨ ਦੀਆਂ ਕੀਮਤਾਂ 'ਚ 7 ਲੱਖ ਰੁਪਏ ਦਾ ਵਾਧਾ ਹੋਵੇਗਾ, ਜਦਕਿ ਟਾਪ-ਐਂਡ ਮਰਸਡੀਜ਼ ਮੇਅਬੈਕ ਐਸ 580 ਦੀ ਕੀਮਤ 'ਚ ਰੁਪਏ ਦਾ ਵਾਧਾ ਹੋਵੇਗਾ। 12 ਲੱਖ ਦੇਖੇ ਜਾਣਗੇ। ਜਾਣਕਾਰੀ ਲਈ ਤੁਹਾਨੂੰ ਦੱਸ ਦੇਈਏ ਕਿ ਮਰਸਡੀਜ਼ ਦੁਆਰਾ ਵੇਚੀਆਂ ਜਾਣ ਵਾਲੀਆਂ ਜ਼ਿਆਦਾਤਰ ਕਾਰਾਂ ਲੋਕ ਲੋਨ 'ਤੇ ਖਰੀਦਦੇ ਹਨ। ਅਜਿਹੇ 'ਚ ਕੰਪਨੀ ਦਾ ਕਹਿਣਾ ਹੈ ਕਿ ਗਾਹਕਾਂ ਨੂੰ ਆਪਣੀ ਈਐੱਮਆਈ 'ਚ 2,000 ਤੋਂ 3,000 ਰੁਪਏ ਦਾ ਫਰਕ ਦੇਖਣ ਨੂੰ ਮਿਲੇਗਾ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਕਰਤਾਰਪੁਰ ਲਾਂਘੇ ਲਈ ਰਮੇਸ਼ ਸਿੰਘ ਅਰੋੜਾ ਵਿਸ਼ੇਸ਼ ਦੂਤ ਨਿਯੁਕਤ





**ਇਸਲਾਮਾਬਾਦ–** ਕਰਤਾਰਪੁਰ ਕੋਰੀਡੋਰ ਸਿੱਖ ਅਸਥਾਨਾਂ ਦੀ ਸੁਰੱਖਿਆ ਅਤੇ ਭਲਾਈ ਨਾਲ ਜੁੜਿਆ ਹੋਇਆ ਹੈ। 2019 ਵਿੱਚ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਮਨਾਉਣ ਲਈ ਇਕ ਸਮਾਰੋਹ ਦੌਰਾਨ ਕਰਤਾਰਪੁਰ ਕੋਰੀਡੋਰ ਦਾ ਰਸਮੀ ਉਦਘਾਟਨ ਕੀਤਾ ਸੀ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਦੁਨੀਆ ਭਰ ਦੇ ਸਿੱਖ ਸ਼ਰਧਾਲੂਆਂ ਨੂੰ ਆਕਰਸ਼ਿਤ ਕਰਨ ਲਈ ਕਰਤਾਰਪੁਰ ਲਾਂਘੇ ਲਈ ਰਮੇਸ਼ ਸਿੰਘ ਅਰੋੜਾ ਨੂੰ ਵਿਸ਼ੇਸ਼ ਦੂਤ ਨਿਯੁਕਤ ਕੀਤਾ ਹੈ। ਇਹ ਜਾਣਕਾਰੀ ਬੁੱਧਵਾਰ ਨੂੰ ਇਕ ਸਰਕਾਰੀ ਨੋਟੀਫਿਕੇਸ਼ਨ 'ਚ ਦਿੱਤੀ ਗਈ। ਨੋਟੀਫਿਕੇਸ਼ਨ 'ਚ ਕਿਹਾ ਗਿਆ ਹੈ ਕਿ ਪ੍ਰਮੁੱਖ ਸਿੱਖ ਆਗੂ ਆਨਰੇਰੀ ਵਜੋਂ ਸੇਵਾਵਾਂ ਨਿਭਾਉਣਗੇ। ਨਾਰੋਵਾਲ ਦੇ ਕਰਤਾਰਪੁਰ ਦੇ ਰਹਿਣ ਵਾਲੇ ਅਰੋੜਾ ਪਾਕਿਸਤਾਨ ਮੁਸਲਿਮ ਲੀਗ (ਐਨ) ਦੇ ਘੱਟ ਗਿਣਤੀ ਸੈਲ ਦੇ ਕੇਂਦਰੀ ਜਨਰਲ ਸਕੱਤਰ ਵੀ ਹਨ।

ਅਰੋੜਾ ਦਾ ਪਰਿਵਾਰ, ਜਿਨ੍ਹਾਂ ਨੂੰ ਵਿਸ਼ੇਸ਼ ਦੂਤ (ਅੰਬੈਸਡਰ-ਐਟ-ਲਾਰਜ) ਨਿਯੁਕਤ ਕੀਤਾ ਗਿਆ ਹੈ, ਕਰਤਾਰਪੁਰ ਵਿਖੇ ਸਿੱਖ ਪਵਿੱਤਰ ਅਸਥਾਨਾਂ ਦੀ ਸੁਰੱਖਿਆ ਅਤੇ ਭਲਾਈ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਦੀ ਨਿਯੁਕਤੀ ਇਸ ਲਈ ਕੀਤੀ ਗਈ ਹੈ ਕਿਉਂਕਿ ਕਰਤਾਰਪੁਰ ਲਾਂਘਾ ਖੁੱਲ੍ਹਣ ਤੋਂ ਬਾਅਦ ਪਾਕਿਸਤਾਨ ਸਰਕਾਰ ਨੂੰ ਭਾਰਤ ਤੋਂ ਸ਼ਰਧਾਲੂਆਂ ਦੀ ਜਿੰਨੀ ਗਿਣਤੀ ਦੀ ਉਮੀਦ ਸੀ, ਓਨੀ ਆ ਨਹੀਂ ਰਹੀ।

ਜ਼ਿਕਰਯੋਗ ਹੈ ਕਿ ਕਰਤਾਰ-ਪੁਰ ਕੋਰੀਡੋਰ ਪਾਕਿਸਤਾਨ ਦੇ ਗੁਰਦੁਆਰਾ ਦਰਬਾਰ ਸਾਹਿਬ ਨੂੰ ਭਾਰਤ ਦੇ ਪੰਜਾਬ ਸੂਬੇ ਦੇ ਗੁਰਦਾਸਪੁਰ ਜ਼ਿਲ੍ਹੇ ਦੇ ਡੇਰਾ ਬਾਬਾ ਨਾਨਕ ਗੁਰਦੁਆਰਾ ਨਾਲ ਜੋੜਦਾ ਹੈ। ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੇ ਜੀਵਨ ਦੇ ਆਖ਼ਰੀ ਸਾਲਾਂ ਵਿੱਚ ਕਰਤਾਰਪੁਰ ਵਿਖੇ ਠਹਿਰੇ ਸਨ। 4 ਕਿਲੋਮੀਟਰ ਲੰਬਾ ਕੋਰੀਡੋਰ ਭਾਰਤੀ ਸਿੱਖ ਸ਼ਰਧਾਲੂਆਂ ਨੂੰ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਵੀਜ਼ਾ-ਮੁਕਤ ਪਹੁੰਚ ਪ੍ਰਦਾਨ ਕਰਦਾ ਹੈ।

# ਕਰਤਾਰਪੁਰ ਲਾਂਘੇ ਨੇ ਭਾਰਤ-ਪਾਕਿ 'ਚ ਵਿਛੜੇ ਭਰਾਵਾਂ ਨੂੰ ਮਿਲਾਇਆ



**ਨਾਰੋਵਾਲ–** ਕਰਤਾਰਪੁਰ ਕਾਰੀਡੋਰ ਨੇ ਭਾਰਤ ਤੇ ਪਾਕਿਸਤਾਨ 'ਚ ਰਹਿੰਦੇ ਰਿਸ਼ਤੇਦਾਰਾਂ ਨੂੰ ਨੇੜੇ ਲਿਆਉਣ ਦਾ ਕੰਮ ਕੀਤਾ ਹੈ। ਕਰਤਾਰਪੁਰ ਕਾਰੀਡੋਰ ਨੇ ਇਕ ਵਾਰ ਫਿਰ ਭਾਰਤੀ ਤੇ ਪਾਕਿਸਤਾਨੀ ਪਰਿਵਾਰਾਂ ਨੂੰ 75 ਸਾਲ ਬਾਅਦ ਮਿਲਾਇਆ, ਜੋ ਭਾਰਤ-ਪਾਕਿਸਤਾਨ ਦੀ ਵੰਡ ਦੇ ਕਾਰਨ ਲਗਭਗ 75 ਸਾਲ ਪਹਿਲਾਂ ਵਿਛੜ ਗਏ ਸਨ। ਦੋਵਾਂ ਪਰਿਵਾਰਾਂ ਦੇ ਮਿਲਣ 'ਤੇ ਦੋਵਾਂ ਹੀ ਦੇਸ਼ਾਂ ਦੇ ਪਰਿਵਾਰ ਭਾਵੁਕ ਦਿਖਾਈ ਦਿੱਤੇ। ਸੂਤਰਾਂ ਅਨੁਸਾਰ ਭਾਰਤ-ਪਾਕਿ ਦੀ ਵੰਡ ਤੋਂ ਪਹਿਲਾਂ ਦਇਆ ਸਿੰਘ ਦਾ ਪਰਿਵਾਰ ਭਾਰਤ ਦੇ ਸ਼ਹਿਰ ਗੋਮਲਾ 'ਚ ਰਹਿੰਦਾ ਸੀ। ਜਦ ਉਹ ਜਵਾਨ ਹੋਇਆ ਤਾਂ ਉਨ੍ਹਾਂ ਦੇ ਪਿਤਾ ਦੀ ਮੌਤ ਹੋ ਗਈ। ਉਨ੍ਹਾਂ ਦੇ ਪਿਤਾ ਦੇ ਦੋਸਤ ਕਰੀਮ ਬਖ਼ਸ਼ ਨੇ ਦੋਵਾਂ ਭਰਾਵਾਂ ਦਇਆ ਸਿੰਘ ਤੇ ਗੁਰਦੇਵ ਸਿੰਘ ਦਾ ਪਾਲਣ-ਪੋਸ਼ਣ ਕੀਤਾ ਅਤੇ ਦੋਵਾਂ ਦੇ ਨਾਂ ਵੀ ਬਦਲ ਦਿੱਤੇ। ਗੁਰਦੇਵ ਸਿੰਘ ਦਾ ਨਾਂ ਗੁਲਾਮ ਮੁਹੰਮਦ ਅਤੇ ਦਇਆ ਸਿੰਘ ਦਾ ਨਾਂ ਗੁਲਾਮ ਰਸੂਲ ਰੱਖ ਦਿੱਤਾ ਗਿਆ।

ਇਸ ਸਬੰਧੀ ਦਇਆ ਸਿੰਘ ਨੇ ਦੱਸਿਆ ਕਿ ਭਾਰਤ-ਪਾਕਿ ਵੰਡ ਦੇ ਸਮੇਂ ਉਹ ਆਪਣੇ ਨਾਨਕੇ ਘਰ ਕੁਰੂਕਸ਼ੇਤਰ ਚਲਾ ਗਿਆ, ਜਦਕਿ ਗੁਰਦੇਵ ਸਿੰਘ ਪਾਕਿਸਤਾਨ ਦੇ ਸ਼ਹਿਰ ਝੰਗ 'ਚ ਵੱਸ ਗਿਆ। ਦਇਆ ਸਿੰਘ ਨੇ ਦੱਸਿਆ ਕਿ ਉਹ ਤਾਂ ਗੁਲਾਮ ਰਸੂਲ ਤੋਂ ਫਿਰ ਦਇਆ ਸਿੰਘ ਬਣ ਗਿਆ, ਜਦਕਿ ਉਸ ਦਾ ਭਰਾ ਗੁਰ-ਦੇਵ ਸਿੰਘ ਪਾਕਿਸਤਾਨ ਜਾਣ ਤੋਂ ਬਾਅਦ ਗੁਲਾਮ ਮੁਹੰਮਦ ਹੀ ਬਣਿਆ ਰਿਹਾ ਅਤੇ ਉਸ ਦੇ ਬੱਚੇ ਵੀ ਮੁਸਲਿਮ ਬਣ ਗਏ। ਗੁਲਾਮ ਮੁਹੰਮਦ ਦਾ ਲੜਕਾ ਮੁਹੰਮਦ ਸ਼ਰੀਫ ਵਾਸੀ ਝੰਗ ਅਤੇ ਦਇਆ ਸਿੰਘ ਵਾਸੀ ਕੁਰੂਕਸ਼ੇਤਰ ਬੀਤੇ ਦਿਨ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਨਿਰਧਾਰਿਤ ਯੋਜਨਾ ਅਨੁਸਾਰ ਮਿਲੇ ਅਤੇ ਦੋਵਾਂ ਦੇ ਹੀ ਪਰਿਵਾਰ ਉੱਥੇ ਮੌਜੂਦ ਸਨ। ਦੋਵਾਂ ਪਰਿਵਾਰਾਂ ਦਾ ਮਿਲਨ ਵੇਖਣ ਵਾਲਾ ਸੀ।

ਇਸ ਮੌਕੇ ਗੁਲਾਮ ਮੁਹੰਮਦ ਜਿਸ ਦੀ ਕੁਝ ਸਾਲ ਪਹਿਲਾਂ ਮੌਤ ਹੋ ਚੁੱਕੀ ਹੈ, ਦੇ ਲੜਕੇ ਮੁਹੰਮਦ ਸ਼ਰੀਫ ਨੇ ਆਪਣੇ ਪਿਤਾ ਦੇ ਭਰਾ ਦਇਆ ਸਿੰਘ ਨੂੰ ਯਾਦ ਕੀਤਾ ਅਤੇ ਬੀਤੇ 6 ਮਹੀਨਿਆਂ ਤੋਂ ਮੁਹੰਮਦ ਸ਼ਰੀਫ ਨੇ ਭਾਰਤ ਅਤੇ ਪਾਕਿਸਤਾਨ ਸਰਕਾਰਾਂ ਨੂੰ ਦਰਜਨ ਤੋਂ ਵੱਧ ਪੱਤਰ ਲਿਖੇ ਪਰ ਦੋਵਾਂ ਹੀ ਸਰਕਾਰਾਂ ਤੋਂ ਕੁਝ ਜਾਣਕਾਰੀ ਨਹੀਂ ਮਿਲੀ। ਮੁਹੰਮਦ ਸ਼ਰੀਫ ਨੂੰ ਸੋਸ਼ਲ ਮੀਡੀਆ ਤੋਂ 6 ਮਹੀਨੇ ਪਹਿਲਾਂ ਆਪਣੇ ਚਾਚਾ ਦਇਆ ਸਿੰਘ ਬਾਰੇ ਜਾਣਕਾਰੀ ਮਿਲੀ ਅਤੇ ਉਦੋਂ ਤੋਂ ਲਗਾਤਾਰ ਸੋਸ਼ਲ ਮੀਡੀਆ ਰਾਹੀਂ ਸੰਪਰਕ ਬਣਿਆ ਹੋਇਆ ਸੀ।

ਦਇਆ ਸਿੰਘ ਅਨੁਸਾਰ ਉੱਥੇ ਸਾਡੇ ਰਿਸ਼ਤੇਦਾਰਾਂ ਨੇ ਸਾਡਾ ਫੁੱਲਾਂ ਦੀ ਵਰਖਾ ਨਾਲ ਸਵਾਗਤ ਕੀਤਾ ਅਤੇ ਸਾਡੇ ਮਿਲਣ ਦੇ ਕਾਰਨ ਹੋਰ ਸ਼ਰਧਾਲੂ ਵੀ ਭਾਵੁਕ ਹੋ ਗਏ। ਉੱਥੇ ਦੋਵਾਂ ਹੀ ਪਰਿਵਾਰਾਂ ਨੇ ਇਕ ਦੂਜੇ ਨੂੰ ਮਠਿਆਈ ਖਿਲਾਈ ਤੇ ਆਪੋ-ਆਪਣੇ ਦੇਸ਼ ਦੇ ਗੀਤ ਵੀ ਗਾਏ ਅਤੇ ਗੁਰਦੁਆਰਾ ਸਾਹਿਬ ਦੇ ਲੰਗਰ ਘਰ 'ਚ ਇਕੱਠੇ ਲੰਗਰ ਵੀ ਖਾਧਾ।

ਦਇਆ ਸਿੰਘ ਦੇ ਅਨੁਸਾਰ ਅਸੀਂ ਦੋਵਾਂ ਪਰਿਵਾਰਾਂ ਨੇ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ 'ਚ ਮਿਲਣ ਦੀ ਯੋਜਨਾ ਬਣਾਈ। ਜਦ ਬੀਤੇ ਦਿਨ ਅਸੀਂ ਕਰਤਾਰਪੁਰ ਕਾਰੀਡੋਰ ਦੇ ਰਸਤੇ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਪਹੁੰਚੇ ਤਾਂ ਉੱਥੇ ਉਸ ਦੇ ਭਰਾ ਦਾ ਲੜਕਾ ਮੁਹੰਮਦ ਸ਼ਰੀਫ ਆਪਣੇ ਪਰਿਵਰ ਨਾਲ ਗੁਰਦੁਆਰਾ ਕਰਤਾਰਪੁਰ ਸਾਹਿਬ ਪਹਿਲਾਂ ਹੀ ਪਹੁੰਚਿਆ ਹੋਇਆ ਸੀ। ਦੋਵਾਂ ਪਰਿਵਾਰਾਂ ਦੇ 75 ਸਾਲ ਬਾਅਦ ਮਿਲਣ ਦੀ ਬਹੁਤ ਹੀ ਖੁਸ਼ੀ ਸੀ ਅਤੇ ਦੁੱਖ ਵੀ ਸੀ ਕਿ ਜਲਦ ਹੀ ਦੋਵੇਂ ਪਰਿਵਾਰ ਫਿਰ ਦੇਸ਼ਾਂ ਦੀਆਂ ਸਰਹੱਦਾਂ ਕਾਰਨ ਅਲੱਗ-ਅਲੱਗ ਹੋ ਜਾਣਗੇ।

# ਨਿਸ਼ਾਨ ਸਾਹਿਬ ਬੇਅਦਬੀ ਮਾਮਲੇ 'ਚ ਅਦਾਲਤ ਨੇ 27 ਦੋਸ਼ੀਆਂ ਨੂੰ ਸੁਣਾਈ ਸਜ਼ਾ

## ਹਰਿ ਤੇ ਖੰਡੇ ਦੇ ਨਿਸ਼ਾਨ ਕਾਰਣ ਛਿੜਿਆ ਸੀ ਵਿਵਾਦ



**ਕਾਠਗੜ੍ਹ–** ਕਰੀਬ 8 ਸਾਲ ਪਹਿਲਾਂ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਪਿੰਡ ਮਜਾਰਾ ਜੱਟਾਂ ਵਿਖੇ ਨਿਸ਼ਾਨ ਸਾਹਿਬ ਨੂੰ ਲੈ ਕੇ ਦੋ ਧਿਰਾਂ ਵਿਚਕਾਰ ਹੋਈ ਲੜਾਈ-ਝਗੜੇ ਦੌਰਾਨ ਨਿਸ਼ਾਨ ਸਾਹਿਬ ਦੀ ਬੇਅਦਬੀ ਮਾਮਲੇ ਵਿਚ 27 ਮੁਲਜ਼ਮਾਂ ਨੂੰ ਦੋ-ਦੋ ਸਾਲ ਦੀ ਸਜਾ ਅਤੇ 10-10 ਹਜ਼ਾਰ ਰੁਪਏ ਜੁਰਮਾਨਾ ਕੀਤਾ ਗਿਆ। ਮਾਨਯੋਗ ਸਬ ਡਵੀਜਨਲ ਜੁਡੀਸੀਅਲ ਮੈਜਿਸਟਰੇਟ ਬਲਾਚੌਰ ਵੱਲੋਂ ਸੁਣਾਏ ਫੈਸਲੇ ਅਨੁਸਾਰ ਫਰਵਰੀ 2015 ਵਿਚ ਪਿੰਡ ਮਾਜਰਾ ਜੱਟਾਂ ਵਿਖੇ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਦੀ ਉਸਾਰੀ ਉਪਰੰਤ ਉਸ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਸੁਸ਼ੋਭਿਤ ਕੀਤਾ ਗਿਆ ਸੀ। ਮਾਰਚ 2015 ਵਿਚ ਗੁਰਦੁਆਰਾ ਸਾਹਿਬ ਵਿਖੇ ਪਿੰਡ ਦੇ ਕੁਝ ਵਿਅਕਤੀ 'ਖੰਡਾ ਸਾਹਿਬ' ਦੇ ਨਿਸ਼ਾਨ ਸਾਹਿਬ ਨੂੰ ਸਥਾਪਿਤ ਕਰਨਾ ਚਾਹੁੰਦੇ ਸਨ। ਜਦੋਂ ਕਿ ਕੁਝ ਲੋਕ 'ਹਰਿ' ਦੇ ਨਿਸ਼ਾਨ ਸਾਹਿਬ ਨੂੰ ਲਾਉਣਾ ਚਾਹੁੰਦੇ ਸਨ। ਪਰ ਇਸ ਗੱਲ ਨੂੰ ਲੈ ਕੇ ਦੋਵੇਂ ਧਿਰਾਂ ਵਿਚ ਆਪਸੀ ਵਿਵਾਦ ਹੋ ਗਿਆ। ਇਸ ਲੜਾਈ-ਝਗੜੇ ਦੌਰਾਨ ਨਿਸ਼ਾਨ ਸਾਹਿਬ ਦੀ ਬੇਅਦਬੀ ਹੋਈ ਅਤੇ ਪਿੰਡ ਦਾ ਮਾਹੌਲ ਖਰਾਬ ਹੋ ਗਿਆ। ਜਦੋਂ ਇਹ ਮਾਮਲਾ ਪੁਲਿਸ ਕੋਲ ਪਹੁੰਚਿਆ ਤਾਂ ਪੁਲਿਸ ਵੱਲੋਂ ਦੋਵੇਂ ਧਿਰਾਂ 'ਤੇ ਵੱਖ-ਵੱਖ ਧਾਰਾਵਾਂ ਤਹਿਤ ਪਰਚੇ ਦਰਜ ਕਰ ਦਿੱਤੇ ਗਏ ਸਨ। ਇਸ ਦੇ ਨਾਲ ਹੀ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਵਿਖੇ ਪੁਲਿਸ ਦੀ ਤਾਇਨਾਤੀ ਕਰ ਦਿੱਤੀ ਗਈ। ਉਕਤ ਮਾਮਲੇ 'ਚ ਸ਼ਾਮਲ ਵਿਅਕਤੀਆਂ ਵੱਲੋਂ ਕੇਸ ਲੜਿਆ ਅਤੇ ਅਪੀਲਾਂ ਦਲੀਲਾਂ ਦੇ ਚਲਦਿਆਂ ਕਰੀਬ 8 ਸਾਲ ਪਿਛੋਂ ਉਕਤ ਮਾਮਲੇ ਵਿਚ 27 ਮੁਲਜ਼ਮਾਂ ਨੂੰ ਸਜਾ ਸੁਣਾਈ ਗਈ।

**ਬੇਅਦਬੀ ਕਰਨ ਵਾਲੇ 27 ਮੁਲਜ਼ਮ**

ਸੁਰਿੰਦਰ ਸਿੰਘ, ਬਖਸ਼ੀਸ਼ ਸਿੰਘ, ਬਿੰਦਾ, ਕਾਲੀ, ਤੇਜ ਕੌਰ, ਹਰਬੰਸ, ਚਰਨਜੀਤ ਕੌਰ, ਸੁੱਚਾ, ਸੁਦੇਸ਼, ਗੁਰਮੀਤ ਸਿੰਘ, ਜਗਤਾਰ ਸਿੰਘ, ਪਰਮਜੀਤ ਕੌਰ, ਜਗਮੋਹਨ ਸਿੰਘ, ਸੁੱਚਾ ਸਿੰਘ, ਜਗਤਾਰ, ਜਸਪਾਲ ਸਿੰਘ, ਜੱਸੀ, ਬਲਵਿੰਦਰ ਸਿੰਘ, ਦੀਪਾ, ਹੁਸਨ ਲਾਲ, ਵਿੱਕੀ, ਅਵਤਾਰ ਸਿੰਘ, ਸੁਰਿੰਦਰ ਸਿੰਘ, ਰਾਜੂ, ਰਿੰਕੂ, ਬਲਬੀਰ ਸਿੰਘ ਅਤੇ ਕੁਲਦੀਪ ਸਿੰਘ ਆਦਿ।

# ਦੁਨੀਆ ਦੀਆਂ 240 ਕਰੋੜ ਔਰਤਾਂ ਮਰਦਾਂ ਦੇ ਬਰਾਬਰ ਅਧਿਕਾਰਾਂ ਤੋਂ ਵਾਂਝੀਆਂ- ਰਿਪੋਰਟ

**ਜਲੰਧਰ–**ਵਿਸ਼ਵ ਬੈਂਕ ਵਲੋਂ ਜਾਰੀ ਨਵੀਂ ਰਿਪੋਰਟ 'ਵੂਮੈਨ ਬਿਜਨੈਸ ਐਂਡ ਦਿ ਲਾਅ 2023' ਵਿਚ ਸਾਹਮਣੇ ਆਇਆ ਹੈ ਕਿ ਮਰਦਾਂ ਦੇ ਮੁਕਾਬਲੇ ਔਰਤਾਂ ਆਪਣੇ ਕਾਨੂੰਨੀ ਅਧਿਕਾਰਾਂ ਦਾ ਮੁਸ਼ਕਲ ਨਾਲ 77 ਫੀਸਦੀ ਹੀ ਲਾਭ ਲੈ ਸਕਦੀਆਂ ਹਨ। ਰਿਪੋਰਟ ਦੀ ਮੰਨੀਏ ਤਾਂ ਦੁਨੀਆ ਭਰ ਵਿਚ ਕੰਮਕਾਜੀ ਉਮਰ ਦੀਆਂ ਲਗਭਗ 240 ਕਰੋੜ ਔਰਤਾਂ ਨੂੰ ਅਜੇ ਵੀ ਮਰਦਾਂ ਦੇ ਬਰਾਬਰ ਅਧਿਕਾਰ ਪ੍ਰਾਪਤ



ਨਹੀਂ ਹਨ। ਉਥੇ, ਜੇਕਰ ਰਿਪੋਰਟ ਰਾਹੀਂ ਮਾਪੇ ਗਏ ਖੇਤਰਾਂ ਵਿਚ ਹਰ ਥਾਂ ਲੋੜੀਂਦੀ ਕਾਨੂੰਨੀ ਲਿੰਗੀ ਸਮਾਨਤਾ ਤੱਕ ਪਹੁੰਚਣ ਦੀ ਗੱਲ ਕਰੀਏ ਤਾਂ ਇਸਦੇ ਲਈ 1,549 ਸੁਧਾਰ ਕਰਨੇ ਹੋਣਗੇ। ਜੇਕਰ ਮੌਜੂਦਾ ਰਫਤਾਰ ਨਾਲ ਦੇਖੀਏ ਤਾਂ ਇਸ ਨਾਲ ਇਸ ਟੀਚੇ ਨੂੰ ਹਾਸਲ ਕਰਨ ਵਿਚ ਔਸਤਨ ਘੱਟ ਤੋਂ ਘੱਟ 50 ਵਰ੍ਹੇ ਲੱਗਣਗੇ।

**ਭੇਦਭਾਵ ਘੱਟ ਕਰਨ ਨਾਲ ਵਧ ਸਕਦੀ ਹੈ ਜੀ. ਡੀ. ਪੀ.**

ਹਾਲਾਂਕਿ ਰੋਜ਼ਗਾਰ ਵਿਚ ਮੌਜੂਦ ਲਿੰਗ ਸਬੰਧੀ ਭੇਦਭਾਵ ਦੇ ਇਸ ਫਰਕ ਨੂੰ ਭਰਨ ਨਾਲ ਹਰੇਕ ਦੇਸ਼ ਵਿਚ ਪ੍ਰਤੀ ਵਿਅਕਤੀ ਜੀ. ਡੀ. ਪੀ. ਔਸਤਨ 20 ਫੀਸਦੀ ਵਧ ਸਕਦਾ ਹੈ। ਅਨੁਮਾਨ ਹੈ ਕਿ ਜੇਕਰ ਔਰਤਾਂ ਮਰਦਾਂ ਦੀ ਬਰਾਬਰ ਦਰ ਨਾਲ ਨਵੇਂ ਕਾਰੋਬਾਰੀ ਸ਼ੁਰੂ ਅਤੇ ਉਨ੍ਹਾਂ ਦਾ ਵਿਸਤਾਰ ਕਰਦੀਆਂ ਹਨ ਤਾਂ ਇਸ ਨਾਲ ਗਲੋਬਲ ਆਰਥਿਕਤਾ ਨੂੰ 495.4 ਲੱਖ ਕਰੋੜ ਰੁਪਏ (6 ਲੱਖ ਕਰੋੜ ਡਾਲਰ) ਦਾ ਫਾਇਦਾ ਹੋ ਸਕਦਾ ਹੈ। 2022 ਲਈ ਵਿਸ਼ਵ ਬੈਂਕ ਵਲੋਂ ਜਾਰੀ ਮਹਿਲਾ, ਕਾਰੋਬਾਰ ਅਤੇ ਕਾਨੂੰਨ ਸੂਚਕਾਂਕ ਵਿਚ ਔਸਤ ਸਕੋਰ ਸਿਰਫ ਅੱਧਾ ਅੰਕ ਵਧਕੇ 77.1 'ਤੇ ਪਹੁੰਚਿਆ ਹੈ।

**14 ਦੇਸ਼ਾਂ ਵਿਚ ਹੀ ਹਨ ਬਰਾਬਰ ਅਧਿਕਾਰ**

ਵਿਸ਼ਵ ਬੈਂਕ ਨੇ ਆਪਣੀ ਇਕ ਨਵੀਂ ਰਿਪੋਰਟ ਵਿਚ ਔਰਤਾਂ ਦੀ ਆਰਥਿਕ ਭਾਈਵਾਲੀ ਨਾਲ ਸਬੰਧਤ 8 ਖੇਤਰਾਂ ਵਿਚ 190 ਦੇਸ਼ਾਂ ਦੇ ਕਾਨੂੰਨਾਂ ਅਤੇ ਨਿਯਮਾਂ ਦਾ ਮੁਲਾਂਕਣ ਕੀਤਾ ਹੈ। ਇਨ੍ਹਾਂ ਖੇਤਰਾਂ ਵਿਚ ਗਤੀਸ਼ੀਲਤਾ, ਕੰਮ ਦੇ ਸਥਾਨ, ਤਨਖਾਹ, ਵਿਆਹ, ਮਾਂ, ਉੱਦਮ, ਜਾਇਦਾਦ ਅਤੇ ਪੈਨਸ਼ਨ ਵਰਗੇ ਮੁੱਦੇ ਸ਼ਾਮਲ ਹਨ।

ਇਸ ਰਿਪੋਰਟ ਵਿਚ ਜੋ ਤੱਥ ਸਾਹਮਣੇ ਆਏ ਹਨ ਉਨ੍ਹਾਂ ਮੁਤਾਬਕ ਦੁਨੀਆ ਵਿਚ ਅੱਜ ਸਿਰਫ 14 ਅਜਿਹੇ ਦੇਸ਼ ਹਨ, ਜਿਥੇ ਕਾਨੂੰਨ ਔਰਤਾਂ ਨੂੰ ਮਰਦਾਂ ਦੇ ਬਰਾਬਰ ਅਧਿਕਾਰ ਦਿੰਦੇ ਹਨ। ਇਹ ਸਾਰੀਆਂ ਖੁਸ਼ਹਾਲ ਆਰਥਿਕਤਾਵਾਂ ਹਨ। ਰਿਪੋਰਟ ਦੀ ਮੰਨੀਏ ਤਾਂ 2022 ਦੌਰਾਨ 18 ਦੇਸ਼ਾਂ ਵਿਚ ਸਿਰਫ 34 ਲਿੰਕ ਸਬੰਧੀ ਕਾਨੂੰਨੀ ਸੁਧਾਰ ਦਰਜ ਕੀਤੇ ਗਏ ਸਨ।

# ਕਿਰਾਏ ਦਾ ਈ ਰਿਕਸ਼ਾ ਚਲਾ ਕੇ ਬਜ਼ੁਰਗ ਤੇ ਅਪਾਹਜ਼ ਲੋਕਾਂ ਦੀ ਫ੍ਰੀ ਸੇਵਾ ਵੀ ਕਰ ਰਿਹਾ ਗੱਭਰੂ



**ਗੁਰਦਾਸਪੁਰ–**ਜਿੱਥੇ ਅੱਜਕਲ੍ਹ ਪੰਜਾਬ ਦੀ ਨੌਜਵਾਨੀ ਭਾਵੇਂ ਨਸ਼ਿਆਂ ਦੀ ਦਲ ਦਲ ਵਿੱਚ ਫਸਦੀ ਜਾ ਰਹੀ ਹੈ, ਪਰ ਗੁਰਦਾਸਪੁਰ ਵਿੱਚ ਰਹਿਣ ਵਾਲਾ ਇਹ ਨੌਜਵਾਨ ਸੁਖਵਿੰਦਰ ਸਿੰਘ ਹੈਪੀ ਜੋ ਕਿਰਾਏ ਦਾ ਈ ਰਿਕਸ਼ਾ ਚਲਾ ਕੇ ਆਪਣੇ ਘਰ ਦਾ ਗੁਜ਼ਾਰਾ ਕਰ ਰਿਹਾ ਹੈ ਤੇ ਆਪਣੀ ਈ ਰਿਕਸ਼ਾ ਤੇ ਬਜ਼ੁਰਗ ਤੇ ਅਪਾਹਜ਼ ਲੋਕਾਂ ਦੀ ਫ੍ਰੀ ਸੇਵਾ ਵੀ ਕਰ ਰਿਹਾ ਹੈ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਉਹ ਕਿਰਾਏ ਦੇ ਮਕਾਨ ਚ ਆਪਣੀ ਪਤਨੀ ਤੇ ਬੱਚਿਆਂ ਨਾਲ ਰਹਿੰਦਾ ਹੈ ਤੇ ਜਿਹੜੇ ਉਸ ਕੋਲ ਈ ਰਿਕਸ਼ਾ ਹੈ ਉਹ ਵੀ ਕਿਰਾਏ ਦਾ ਹੀ ਹੈ। ਸੁਖਵਿੰਦਰ ਸਿੰਘ ਨੇ ਦੱਸਿਆ ਹੈ ਕਿ ਕਈ ਵਾਰੀ ਜਦੋਂ ਉਹ ਬਜ਼ੁਰਗ ਜਾ ਅਪਾਹਜ਼ ਲੋਕਾਂ ਨੂੰ ਆਪਣੀ ਦਵਾਈ ਲੈਣ ਜਾ ਹੋਰ ਕੰਮ ਪੈਦਲ ਹੀ ਸੜਕ ਤੇ ਤੁਰੇ ਜਾਂਦੇ ਦੇਖਦਾ ਹੈ ਤਾਂ ਉਸ ਨੂੰ ਬਹੁਤ ਦੁੱਖ ਲੱਗਦਾ ਹੈ।

ਕਿਉਂਕਿ ਉਨ੍ਹਾਂ ਦੀ ਕੋਈ ਮਦਦ ਕਰਨ ਲਈ ਅੱਗੇ ਨਹੀਂ ਆਉਂਦਾ ਤੇ ਉਸਨੇ ਸੋਚਿਆ ਕਿ ਕਿਉਂ ਨਾ ਇਨ੍ਹਾਂ ਅਪਾਹਜ਼ ਤੇ ਬਜ਼ੁਰਗ ਲੋਕਾਂ ਦੀ ਸੇਵਾ ਕੀਤੀ ਜਾਵੇ ਤੇ ਹੁਣ ਸੁਖਵਿੰਦਰ ਸਿੰਘ ਬਜ਼ੁਰਗ ਤੇ ਅਪਾਹਜ਼ ਲੋਕਾਂ ਦੀ ਮਦਦ ਕਰ ਰਿਹਾ ਤੇ ਦੁਆਵਾਂ ਆਸ਼ੀਰਵਾਦ ਤੇ ਅਸੀਸਾਂ ਲੈ ਰਿਹਾ ਹੈ। ਸੁਖਵਿੰਦਰ ਸਿੰਘ ਨੇ ਨੌਜਵਾਨਾਂ ਨੂੰ ਵੀ ਇੱਕ ਸੁਨੇਹਾ ਦਿੱਤਾ ਹੈ ਤੇ ਕਿਹਾ ਹੈ ਕਿ ਤੁਸੀਂ ਨਸ਼ਿਆਂ ਵਾਲੇ ਪਾਸੇ ਨਾ ਜਾਓ ਤੇ ਮਿਹਨਤ ਕਰੋ, ਵਧਿਆ ਤੇ ਚੰਗੇ ਕੰਮ ਕਰੋ ਤੇ ਇਨ੍ਹਾਂ ਬਜ਼ੁਰਗਾਂ ਦੀ ਸੇਵਾ ਕਰੋ ਤੇ ਆਸ਼ੀਰਵਾਦ ਪ੍ਰਾਪਤ ਕਰੋ।

# ਇਫਟੂ ਵੱਲੋਂ ਨਵਾਂਸ਼ਹਿਰ ਵਿਚ ਵਿਸ਼ਾਲ ਰੈਲੀ ਅਤੇ ਮੁਜਾਹਰਾ

## ਫਾਸ਼ੀਵਾਦ ਦਾ ਮੁਕਾਬਲਾ ਮਜਦੂਰ ਜਮਾਤ ਦੀ ਅਗਵਾਈ ਨਾਲ ਹੀ ਸੰਭਵ-ਡਾਕਟਰ ਅਪਰਣਾ





**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਅੱਜ ਇੱਥੇ ਇੰਡੀਅਨ ਫੈਡਰੇਸ਼ਨ ਆਫ ਟਰੇਡ ਯੂਨੀਅਨਜ਼ (ਇਫਟੂ)ਪੰਜਾਬ ਦੇ ਦੋ ਦਿਨਾਂ ਡੈਲੀਗੇਟ ਇਜਲਾਸ ਦੇ ਪਹਿਲੇ ਦਿਨ ਬੰਗਾ ਰੋਡ ਤੇ ਵਿਸ਼ਾਲ ਰੈਲੀ ਕੀਤੀ ਗਈ।ਇਸ ਰੈਲੀ ਨੂੰ ਸੰਬੋਧਨ ਕਰਦਿਆਂ ਇਫਟੂ ਦੇ ਕੌਮੀ ਪ੍ਰਧਾਨ ਡਾਕਟਰ ਅਪਰਣਾ ਦਿੱਲੀ ਨੇ ਮਜਦੂਰ ਵਰਗ ਨੂੰ ਆਪਣੇ ਹੱਕਾਂ ਲਈ ਤਿੱਖੇ ਸੰਘਰਸ਼ ਲੜਨ ਦਾ ਸੱਦਾ ਦਿੱਤਾ। ਉਹਨਾਂ ਕਿਹਾ ਕਿ ਸੰਘਰਸ਼ ਕਾਮਿਆਂ ਨੂੰ ਤਾਕਤ ਦਿੰਦਾ ਹੈ ਅਤੇ ਇਸ ਤਾਕਤ ਸਦਕਾ ਕੇਂਦਰ ਦੀ ਮੋਦੀ ਸਰਕਾਰ ਮਜਦੂਰ ਵਿਰੋਧੀ ਅਤੇ ਕਾਰਪੋਰੇਟ ਪੱਖੀ 4 ਕਿਰਤ ਕੋਡ ਲਾਗੂ ਕਰਨ ਦਾ ਹੌਸਲਾ ਨਹੀਂ ਕਰ ਸਕੀ। ਡਾ ਅਪਰਣਾ ਨੇ ਕਿਹਾ ਕਿ ਸਾਮਰਾਜ ਦੁਨੀਆਂ ਅੰਦਰ ਬਾਜਾਰ ਤੈਅ ਕਰਦਾ ਹੈ ਅਤੇ ਭਾਰਤੀ ਹਾਕਮ ਸਾਮਰਾਜੀਆਂ ਦੀਆਂ ਕੱਠਪੁਤਲੀਆਂ ਹਨ ਜੋ ਉਹਨਾਂ ਦੇ ਹਿੱਤ ਵਿੱਚ ਆਰਥਿਕ ਅਤੇ ਵਿੱਤੀ ਨੀਤੀਆਂ ਘੜਦੇ ਹਨ। ਉਹਨਾਂ ਕਿਹਾ ਕਿ ਦੇਸ਼ ਵਿੱਚ ਕੱਚੇ ਕਾਮਿਆਂ ਦੀ ਗਿਣਤੀ ਅਜਿਹੀ ਰਫਤਾਰ ਨਾਲ ਵੱਧ ਰਹੀ ਹੈ ਕਿ ਇਸ ਸ਼ਤਾਬਦੀ ਨੂੰ ਕੱਚੇ ਕਾਮਿਆਂ ਦੀ ਸ਼ਤਾਬਦੀ ਆਖਿਆ ਜਾਣ ਲੱਗਾ ਹੈ। ਉਹਨਾਂ ਕਿਹਾ ਕਿ ਲੋਕਾਂ ਦੀ ਏਕਤਾ ਨੂੰ ਤੋੜਨ ਲਈ ਫਿਰਕਾਪ੍ਰਸਤੀ ਨੂੰ ਹਵਾ ਦਿੱਤੀ ਜਾ ਰਹੀ ਹੈ। ਮੋਦੀ ਸਰਕਾਰ ਵੱਲੋਂ ਫਾਸ਼ੀਵਾਦ ਦਾ ਸਹਾਰਾ ਲੈਕੇ ਦੇਸੀ ਵਿਦੇਸ਼ੀ ਕਾਰਪੋਰੇਟ ਪੱਖੀ ਨੀਤੀਆਂ ਨੂੰ ਲਾਗੂ ਕਰਨ ਲਈ ਕਾਲੇ ਕਾਨੂੰਨ ਘੜੇ ਜਾ ਰਹੇ ਹਨ, ਵਿਰੋਧੀ ਵਿਚਾਰਾਂ ਨੂੰ ਦਬਾਇਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਫਾਸ਼ੀਵਾਦ ਦਾ ਟਾਕਰਾ ਮਜਦੂਰ ਜਮਾਤ ਦੀ ਅਗਵਾਈ ਵਿੱਚ ਹੀ ਕੀਤਾ ਜਾ ਸਕਦਾ ਹੈ ਇਸਦੇ ਲਈ ਮਜਦੂਰ ਜਮਾਤ ਦੀ ਏਕਤਾ ਪਹਿਲੀ ਸ਼ਰਤ ਹੈ। ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਵੀ ਮਜਦੂਰ ਵਿਰੋਧੀ ਹਨ।ਦਿੱਲੀ ਵਿੱਚ ਅਰਵਿੰਦ ਕੇਜਰੀਵਾਲ ਦੀ ਸਰਕਾਰ ਨੇ ਹੜਤਾਲੀ ਆਂਗਣਵਾੜੀ ਵਰਕਰਾਂ ਉੱਤੇ ਐਸਮਾ ਲਾਕੇ ਵਰਕਰਾਂ ਵਿਰੋਧੀ ਹੋਣ ਦਾ ਸਬੂਤ ਦਿੱਤਾ ਹੈ। ਇਸ ਮੌਕੇ ਸੰਬੋਧਨ ਕਰਦਿਆਂ ਇਫਟੂ ਪੰਜਾਬ ਦੇ ਸੂਬਾ ਪ੍ਰਧਾਨ ਕੁਲਵਿੰਦਰ ਸਿੰਘ ਵੜੈਚ, ਸੂਬਾ ਸਕੱਤਰ ਰਾਜ ਸਿੰਘ ਮਲੋਟ ਅਤੇ ਜੁਆਂਇੰਟ ਸਕੱਤਰ ਅਵਤਾਰ ਸਿੰਘ ਤਾਰੀ ਨੇ ਕਿਹਾ ਕਿ ਮਜਦੂਰ ਜਮਾਤ ਦਾ ਇਤਿਹਾਸ ਬਹੁਤ ਸ਼ਾਨਾਮੱਤਾ ਅਤੇ ਕੁਰਬਾਨੀਆਂ ਭਰਿਆ ਹੈ। ਇਫਟੂ ਨੇ ਮਜਦੂਰ ਜਮਾਤ ਦੇ ਹਿੱਤਾਂ ਲਈ ਤਿੱਖੇ ਤੇ ਅਹਿਮ ਘੋਲ ਲੜੇ ਹਨ। ਮੌਜੂਦਾ ਸਮਾਂ ਮਜਦੂਰ ਵਰਗ ਲਈ ਬਹੁਤ ਹੀ ਚਣੌਤੀਆਂ ਭਰਿਆ ਹੈ।ਕੇਂਦਰ ਦੀ ਮੋਦੀ ਸਰਕਾਰ ਕਿਰਤੀਆਂ ਦੇ ਹਿੱਤਾਂ ਉੱਤੇ ਚੌਤਰਫਾ ਹਮਲੇ ਕਰ ਰਹੀ ਹੈ। ਕਾਰਪੋਰੇਟ ਪੱਖੀ ਕਾਨੂੰਨਾਂ ਨੂੰ ਲਿਆਕੇ ਕਿਰਤੀਆਂ ਵੱਲੋਂ ਦਹਾਕਿਆਂਬੱਧੀ ਸੰਘਰਸ਼ ਕਰਕੇ ਪ੍ਰਾਪਤ ਕੀਤੇ ਕਾਨੂੰਨੀ ਹੱਕ ਖੋਹੇ ਜਾ ਰਹੇ ਹਨ। ਉਹਨਾਂ ਨੇ ਮਜਦੂਰ ਜਮਾਤ ਨੂੰ ਆਪਣੇ ਹੱਕਾਂ ਦੀ ਰੱਖਿਆ ਲਈ ਲਾਮਬੰਦ ਹੋਕੇ ਤਿੱਖੇ ਸੰਘਰਸ਼ ਵਿੱਢਣ ਦਾ ਸੱਦਾ ਦਿੱਤਾ। ਬਾਅਦ ਵਿੱਚ ਸ਼ਹਿਰ ਅੰਦਰ ਮੁਜਾਹਰਾ ਕੀਤਾ ਗਿਆ ਜਿਸਦੀ ਅਗਵਾਈ ਇਫਟੂ ਦੀ ਸੂਬਾਈ ਲੀਡਰਸ਼ਿਪ ਨੇ ਕੀਤੀ। ਇਸ ਮੌਕੇ ਇਫਟੂ ਦੇ ਸੂਬਾ ਮੀਤ ਪ੍ਰਧਾਨ ਰਾਮੇਸ਼ ਰਾਣਾ ਗੁਰਦਾਸ ਪੁਰ, ਜੁਗਿੰਦਰ ਪਾਲ ਗੁਰਦਾਸਪੁਰ, ਡੀ.ਐਮ.ਐਫ ਦੇ ਆਗੂ ਮਲਾਗਰ ਸਿੰਘ ਮੋਰਿੰਡਾ, ਗੈਸ ਵਰਕਰਜ਼ ਯੂਨੀਅਨ ਪਟਿਆਲਾ ਦੇ ਆਗੂ ਬਿੱਲਾ ਪਟਿਆਲਾ, ਪੈਪਸੀ ਵਰਕਰਜ਼ ਯੂਨੀਅਨ ਫਿਲੌਰ ਦੇ ਆਗੂ ਮਨਦੀਪ ਸਿੰਘ, ਆਸ਼ਾ ਵਰਕਰਜ਼ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਸ਼ਕੁੰਤਲਾ ਦੇਵੀ ਸਰੋਏ, ਇਫਟੂ ਦੇ ਜਿਲਾ ਨਵਾਂਸ਼ਹਿਰ ਦੇ ਪ੍ਰਧਾਨ ਗੁਰਦਿਆਲ ਰੱਕੜ, ਜਿਲ੍ਹਾ ਸਕੱਤਰ ਪਰਵੀਨ ਕੁਮਾਰ ਨਿਰਾਲਾ, ਆਟੋ ਵਰਕਰਜ਼ ਯੂਨੀਅਨ ਦੇ ਆਗੂ ਪੁਨੀਤ ਕਲੇਰ, ਬਿੱਲਾ ਗੁੱਜਰ ਆਗੂਆਂ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਸ਼ਿਵ ਨੰਦਨ ਕੁਮਾਰ,ਨਿਰਮਲ ਸਿੰਘ ਜੰਡੀ, ਰਾਮੇਸ਼ ਕੁਮਾਰ ਨੂਰਪੁਰ ਬੇਦੀ, ਤਰਸੇਮ ਜੱਟ ਪੁਰ, ਬਲਵਿੰਦਰ ਸਿੰਘ ਚਮਕੌਰ ਸਾਹਿਬ, ਗੁਰਬਖਸ਼ ਕੌਰ ਸੰਘਾ, ਕਮਲਜੀਤ ਸਨਾਵਾ, ਹਰੇ ਰਾਮ ਸਿੰਘ, ਹਰੀ ਲਾਲ ਆਜਾਦ ਆਗੂ ਵੀ ਮੌਜੂਦ ਸਨ।

# ਅੰਤਰ-ਰਾਸ਼ਟਰੀ ਮਹਿਲਾ ਦਿਵਸ ਮੌਕੇ ਸਾਈਕਲ ਰੈਲੀ ਆਯੋਜਨ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਅੱਜ ਸਾਰੇ ਸੰਸਾਰ ਵਿੱਚ ਜੋ ਮਹਿਲਾਵਾਂ ਦੀ ਸਥਿਤੀ ਹੈ ਉਸ ਬਾਰੇ ਇਹ ਗੱਲ ਵੀ ਕਹੀ ਜਾ ਸਕਦੀ ਹੈ ਕਿ ਅਜੇ ਵੀ ਇਸਤਰੀ ਨੂੰ ਇਨਸਾਨੀ ਰੂਪ ਵਿੱਚ ਪੁਰਸ਼ ਦੇ ਬਰਾਬਰ ਨਹੀਂ ਸਮਝਿਆ ਗਿਆ। ਅੰਤਰਰਾਸ਼ਟਰੀ ਮਹਿਲਾ ਦਿਵਸ ਚਾਹੇ ਅੱਜ ਸਾਰੇ ਸੰਸਾਰ 'ਚ ਮਨਾਇਆ ਜਾਂਦਾ ਹੈ ਪਰ ਕੁਝ ਸਮੱਸਿਆਵਾਂ ਸੰਸਾਰ 'ਚ ਸਾਂਝੀਆਂ ਹਨ ਜਿਵੇਂ ਜਿਨਸੀ ਸ਼ੋਸ਼ਣ, ਆਰਥਿਕ ਨਾਬਰਾਬਰੀ, ਅਨਪੜਤਾ, ਅਸੁਰੱਖਿਆ ਆਦਿ ਸਾਂਝੀਆਂ ਹਨ ਪਰ ਕੁਝ ਪੱਛਮੀ ਦੇਸ਼ਾਂ ਨੇ ਕਾਨੂੰਨ ਬਣਾ ਕੇ ਜਿਨਸੀ ਸ਼ੋਸ਼ਣ ਨੂੰ ਰੋਕਣ 'ਚ ਕਾਫੀ ਸਫਲਤਾ ਪ੍ਰਾਪਤ ਕੀਤੀ ਹੈ। ਇਨਾਂ ਗੱਲਾਂ ਦਾ ਪ੍ਰਗਟਾਵਾ ਕਾਰਜਕਾਰੀ ਸਿਵਲ ਸਰਜਨ ਡਾ ਪਵਨ ਕੁਮਾਰ ਵਲੋਂ ਸਰਕਾਰੀ



ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਰੇਲਵੇ ਮੰਡੀ ਹੁਸ਼ਿਆਰਪੁਰ ਤੋਂ ਅੰਤਰਰਾਸ਼ਟਰੀ ਮਹਿਲਾ ਦਿਵਸ ਦੇ ਸੰਬੰਧ ਵਿੱਚ ਆਯੋਜਿਤ ਸਾਈਕਲ ਰੈਲੀ ਨੂੰ ਹਰੀ ਝੰਡੀ ਦੇਣ ਮੌਕੇ ਪ੍ਰਗਟ ਕੀਤੇ।

ਇਸ ਦੌਰਾਨ ਸੰਬੋਧਨ ਕਰਦਿਆਂ ਡਿਪਟੀ ਮੈਡੀਕਲ ਕਮਿਸ਼ਨਰ ਡਾ।ਹਰਬੰਸ ਕੌਰ ਨੇ ਕਿਹਾ ਕਿ ਸਿਹਤ ਵਿਭਾਗ ਵੱਲੋਂ ਇਸ ਸਾਲ ਦਾ ਥੀਮ 'ਸਿਹਤਮੰਦ ਔਰਤ ਸਿਹਤਮੰਦ ਇੰਡੀਆ' ਰੱਖਿਆ ਗਿਆ ਹੈ, ਕਿਉਂਕਿ ਜੇਕਰ ਔਰਤ ਮਾਨਸਿਕ, ਆਰਥਿਕ, ਸਮਾਜਿਕ ਅਤੇ ਸਿਹਤ ਪੱਖੋਂ ਸਿਹਤਮੰਦ ਹੋਵੇਗੀ ਤਾਂ ਹੀ ਸਿਹਤਮੰਦ ਸਮਾਜ ਦੀ ਸਿਰਜਣਾ ਹੋ ਸਕੇਗੀ। ਇੱਕ ਔਰਤ ਮਾਂ, ਪਤਨੀ, ਬੇਟੀ ਦੇ ਰੂਪ ਵਿੱਚ ਸਮਾਜ ਵਿੱਚ ਸੰਤੁਲਣ ਬਣਾ ਕੇ ਰੱਖਦੀ ਹੈ। ਉਸ ਤੋਂ ਬਿਨਾਂ ਅਸੀਂ ਸਮਾਜ ਦੀ ਕਲਪਨਾ ਵੀ ਨਹੀਂ ਕਰ ਸਕਦੇ। ਔਰਤ ਸਮਾਜਿਕ ਤੌਰ ਤੇ ਸਰਗਰਮ ਹੋਏ ਬਗੈਰ ਅਤੇ ਸਮਾਜ ਦੇ ਘੋਲਾਂ ਵਿੱਚ ਮਰਦ ਨਾਲ ਸ਼ਿਰਕਤ ਕੀਤੇ ਬਗੈਰ ਆਪਣੀ ਆਜ਼ਾਦੀ ਦੀ ਲੜਾਈ ਨੂੰ ਪ੍ਰਭਾਵੀ ਢੰਗ ਨਾਲ ਨਹੀਂ ਲੜ ਸਕਦੀ। ਇਸ ਮੌਕੇ ਜਿਲ੍ਹਾ ਮਾਸ ਮੀਡੀਆ ਅਫਸਰ ਪ੍ਰਸ਼ੋਤਮ ਲਾਲ, ਡਿਪਟੀ ਮਾਸ ਮੀਡੀਆ ਅਫਸਰ ਤ੍ਰਿਪਤਾ ਦੇਵੀ, ਡਿਪਟੀ ਮਾਸ ਮੀਡੀਆ ਅਫਸਰ ਰਮਨਦੀਪ ਕੌਰ, ਜ਼ਿਲ੍ਹਾ ਬੀ।ਸੀ।ਸੀ ਕੋਆਰਡੀਨੇਟਰ ਅਮਨਦੀਪ ਸਿੰਘ ਅਤੇ ਸਕੂਲ ਦੇ ਅਧਿਆਪਕ ਹਾਜ਼ਰ ਸਨ। ਇਸ ਰੈ਼ਲੀ ਨੂੰ ਸੁਚਾਰੂ ਰੂਪ ਨਾਲ ਚਲਾਉਣ ਲਈ ਪੁਲਿਸ ਵਿਭਾਗ ਦਾ ਵਿਸ਼ੇਸ਼ ਸਹਿਯੋਗ ਰਿਹਾ।

# ਪੰਜਾਬ ਦੀ ਪਹਿਲੀ ਡਿਜੀਟਲ ਲਾਇਬ੍ਰੇਰੀ ਕੈਬਨਿਟ ਮੰਤਰੀ ਜਿੰਪਾ ਨੇ ਕੀਤੀ ਲੋਕਾਂ ਨੂੰ ਸਮਰਪਿਤ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਕੈਬਨਿਟ ਮੰਤਰੀ ਪੰਜਾਬ ਬ੍ਰਹਮ ਸ਼ੰਕਰ ਜਿੰਪਾ ਨੇ ਕਿਹਾ ਕਿ ਸੂਬੇ ਵਿਚ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣਾ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਤਰਜੀਹ ਰਹੀ ਹੈ ਅਤੇ ਇਸੇ ਵਚਨਬੱਧਤਾ ਨੂੰ ਦੁਹਰਾਉਂਦਿਆਂ ਅੱਜ ਹੁਸ਼ਿਆਰਪੁਰ ਵਿਚ ਪੰਜਾਬ ਦੀ ਪਹਿਲੀ ਡਿਜੀਟਲ ਲਾਇਬ੍ਰੇਰੀ ਪੰਜਾਬ ਵਾਸੀਆਂ ਨੂੰ ਸਮਰਪਿਤ ਕੀਤੀ ਗਈ ਹੈ। ਉਹ ਅੱਜ ਸਿਵਲ ਲਾਈਨਜ਼ ਹੁਸ਼ਿਆਰਪੁਰ ਵਿਖੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਤਿਆਰ ਕੀਤੀ ਗਈ ਡਿਜੀਟਲ ਲਾਇਬ੍ਰੇਰੀ ਦੇ ਲੋਕ ਅਰਪਣ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ



ਸਨ। ਇਸ ਦੌਰਾਨ ਉਨ੍ਹਾਂ ਨਾਲ ਮੇਅਰ ਸੁਰਿੰਦਰ ਕੁਮਾਰ, ਜ਼ਿਲ੍ਹਾ ਯੋਜਨਾ ਕਮੇਟੀ ਦੀ ਚੇਅਰਪਰਸਨ ਕਰਮਜੀਤ ਕੌਰ, ਡਿਪਟੀ ਕਮਿਸ਼ਨਰ ਕੋਮਲ ਮਿੱਤਲ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ ਅਤੇ ਹੋਰ ਸ਼ਖਸੀਅਤਾਂ ਮੌਜੂਦ ਸਨ।

ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਸੂਬੇ ਵਿਚ ਚੱਲ ਰਹੀ ਹਰੇਕ ਯੋਜਨਾ ਨੂੰ ਜਲਦ ਤੋਂ ਜਲਦ ਮੁਕੰਮਲ ਕਰਵਾਇਆ ਹੈ, ਜਿਸ ਕਾਰਨ ਅੱਜ ਪੰਜਾਬ ਤਰੱਕੀ ਦੀ ਰਾਹ ਵੱਲ ਵਧ ਰਿਹਾ ਹੈ। ਉਨ੍ਹਾਂ ਕਿਹਾ ਕਿ 3 ਕਰੋੜ ਰੁਪਏ ਦੀ ਲਾਗਤ ਨਾਲ ਬਣੀ ਇਸ ਅਤਿ-ਆਧੁਨਿਕ ਲਾਇਬ੍ਰੇਰੀ ਦਾ ਹਰੇਕ ਵਰਗ ਨੂੰ ਭਰਪੂਰ ਲਾਭ ਮਿਲੇਗਾ। ਇਸ ਤੋਂ ਇਲਾਵਾ ਅਖ਼ਬਾਰਾਂ, ਮੈਗਜ਼ੀਨ ਤੇ ਹੋਰ ਪੁਸਤਕਾਂ ਵੀ ਇਥੇ ਮੁਹੱਈਆ ਕਰਵਾਈਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਲਾਇਬ੍ਰੇਰੀ ਵਿਚ ਕਾਨਫਰੰਸ ਰੂਮ ਦਾ ਵੀ ਪ੍ਰਬੰਧ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਲਾਇਬ੍ਰੇਰੀ ਦੀ ਮੈਂਬਰਸ਼ਿਪ 300 ਰੁਪਏ ਮਹੀਨਾ ਰੱਖੀ ਗਈ ਹੈ, ਜਿਸ ਵਿਚ ਵਿਦਿਆਰਥੀਆਂ ਨੂੰ 25 ਫੀਸਦੀ ਛੋਟ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਹ ਲਾਇਬ੍ਰੇਰੀ ਪੂਰਾ ਹਫ਼ਤਾ ਸਵੇਰੇ 9 ਵਜੇ ਤੋਂ ਸ਼ਾਮ 7 ਵਜੇ ਤੱਕ ਖੁੱਲ੍ਹੇਗੀ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਦਰਬਾਰਾ ਸਿੰਘ, ਐਸ। ਡੀ। ਐਮ ਦਸੂਹਾ ਓਜਸਵੀ ਅਲੰਕਾਰ, ਐਕਸੀਅਨ ਪੰਚਾਇਤੀ ਰਾਜ ਰਾਜਕੁਮਾਰ, ਸੰਦੀਪ ਸੈਣੀ, ਆਗਿਆਪਾਲ ਸਿੰਘ ਸਾਹਨੀ, ਵਰਿੰਦਰ ਸ਼ਰਮਾ ਬਿੰਦੂ ਤੋਂ ਇਲਾਵਾ ਹੋਰ ਸ਼ਖਸੀਅਤਾਂ ਵੀ ਹਾਜ਼ਰ ਸਨ।

# ਪ੍ਰਵਾਸੀ ਭਾਰਤੀ ਮਹਿੰਦਰ ਸੱਲਣ ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਲਤੀਫਪੁਰ ਵਿਖੇ ਸਨਮਾਨਿਤ

**ਜਲੰਧਰ-** ਧੱਮਾ ਵੇਵਜ਼ ਕਨੇਡਾ ਦੇ ਸੰਸਥਾਪਕ ਮੈਂਬਰ ਸ਼੍ਰੀ ਮਹਿੰਦਰ ਸੱਲਣ ਪਿਛਲੇ ਹਫਤੇ ਕੈਨੇਡਾ ਤੋਂ ਇੱਥੇ ਆਏ ਸਨ ਅਤੇ ਉਦੋਂ ਤੋਂ ਹੀ ਉਹ ਅੰਬੇਡਕਰ ਮਿਸ਼ਨ ਅਤੇ



ਬੁੱਧ ਧਰਮ ਦਾ ਪ੍ਰਚਾਰ ਪ੍ਰਸਾਰ ਕਰ ਰਹੇ ਹਨ । ਸ਼੍ਰੀ ਸੱਲਣ ਨੇ ਐਲੀਮੈਂਟਰੀ ਸਮਾਰਟ ਸਕੂਲ ਲਤੀਫਪੁਰ ਜ਼ਿਲ੍ਹਾ ਹੁਸ਼ਿਆਰਪੁਰ ਦੇ ਵਿਦਿਆਰਥੀਆਂ ਨੂੰ ਫੁੱਟਬਾਲ, ਰੈਕੇਟ ਅਤੇ ਸ਼ਟਲ ਕਾਕਸ ਅਤੇ ਨੋਟ ਬੁੱਕ ਸਮੇਤ ਖੇਡਾਂ ਦਾ ਸਮਾਨ ਦਾਨ ਕੀਤਾ।

ਸਕੂਲ ਦੀ ਮੁੱਖ ਅਧਿਆਪਕਾ ਮੈਡਮ ਅਮਰਜੀਤ ਕੌਰ ਨੇ ਇਸ ਸਕੂਲ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਦੀ ਮਦਦ ਲਈ ਸ਼੍ਰੀ ਸੱਲਣ ਦਾ ਧੰਨਵਾਦ ਕੀਤਾ। ਨਵੰਬਰ, 2022 ਵਿੱਚ ਮਹਿੰਦਰ ਸੱਲਨ ਦੀ ਪਤਨੀ ਸੁਜਾਤਾ ਸੱਲਨ ਨੇ ਵੀ ਪਿੰਡ ਲਤੀਫਪੁਰ ਵਿੱਚ ਡਾਕਟਰ ਬੀ ਆਰ ਅੰਬੇਡਕਰ ਲਾਇਬ੍ਰੇਰੀ ਦਾ ਉਦਘਾਟਨ ਕੀਤਾ ਜਿੱਥੇ ਮਿਸ਼ਨਰੀ ਕਿਤਾਬਾਂ ਪੜ੍ਹਨ ਲਈ ਉਪਲਬਧ ਹਨ। ਇਸ ਮੌਕੇ ਮਿਸ਼ਨਰੀ



ਕਾਰਕੁਨ ਬਲਦੇਵ ਰਾਜ ਭਾਰਦਵਾਜ, ਇੰਜਨੀਅਰ ਚਮਨ ਲਾਲ, ਕੁਲਵਿੰਦਰ ਸਿੰਘ, ਸੰਪਰ ਰਾਏ, ਮਨਰਾਗ ਭਾਰਦਵਾਜ ਆਦਿ ਹਾਜ਼ਰ ਸਨ।

ਇਹ ਜਾਣਕਾਰੀ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ) ਪੰਜਾਬ ਇਕਾਈ ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਪ੍ਰੈਸ ਬਿਆਨ ਦੁਆਰਾ ਦਿੱਤੀ।

# ਮੇਲੇ ਦੇ ਦੂਸਰੇ ਦਿਨ ਲੋਕ ਨਾਚਾਂ ਨੇ ਦਰਸ਼ਕ ਲਾਏ ਝੂੰਮਣ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** 'ਵਿਰਸਾ ਹੁਸ਼ਿਆਰਪੁਰ ਦਾ' ਮੇਲੇ ਦੇ ਦੂਸਰੇ ਦਿਨ ਅੱਜ ਲੋਕ ਨਾਚਾਂ ਦੇ ਨਾਂਅ ਰਿਹਾ। ਇਸ ਦੌਰਾਨ ਵੱਖ-ਵੱਖ ਕਲਾਕਾਰਾਂ ਤੋਂ ਇਲਾਵਾ ਸਕੂਲਾਂ-ਕਾਲਜਾਂ ਦੇ ਵਿਦਿਆਰਥੀਆਂ ਨੇ ਵੀ ਆਪਣੇ ਫ਼ਨ ਦਾ ਮੁਜ਼ਾਹਰਾ ਕੀਤਾ। ਜੇ ਐਸ ਐਸ ਆਸ਼ਾ ਕਿਰਨ ਸਪੈਸ਼ਲ ਸਕੂਲ ਦੇ ਬੱਚਿਆਂ ਨੇ ਸ਼ਾਨਦਾਰ ਪੇਸ਼ਕਾਰੀਆਂ ਰਾਹੀਂ ਖ਼ੂਬ ਤਾੜੀਆਂ ਬਟੋਰੀਆਂ। ਬੱਚਿਆਂ ਅਤੇ ਵੱਡਿਆਂ ਨੇ ਮੇਲੇ ਵਿਚ ਊਠ ਦੀ ਸਵਾਰੀ ਅਤੇ ਝੂਲਿਆਂ ਦਾ ਵੀ ਕਾਫੀ ਆਨੰਦ ਮਾਣਿਆ। ਇਸ ਦੌਰਾਨ ਬ੍ਰਜ ਦੀ ਹੋਲੀ, ਭੰਗੜਾ, ਗਿੱਧਾ ਖਿੱਚ ਦਾ ਕੇਂਦਰ ਰਹੇ।

ਦੂਸਰੇ ਦਿਨ ਅੱਜ ਹਜ਼ਾਰਾਂ ਲੋਕ ਪਹੁੰਚੇ ਅਤੇ ਉਨ੍ਹਾਂ ਇਸ ਮੇਲੇ ਦਾ ਭਰਪੂਰ ਆਨੰਦ ਲਿਆ। ਸੱਭਿਆਚਾਰਕ ਰੰਗ ਬਿਖੇਰਦੇ ਇਸ ਮਲੇ ਵਿਚ 100 ਤੋਂ ਵੱਧ ਲੱਗੇ ਸਟਾਲਾਂ ਤੋਂ ਵੱਖ-ਵੱਖ ਵਸਤਾਂ ਦੀ ਖ਼ਰੀਦ-





ਦਾਰੀ ਲਈ ਲੋਕਾਂ ਦੀ ਭੀੜ ਲੱਗੀ ਰਹੀ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਵੱਖ-ਵੱਖ ਕਲਾਕਾਰਾਂ ਤੇ ਕਾਰੀਗਰ ਇਸ ਮੇਲੇ ਵਿਚ ਪਹੁੰਚੇ ਹਨ।

ਉਨ੍ਹਾਂ ਕਿਹਾ ਕਿ ਜਿਥੇ ਕਾਰੀਗਰਾਂ ਵੱਲੋਂ ਆਪਣੇ ਹੱਥਾਂ ਨਾਲ ਬਣਾਈਆਂ ਵਸਤਾਂ ਦੀ ਵਿਕਰੀ ਕੀਤੀ ਜਾ ਰਹੀ ਹੈ, ਉਥੇ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਇਹ ਮੇਲਾ 7 ਮਾਰਚ ਤੱਕ ਚੱਲੇਗਾ ਅਤੇ ਲੋਕ ਰੋਜ਼ਾਨਾ ਸਵੇਰੇ 10 ਵਜੇ ਤੋਂ ਰਾਤ 10 ਵਜੇ ਤੱਕ ਮੇਲੇ ਵਿਚ ਆ ਸਕਦੇ ਹਨ। ਉਨ੍ਹਾਂ ਦੱਸਿਆ ਕਿ 5 ਮਾਰਚ ਨੂੰ ਜਿਥੇ ਵੱਖ-ਵੱਖ ਪੇਸ਼ਕਾਰੀਆਂ ਹੋਣਗੀਆਂ, ਉਥੇ ਸ਼ਾਮ 7 ਵਜੇ ਪ੍ਰਸਿੱਧ ਪੰਜਾਬੀ ਗਾਇਕ ਸਤਿੰਦਰ ਸਰਤਾਜ ਦਰਸ਼ਕਾਂ ਦਾ ਮਨੋਰੰਜਨ ਕਰਨਗੇ।

ਇਸ ਤੋਂ ਇਲਾਵਾ ਰੈਡ ਕਰਾਸ ਵੱਲੋਂ ਦੇ ਲੱਕੀ ਡਰਾਅ ਵੀ ਕੱਢੇ ਜਾਣਗੇ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਖ਼ੁਦ ਵੀ 'ਵਿਰਸਾ ਹੁਸ਼ਿਆਰਪੁਰ ਦਾ' ਮੇਲੇ ਵਿਚ ਆਉਣ ਅਤੇ ਆਪਣੇ ਰਿਸ਼ਤੇਦਾਰਾਂ ਅਤੇ ਦੋਸਤਾਂ-ਮਿੱਤਰਾਂ ਨੂੰ ਵੀ ਇਥੇ ਆਉਣ ਲਈ ਪ੍ਰੇਰਿਤ ਕਰਨ, ਤਾਂ ਜੋ ਇਥੇ ਪਹੁੰਚੇ ਕਲਾਕਾਰਾਂ ਅਤੇ ਕਾਰੀਗਰਾਂ ਦਾ ਹੌਸਲਾ ਵਧਾਇਆ ਜਾ ਸਕੇ।

# ਵਿਸ਼ਵ ਪ੍ਰਸਿੱਧ ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ ਆਪਣੀ ਲਿਖੀ ਹਿੰਦੀ ਵੈੱਬਸੀਰੀਜ਼ "ਐਨ ਆਰ ਆਈ" ਨਾਲ ਆ ਰਿਹੈ ਤਹਿਲਕਾ ਮਚਾਉਣ

**ਲੰਡਨ/ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)** "ਪੁਰਜਾ ਪੁਰਜਾ ਕਟਿ ਮਰੈ", "ਤਵੀ ਤੋਂ ਤਲਵਾਰ ਤੱਕ" ਅਤੇ "ਸੱਜਰੀ ਪੈੜ ਦਾ ਰੇਤਾ" ਵਰਗੇ ਨਾਵਲ ਲਿਖ ਕੇ ਰਾਤੋ ਰਾਤ ਪ੍ਰਸਿੱਧੀ ਹਾਸਲ ਕਰਨ ਵਾਲਾ ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ ਹੁਣ ਆਪਣੀ ਲਿਖੀ ਹਿੰਦੀ ਵੈੱਬ ਸੀਰੀਜ਼ "ਐਨ ਆਰ ਆਈ" ਨਾਲ ਫ਼ਿਲਮ ਜਗਤ ਵਿੱਚ ਵੀ ਤਹਿਲਕਾ ਮਚਾਉਣ ਆ ਰਿਹਾ ਹੈ।

ਆਪਣੇ ਨਾਵਲਾਂ ਵਾਂਗ ਦਮਦਾਰ ਲੇਖਣੀ ਨਾਲ ਲਬਰੇਜ਼ ਇਸ ਵੈੱਬ ਸੀਰੀਜ਼ ਵਿੱਚ ਪੰਜਾਬੀ ਅਤੇ ਹਿੰਦੀ ਸਿਨੇਮਾ ਜਗਤ ਦੇ ਦਿਗਜ਼ ਕਲਾਕਾਰ ਦੇਖਣ ਨੂੰ ਮਿਲਣਗੇ। ਸਭ ਤੋਂ ਖ਼ਾਸ ਗੱਲ ਇਹ ਵੀ ਹੈ ਕਿ ਜਵਾਨੀ ਵਿੱਚ ਫ਼ਿਲਮ ਕਲਾਕਾਰ ਬਣਨ ਦੀ ਅਧੂਰੀ ਖ਼ਾਹਿਸ਼ ਨੂੰ ਪੂਰਾ ਕਰਦਿਆਂ ਇਸ ਵੈੱਬ ਸੀਰੀਜ਼ ਵਿੱਚ ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ ਖ਼ੁਦ ਵੀ ਇੱਕ ਭੂਮਿਕਾ ਵਿੱਚ ਨਜ਼ਰ ਆਉਣਗੇ।

ਇਸ ਹਿੰਦੀ ਵੈੱਬ ਸੀਰੀਜ਼ "ਐਨ ਆਰ ਆਈ" ਦੇ ਪਹਿਲੇ ਦੋ ਐਪੀਸੋਡਾਂ ਦੀ ਸ਼ੂਟਿੰਗ ਮੁਕੰਮਲ ਕਰ ਲਈ ਗਈ ਹੈ। ਨੈੱਟਫ਼ਲੈਕਸ ਲਈ ਬਣਨ ਵਾਲੀ ਇਸ ਵੈੱਬ ਸੀਰੀਜ਼ ਦੇ ਕੁੱਲ ਅੱਠ ਐਪੀਸੋਡ ਹਨ, ਜਿੰਨ੍ਹਾਂ ਵਿੱਚੋਂ ਦੋ ਦੀ ਸ਼ੂਟਿੰਗ ਜੈਤੋ, ਗੋਬਿੰਦਪੁਰਾ ਅਤੇ ਪਾਕਿਸਤਾਨ ਦੇ ਬਾਰਡਰ ਏਰੀਏ ਵਿੱਚ ਕੀਤੀ ਗਈ। ਕੈਨਵੈੱਸਟ ਫਿਲਮ ਪ੍ਰੋਡਕਸ਼ਨ ਕੈਨੇਡਾ ਦੇ ਬੈਨਰ ਹੇਠ ਬਣ ਰਹੀ ਇਸ ਵੈੱਬ ਸੀਰੀਜ਼ ਦੇ ਮੁੱਖ ਪ੍ਰੋਡਿਊਸਰ ਜਗਮਨਦੀਪ ਸਮਰਾ, ਡਾਇਰੈਕਟਰ ਲਵਲੀ ਸ਼ਰਮਾਂ, ਐਸੋਸੀਏਟ ਡਾਇਰੈਕਟਰ ਸਤਿੰਦਰ ਸਿੰਘ (ਸੱਤਾ ਸੈਣੀ), ਮੈਡਮ ਕੁਲਵੰਤ ਖੁਰਮੀਂ, ਪ੍ਰੋਜੈਕਟ ਹੈੱਡ ਕਾਬਲ ਗਿੱਲ, ਕੋ-ਪ੍ਰੋਡਿਊਸਰ ਖ਼ੁਸ਼ਦੀਪ ਬਰਾੜ ਅਤੇ ਰੌਬਿਨ ਸੰਧੂ ਵਰਨਣਯੋਗ ਹਨ। ਇਸ ਸੀਰੀਜ਼ ਵਿੱਚ ਪ੍ਰੀਤ ਬਾਠ, ਐਂਜਲੀਨਾਂ ਰਾਜਪੂਤ, ਮਹਾਂਬੀਰ ਭੁੱਲਰ, ਰਵਿੰਦਰ ਮੰਡ, ਦਿਲਾਵਰ ਸਿੱਧੂ, ਵਿਰਾਟ ਮਾਹਲ, ਭਾਨਾ ਭਗੌੜਾ (ਮਿੰਟੂ ਜੱਟ), ਲਖਵੀਰ ਧਾਲੀਵਾਲ, ਨਗਿੰਦਰ ਗੱਖੜ, ਜਸਵੰਤ ਰਾਠੌਰ, ਵਿਕਟਰ ਜੌਹਨ, ਸੂਫ਼ੀ ਗੁੱਜਰ, ਹਾਕਮ ਬਖਤੜੀ ਵਾਲਾ, ਸ਼ਿਵਚਰਨ ਜੱਗੀ ਕੁੱਸਾ ਅਤੇ ਹਰਪਾਲ ਧੂੜਕੋਟ ਕਿਰਦਾਰ ਨਿਭਾਅ ਰਹੇ ਹਨ। ਇਸ ਵੈੱਬ ਸੀਰੀਜ਼ ਵਿੱਚ ਗਾਇਕਾ ਵਜੋਂ ਸਾਜਦੀਪ ਕੌਰ ਭੁੱਲਰ ਨੇ ਵੀ ਸੇਵਾਵਾਂ ਦਿੱਤੀਆਂ ਹਨ।

## ਤੀਸਰਾ ਸਾਲਾਨਾ ਵਿਵੇਕ ਸੁਰ ਸਨਮਾਨ- 2022 ਜਗੀਰ ਸਿੰਘ ਨੂੰ



**ਬੰਗਾ, (ਰੇਸ਼ਮ ਕਰਨਾਣਵੀ) –** ਸਾਫ ਅਤੇ ਸੰਜੀਦਾ ਗਾਇਕੀ ਨੂੰ ਉਤਸ਼ਾਹਤ ਕਰਨ ਹਿੱਤ ਸਥਾਪਤ ਕੀਤੇ ਗਏ ਵਿਵੇਕ ਸੁਰ ਸਨਮਾਨ ਲਈ ਉਭਰਦੇ ਨੌਜਵਾਨ ਗਾਇਕ ਜਗੀਰ ਸਿੰਘ ਨੂੰ ਚੁਣਿਆ ਗਿਆ ਹੈ। ਪਿਛਲੇ ਦਿਨੀਂ "ਆਪਣਾ ਪੰਜਾਬ ਹੋਵੇ ਹੱਥ ਚ ਕਿਤਾਬ ਹੋਵੇ" ਗੀਤ ਨੂੰ ਗਾਉਣ ਵਾਲੇ 16 ਗਾਇਕਾਂ ਵਿੱਚੋਂ ਜਗੀਰ ਸਿੰਘ ਦੀ ਪੇਸ਼ਕਾਰੀ ਨੂੰ ਸਰਬਵੋਤਮ ਮੰਨਿਆਂ ਗਿਆ। ਇਹ ਨਿਰਣਾ ਪ੍ਰਸਿੱਧ ਗਾਇਕਾਂ ਹਰਭਜਨ ਮਾਨ, ਜਸਵੀਰ ਜੱਸੀ ਅਤੇ ਦੇਬੀ ਮਖਸੂਸਪੁਰੀ ਅਤੇ ਨਾਟਕਕਾਰ ਡਾ। ਆਤਮਜੀਤ ਦੀ ਸਲਾਹ ਨਾਲ ਲਿਆ ਗਿਆ। ਸਿਹਤਮੰਦ ਗਾਇਕੀ ਨੂੰ ਪ੍ਰਣਾਏ ਨਵੇਂ ਗਾਇਕਾਂ ਨੂੰ ਹੱਲਾਸ਼ੇਰੀ ਦੇਣ ਦੇ ਮਕਸਦ ਨਾਲ ਵਿਵੇਕ ਸਿੰਘ ਪੰਧੇਰ ਦੀ ਯਾਦ ਨੂੰ ਸਮਰਪਿਤ ਇਹ ਪੁਰਸਕਾਰ ਬਸੰਤ ਮੋਟਰਜ਼ ਵਾਲੇ ਸ। ਬਲਦੇਵ ਸਿੰਘ ਬਾਠ ਵਲੋਂ ਚਾਰ ਸਾਲ ਪਹਿਲਾਂ ਸਥਾਪਿਤ ਕੀਤਾ ਗਿਆ ਸੀ। ਹਰ ਸਾਲ ਚੁਣੇ ਜਾਣ ਵਾਲੇ ਇਕ ਗਾਇਕ ਨੂੰ 51000/- ਰੁ ਨਕਦ, ਟਰਾਫੀ, ਦੁਸ਼ਾਲਾ ਅਤੇ ਹੋਰ ਤੋਹਫ਼ੇ ਦਿੱਤੇ ਜਾਂਦੇ ਹਨ। ਇਸ ਵਾਰ ਦਾ ਜੇਤੂ ਜਗੀਰ ਸਿੰਘ ਪਿੰਡ ਹੁਸੈਨਪੁਰ ਜ਼ਿਲਾ ਨਵਾਂ ਸ਼ਹਿਰ ਦਾ ਵਾਸੀ ਹੈ। ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਲੋਕ ਗਾਇਕੀ ਮੁਕਾਬਲਿਆਂ ਵਿਚ ਗੋਲਡ ਮੈਡਲ ਜਿੱਤ ਚੁੱਕਾ ਹੈ। ਉਸ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਸੰਗੀਤ ਵਿੱਚ ਗੋਲਡ ਮੈਡਲ ਨਾਲ ਐਮ ਫਿਲ ਦੀ ਡਿਗਰੀ ਕੀਤੀ ਹੈ ਅਤੇ ਹੁਣ ਸੰਗੀਤ ਵਿਚ ਪੀ ਐਚ ਡੀ ਕਰ ਰਿਹਾ ਹੈ।

ਵਿਵੇਕ ਪੰਧੇਰ ਦੇ ਪਿਤਾ ਜਸਵੰਤ ਜ਼ਫ਼ਰ ਨੇ ਦੱਸਿਆ ਕਿ ਅਗਲੇ ਮਹੀਨਿਆਂ ਦੌਰਾਨ ਇਹ ਪੁਰਸਕਾਰ ਵਿਵੇਕ ਸਾਥ ਗਹਿਲੇਵਾਲ ਵਿਖੇ ਜਾਂ ਲੁਧਿਆਣਾ ਵਿਖੇ ਗਾਇਕੀ ਦੇ ਵਿਸ਼ੇਸ਼ ਸਮਾਗਮ ਦੌਰਾਨ ਦਿੱਤਾ ਜਾਵੇਗਾ। 'ਆਪਣਾ ਪੰਜਾਬ' ਗੀਤ ਗਾਉਣ ਵਾਲੇ ਬਾਕੀ ਸਾਰੇ ਗਾਇਕ ਵੀ ਆਪਣੀ ਗਾਇਨ ਕਲਾ ਪੇਸ਼ ਕਰਨਗੇ ਅਤੇ ਉਹਨਾਂ ਸਾਰਿਆਂ ਦਾ ਵੀ ਸਨਮਾਨ ਕੀਤਾ ਜਾਵੇਗਾ।

## 22 ਮਾਰਚ ਸਮਾਗਮ ਨੂੰ ਅੰਤਿਮ ਛੋਹਾਂ, ਖਟਕੜ ਕਲਾਂ ਆਏਗਾ ਲੱਛੂ ਕਬਾੜੀਆ

### ਇਨਕਲਾਬੀ ਕਵੀਸ਼ਰੀ ਜੱਥਾ ਰਸੂਲਪੁਰ ਖੇੜੇਗਾ ਕਵੀਸ਼ਰੀ ਰੰਗ

**ਬੰਗਾ, (ਰੇਸ਼ਮ ਕਰਨਾਣਵੀ) –** ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਯਾਦ 'ਚ ਹਰ ਸਾਲ ਦੀ ਤਰ੍ਹਾਂ 22 ਮਾਰਚ ਸ਼ਾਮ 7 ਵਜੇ ਖਟਕੜ ਕਲਾਂ ਵਿਖੇ ਹੋਏਗਾ ਯਾਦਗਾਰੀ ਸਮਾਗਮ। ਅੱਜ ਖੁਸ਼ੀ ਰਾਮ ਗੁਣਾਚੌਰ ਦੀ ਪ੍ਰਧਾਨਗੀ ਹੇਠ ਸ਼ਹੀਦੀ ਯਾਦਗਾਰ ਕਮੇਟੀ ਇਲਾਕਾ ਬੰਗਾ ਦੀ ਹੋਈ ਮੀਟਿੰਗ ਵਿੱਚ ਇਹ ਫੈਸਲਾ ਕੀਤਾ ਗਿਆ।



ਇਸ ਮੀਟਿੰਗ ਵਿੱਚ ਪੰਜਾਬ ਲੋਕ ਸੱਭਿਆਚਾਰਕ ਮੰਚ (ਪਲਸ ਮੰਚ ) ਦੇ ਪ੍ਰਧਾਨ ਅਮੋਲਕ ਸਿੰਘ ਨੇ ਵੀ ਵਿਸ਼ੇਸ਼ ਤੌਰ ਤੇ ਸ਼ਮੂਲੀਅਤ ਕੀਤੀ। ਇਸ ਮੀਟਿੰਗ ਦੀ ਕਾਰਵਾਈ ਪ੍ਰੈਸ ਦੇ ਨਾਂਅ ਜਾਰੀ ਕਰਦਿਆਂ ਸ਼ਹੀਦੀ ਯਾਦਗਾਰ ਕਮੇਟੀ ਇਲਾਕਾ ਬੰਗਾ ਦੇ ਕਨਵੀਨਰ ਤੀਰਥ ਰਸੂਲਪੁਰੀ ਨੇ ਦੱਸਿਆ ਕਿ 22 ਮਾਰਚ ਸ਼ਾਮ 7 ਵਜੇ ਸ਼ੁਰੂ ਹੋ ਰਹੇ ਇਸ ਸਮਾਗਮ ਵਿੱਚ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਵਿੱਤ ਸਕੱਤਰ ਹਰਮੇਸ਼ ਮਾਲੜੀ, ਪੰਜਾਬ ਲੋਕ ਸੱਭਿਆਚਾਰਕ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਅਤੇ ਸ਼ਹੀਦੀ ਯਾਦਗਾਰ ਕਮੇਟੀ ਦੇ ਕਨਵੀਨਰ ਤੀਰਥ ਰਸੂਲਪੁਰੀ ਸ਼ਹੀਦਾਂ ਦੇ ਜੀਵਨ ਸੰਗਰਾਮ ਦੀ ਪ੍ਰਸੰਗਿਕਤਾ ਸਬੰਧੀ ਵਿਚਾਰ ਚਰਚਾ ਕਰਨਗੇ।

ਇਸ ਮੌਕੇ ਅਦਾਕਾਰ ਮੰਚ ਮੁਹਾਲੀ ਦੇ ਨਿਰਦੇਸ਼ਕ ਡਾ.ਸਾਹਿਬ ਸਿੰਘ ਦੀ ਕਲਮ ਤੋਂ ਲਿਖਿਆ ਬਹੁ – ਚਰਚਿਤ ਅਤੇ ਮਕਬੂਲ ਨਾਟਕ ਲੱਛੂ ਕਬਾੜੀਆ ਖੇਡਿਆ ਜਾਏਗਾ।

ਇਨਕਲਾਬੀ ਕਵੀਸ਼ਰੀ ਜੱਥਾ ਰਸੂਲਪੁਰ ਦੇ ਸਵਰਨ ਧਾਲੀਵਾਲ ਅਤੇ ਸਾਥੀ ਆਪਣੀ ਬੁਲੰਦ ਆਵਾਜ਼ ਵਿੱਚ ਕਵੀਸ਼ਰੀਆਂ ਦਾ ਰੰਗ ਪੇਸ਼ ਕਰਨਗੇ।

ਇਸ ਮੌਕੇ ਤੇ ਜਿੱਥੇ ਸਥਾਨਕ ਨਵੀਆਂ ਖਿੜਦੀਆਂ ਕਾਵਿ ਕਿਆਰੀਆਂ ਦੀਆਂ ਕਲੀਆਂ ਦੀਆਂ ਵੰਨ-ਸੁਵੰਨੀਆਂ ਕਲਾ ਕ੍ਰਿਤਾਂ ਪੇਸ਼ ਹੋਣਗੀਆਂ ਓਥੇ ਲੋਕ-ਪੱਖੀ ਕਾਵਿ ਅਤੇ ਗੀਤ ਸੰਗੀਤ ਸਮਾਗਮਾਂ ਦੇ ਮਾਣ ਧਰਮਿੰਦਰ ਮਸਾਣੀ ਅਤੇ ਤਲਵਿੰਦਰ ਸ਼ੇਰਗਿੱਲ ਅਤੇ ਨੂਰ ਕਮਰ ਤਲਵੰਡੀ ਫੱਤੂ ਆਦਿ ਕਵੀਆਂ ਗਾਇਕਾਂ ਦਾ ਰੰਗ ਵੀ ਸਮਾਗਮ ਨੂੰ ਖ਼ੂਬਸੂਰਤ ਰੰਗਾਂ ਵਿੱਚ ਰੰਗੇਗਾ।

ਮੀਟਿੰਗ 'ਚ ਇਹ ਫੈਸਲਾ ਵੀ ਕੀਤਾ ਗਿਆ ਕਿ ਸਮਾਗਮ ਨੂੰ ਪ੍ਰਭਾਵਸ਼ਾਲੀ ਅਤੇ ਇਕਾਗਰਤਾ ਨਾਲ ਚਲਾਉਣ ਲਈ ਸਮੂਹ ਹਾਜ਼ਰੀਨ ਲਈ ਚਾਹ ਅਤੇ ਖਾਣ ਪੀਣ ਦੀ ਸੇਵਾ ਪੰਡਾਲ ਵਿੱਚ ਬੈਠਿਆਂ ਨੂੰ ਹੀ ਕੀਤੀ ਜਾਏਗੀ।

## ਵਿਧਾਇਕ ਸੁਖਵਿੰਦਰ ਸਿੰਘ ਕੋਟਲੀ ਨੇ ਆਦਮਪੁਰ ਫਲਾਈ ਓਵਰ ਦੇ ਮੁੱਦੇ ਨੂੰ ਪੰਜਾਬ ਵਿਧਾਨ ਸਭਾ ਵਿੱਚ ਜ਼ੋਰਦਾਰ ਢੰਗ ਨਾਲ ਉਠਾਇਆ

### ਕੋਟਲੀ ਨੇ ਸ਼ਗਨ ਸਕੀਮ ਦੀ ਬਕਾਇਆ ਰਾਸ਼ੀ ਨੂੰ ਜਲਦ ਜਾਰੀ ਕਰਨ ਦੀ ਮੰਗ ਕੀਤੀ

**ਫਗਵਾੜਾ 6 ਮਾਰਚ (ਬੀ.ਕੇ.ਰੱਤੂ)–**ਲੰਮੇ ਸਮੇਂ ਤੋਂ ਆਦਮਪੁਰ ਫਲਾਈ ਓਵਰ ਤੇ ਸੜਕ ਨੂੰ ਤੁਰੰਤ ਪੂਰਾ ਕਰਨ ਦੇ ਮੁੱਦੇ ਨੂੰ ਜ਼ੋਰਦਾਰ ਢੰਗ ਨਾਲ ਅੱਜ ਪੰਜਾਬ ਵਿਧਾਨ ਸਭਾ ਦੇ ਅੰਦਰ ਵਿਧਾਇਕ ਸੁਖਵਿੰਦਰ ਸਿੰਘ ਕੋਟਲੀ ਨੇ ਉਠਾਉਂਦਿਆਂ ਮੰਗ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਸਮਾਂ ਦੱਸਣ ਦੀ ਖੇਚਲ ਕਰੇ ਕਿ ਕਦੋਂ ਤੱਕ ਜਲੰਧਰ ਤੋਂ ਹੁਸ਼ਿਆਰਪੁਰ ਵਾਇਆ ਆਦਮਪੁਰ ਜਾਣ ਵਾਲੀ ਸੜਕ ਤੇ ਪੁੱਲ ਦਾ ਕੰਮ ਮੁਕੰਮਲ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਨਾਲ ਪੂਰੇ ਦੇਸ਼ ਵਿੱਚੋਂ ਆਉਣ ਵਾਲੇ ਲੋਕ ਤੇ ਆਦਮਪੁਰ ਹਲਕੇ ਲੋਕ ਪ੍ਰੇਸ਼ਾਨ ਹਨ। ਸੰਬੰਧਿਤ ਮੰਤਰੀ ਨੇ ਪੰਜਾਬ ਵਿਧਾਨ ਸਭਾ ਵਿੱਚ



ਵਿਧਾਇਕ ਸੁਖਵਿੰਦਰ ਸਿੰਘ ਕੋਟਲੀ ਦੀ ਲੋਕ ਹਿੱਤਾਂ ਦੀ ਮੰਗ ਨੂੰ ਸਵੀਕਾਰ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ 31 ਜੁਲਾਈ ਤੱਕ ਸੜਕ ਤੇ ਸਰਵਿਸ ਲੇਨ ਨੂੰ ਬਣਾਉਣ ਦਾ ਕੰਮ ਕਰਵਾਉਣ ਲਈ ਪਾਬੰਦ ਹੈ। ਵਿਧਾਇਕ ਕੋਟਲੀ ਨੇ ਸ਼ਗਨ ਸਕੀਮ ਤਹਿਤ ਲਾਭਪਾਤਰੀਆਂ ਨੂੰ ਪੈਸੇ ਨਾ ਮਿਲਣ ਦੇ ਮੁੱਦੇ ਨੂੰ ਉਠਾਉਂਦੇ ਹੋਏ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਬਣੇ ਇਕ ਸਾਲ ਹੋਣ ਦੇ ਬਾਵਜੂਦ ਵੀ ਅਜੇ ਤੱਕ ਸ਼ਗਨ ਸਕੀਮ ਦੇ ਬਕਾਇਆ ਰਾਸ਼ੀ ਲਾਭਪਾਤਰੀਆਂ ਨੂੰ ਨਹੀਂ ਮਿਲੀ। ਉਨ੍ਹਾਂ ਕਿਹਾ ਕਿ ਇਹ ਬਕਾਇਆ ਰਾਸ਼ੀ ਨੂੰ ਜਲਦ ਰਿਲੀਜ਼ ਕੀਤੀ ਜਾਵੇ ਤਾਂ ਜੋ ਗਰੀਬ ਲੋਕਾਂ ਨੂੰ ਇਸ ਦਾ ਲਾਭ ਮਿਲ ਸਕੇ।

## 'ਜੱਟ ਨੂੰ ਚੁੜੇਲ ਟੱਕਰੀ' ਫਿਲਮ ਵਿਚ ਗਿੱਪੀ ਤੇ ਸਰਗੁਣ ਮਹਿਤਾ ਦੀ ਜੋੜੀ ਫਿਰ ਤੋਂ ਪਰਦੇ 'ਤੇ ਧਮਾਲ ਮਚਾਏਗੀ




ਪੰਜਾਬੀ ਫ਼ਿਲਮ ਇੰਡਸਟਰੀ ਦੇ ਦੇਸੀ ਰੌਕਸਟਾਰ ਗਿੱਪੀ ਗਰੇਵਾਲ ਆਪਣੀ ਅਗਲੀ ਨਵੀਂ ਫ਼ਿਲਮ ਦਾ ਐਲਾਨ ਕਰ ਦਿੱਤਾ ਹੈ। ਇਸ ਫ਼ਿਲਮ ਦਾ ਨਾਂ 'ਜੱਟ ਨੂੰ ਚੁੜੇਲ ਟੱਕਰੀ' ਹੈ, ਜਿਸ 'ਚ ਗਿੱਪੀ ਤੇ ਸਰਗੁਣ ਮਹਿਤਾ ਦੀ ਜੋੜੀ ਫਿਰ ਤੋਂ ਪਰਦੇ 'ਤੇ ਧਮਾਲ ਮਚਾਉਣ ਆ ਰਹੀ ਹੈ। ਇਸੇ ਦੇ ਨਾਲ ਹੀ ਗਿੱਪੀ ਗਰੇਵਾਲ ਵੱਲੋਂ ਫ਼ਿਲਮ 'ਜੱਟ ਨੂੰ ਚੁੜੇਲ ਟੱਕਰੀ' ਦੀ ਰਿਲੀਜ਼ਿੰਗ ਡੇਟ ਦਾ ਵੀ ਐਲਾਨ ਕਰ ਦਿੱਤਾ ਗਿਆ ਹੈ।

ਦੱਸ ਦਈਏ ਕਿ ਇਸ ਫ਼ਿਲਮ ਦੇ ਨਾਂ ਤੋਂ ਲੱਗਦਾ ਹੈ ਕਿ ਇਹ ਫ਼ਿਲਮ ਕਾਫ਼ੀ ਮਜ਼ੇਦਾਰ ਅਤੇ ਕਾਮੇਡੀ ਭਰਪੂਰ ਹੋਵੇਗੀ। ਗਿੱਪੀ ਗਰੇਵਾਲ ਨੇ ਕੈਪਸ਼ਨ 'ਚ ਲਿਖਿਆ ਹੈ, "ਜਾਨੀ, ਸਰਗੁਣ, ਅਰਵਿੰਦਰ ਖਹਿਰਾ ਦੀ ਪੇਸ਼ ਕਰਦੇ ਹਨ 13 ਅਕਤੂਬਰ 2023 ਨੂੰ 'ਜੱਟ ਨੂੰ ਚੁੜੇਲ ਟੱਕਰੀ'। ਇਸ ਫ਼ਿਲਮ ਵਿਚ ਗਿੱਪੀ ਗਰੇਵਾਲ ਨਾਲ ਸਰਗੁਣ ਮਹਿਤਾ, ਰੂਪੀ ਗਿੱਲ ਅਹਿਮ ਭੂਮਿਕਾ ਵਿਚ ਦਿਖਾਈ ਦੇਣਗੀਆਂ।

ਦੱਸਣਯੋਗ ਹੈ ਕਿ ਅੰਬਰਦੀਪ ਦੁਆਰਾ ਲਿਖਿਤ ਅਤੇ ਵਿਕਾਸ ਵਿਸ਼ਿਸ਼ਟ ਦੁਆਰਾ ਨਿਰਦੇਸ਼ਿਤ ਫ਼ਿਲਮ 'ਜੱਟ ਨੂੰ ਚੁੜੇਲ ਟੱਕਰੀ' ਬੇਹੱਦ ਦਿਲਚਸਪ ਹੋਵੇਗੀ। ਫ਼ਿਲਮ ਦੇ ਪੋਸਟਰ ਨੂੰ ਦੇਖਣ ਤੋਂ ਬਾਅਦ ਪ੍ਰਸ਼ੰਸਕ ਵੀ ਫ਼ਿਲਮ ਦੇ ਰਿਲੀਜ਼ ਹੋਣ ਦਾ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਹਨ। ਗਿੱਪੀ ਗਰੇਵਾਲ ਤੇ ਸਰਗੁਣ ਮਹਿਤਾ ਦੀ ਜੋੜੀ ਆਖਰੀ ਵਾਰ ਫ਼ਿਲਮ 'ਚੰਡੀਗੜ੍ਹ ਅੰਮ੍ਰਿਤਸਰ ਚੰਡੀਗੜ੍ਹ' ਵਿਚ ਨਜ਼ਰ ਆਈ ਸੀ।

## ਅੰਮ੍ਰਿਤਸਰ ਵਿਕਾਸ ਮੰਚ ਵੱਲੋਂ ਗੁੰਡਾਗਰਦੀ ਨੂੰ ਸਖ਼ਤੀ ਨਾਲ ਨੱਥ ਪਾਉਣ ਦੀ ਮੰਗ

**ਅੰਮ੍ਰਿਤਸਰ–** ਅੰਮ੍ਰਿਤਸਰ ਵਿਕਾਸ ਮੰਚ ਨੇ ਗੁਰੂ ਕੀ ਨਗਰੀ ਅੰਮ੍ਰਿਤਸਰ ਵਿੱਚ ਗੁੰਡਾਗਰਦੀ ਨੂੰ ਸਖ਼ਤੀ ਨਾਲ ਨੱਥ ਪਾਉਣ ਦੀ ਮੰਗ ਕੀਤੀ ਹੈ। ਮੰਚ ਦੇ ਸਰਪ੍ਰਸਤ ਡਾ. ਚਰਨਜੀਤ ਸਿੰਘ ਗੁਮਟਾਲਾ, ਪ੍ਰਧਾਨ ਹਰਦੀਪ ਸਿੰਘ ਚਾਹਲ ਤੇ ਜਨਰਲ ਸਕੱਤਰ ਰਾਜਵਿੰਦਰ ਸਿੰਘ ਗਿੱਲ ਨੇ ਡਿਪਟੀ ਕਮਿਸ਼ਨਰ ਸ. ਸ.ਹਰਪ੍ਰੀਤ ਸਿੰਘ ਸੂਦਨ ਨੂੰ ਲਿਖੇ ਪੱਤਰ ਵਿੱਚ ਕਿਹਾ ਹੈ ਕਿ ਮੋਟਰਸਾਈਕਲ ਸਵਾਰਾਂ ਵੱਲੋਂ ਲੁੱਟਾਂ ਖੋਹਾਂ ਕਰਨਾਂ ਆਮ ਗੱਲ ਹੋ ਗਈ ਹੈ।ਏਥੇ ਹੀ ਬੱਸ ਨਹੀਂ ਬਹੁਤੇ ਮੋਟਰਸਾਈਕਲਾਂ ਵਾਲਿਆਂ ਨੇ ਦਹਿਸ਼ਤ ਪੈਦਾ ਕੀਤੀ ਹੋਈ ਹੈ। ਤਿੰਨ-ਤਿੰਨ, ਚਾਰ-ਚਾਰ ਮੁੰਡੇ ਸੜਕਾਂ 'ਤੇ ਵੱਖ ਵੱਖ ਆਬਾਦੀਆਂ ਵਿੱਚ ਪਟਾਕੇ ਪਾਉਂਦੇ ਤੇ ਹਰਲ ਹਰਲ ਕਰਦੇ ਆਮ ਵੇਖੇ ਜਾ ਸਕਦੇ ਹਨ। ਸ਼ਹਿਰ ਦੀਆਂ ਬਾਹਰਲੀਆਂ ਆਬਾਦੀਆਂ ਜਿਵੇਂ ਅਜੀਤ ਨਗਰ, ਈਸਟਮੋਹਨ ਨਗਰ, ਕੋਟ ਬਾਬਾ ਦੀਪ ਸਿੰਘ ਆਦਿ ਵਿੱਚ ਰਾਤ ਦੇ 11-11 ਵਜੇ ਤੀਕ ਮੋਟਰ ਸਾਈਕਲਾਂ ਵਾਲੇ ਪਟਾਕੇ ਪਾਉਂਦੇ ਹਨ। ਇਨ੍ਹਾਂ ਨੇ ਲੋਕਾਂ ਦੀ ਨੀਂਦ ਹਰਾਮ ਕੀਤੀ ਹੋਈ ਹੈ। ਟ੍ਰੈਫਿਕ ਪੁਲੀਸ ਬਣਦੀ ਕਾਰਵਾਈ ਨਹੀਂ ਕਰ ਰਹੀ ।ਮੰਚ ਆਗੂਆਂ ਨੇ ਸੂਦਨ ਸਾਹਿਬ ਨੂੰ ਬੇਨਤੀ ਹੈ ਕਿ ਉਹ ਅੰਮ੍ਰਿਤਸਰ ਦੇ ਪੁਲੀਸ ਕਮਿਸ਼ਨਰ ਨੂੰ ਹਦਾਇਤ ਕਰਨ ਦੀ ਖੇਚਲ ਕਰਨ ਕਿ ਉਹ ਕਾਨੂੰਨ ਦੀਆਂ ਧੱਜੀਆਂ ਉਡਾਣ ਵਾਲਿਆਂ ਵਿਰੁੱਧ ਬਣਦੀ ਸਖ਼ਤ ਕਾਰਵਾਈ ਕਰਨ।

**ਡਾ. ਚਰਨਜੀਤ ਸਿੰਘ ਗੁਮਟਾਲਾ, 94175-33060**

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਉੱਤਰ-ਪੂਰਬ ਦੇ ਤਿੰਨ ਰਾਜਾਂ ਚੋਣਾਂ ’ਚ ਭਾਜਪਾ ਬਣੀ ਕਿੰਗਮੇਕਰ

**ਆਗਰਤਲਾ–** ਬੀਤੇ ਦਿਨੀਂ ਉੱਤਰ-ਪੂਰਬ ਦੇ ਤਿੰਨ ਰਾਜਾਂ ਦੀਆਂ ਵਿਧਾਨ ਸਭਾ ਚੋਣ ਦੇ ਨਤੀਜੇ ਆਏ, ਜਿਸ ਮੁਤਾਬਿਕ ਤ੍ਰਿਪੁਰਾ ਅਤੇ ਨਾਗਾਲੈਂਡ ਵਿਚ ਮੁੜ ਭਾਜਪਾ ਗੱਠਜੋੜ ਸਰਕਾਰ ਬਣਾਉਣ ਵਿਚ ਕਾਮਯਾਬ ਰਿਹਾ ਹੈ। ਮੇਘਾਲਿਆ ਵਿਚ ਨੈਸ਼ਨਲ ਪੀਪਲਜ਼ ਪਾਰਟੀ 26 ਸੀਟਾਂ ਜਿੱਤ ਕੇ ਸਭ ਤੋਂ ਵੱਡੀ ਪਾਰਟੀ ਵਜੋਂ ਉੱਭਰੀ ਹੈ ਪਰ ਉਹ ਸਰਕਾਰ ਬਣਾਉਣ ਦੇ ਅੰਕੜੇ ਤੋਂ ਪੰਜ ਸੀਟਾਂ ਦੂਰ ਰਹੀ। ਹਾਲਾਂਕਿ ਭਾਜਪਾ ਨੇ ਕੋਨਰਾਡ ਕੇ. ਸੰਗਮਾ ਦੀ ਅਗਵਾਈ ਵਾਲੀ ਇਸ ਪਾਰਟੀ ਨੂੰ ਹਮਾਇਤ ਦੇਣ ਦਾ ਫ਼ੈਸਲਾ ਕੀਤਾ ਹੈ। ਇਨ੍ਹਾਂ ਸੂਬਿਆਂ ਵਿਚ ਜਿੱਤ ਤੋਂ ਬਾਅਦ ਭਾਜਪਾ ਨੂੰ ਆਉਂਦੇ ਸਮੇਂ ਵਿਚ ਹੋਰਨਾਂ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਵਿਚ ਜਿੱਤ ਲਈ ਵੀ ਹੱਲਾਸ਼ੇਰੀ ਮਿਲੇਗੀ। ਉੱਧਰ ਕਾਂਗਰਸ ਨੂੰ ਇਨ੍ਹਾਂ ਸੂਬਿਆਂ ਵਿਚ ਮਿਲੀ ਹਾਰ ਨਾਲ ਵੱਡਾ ਝਟਕਾ ਲੱਗਾ ਹੈ। ਇਸ ਸਾਲ 9 ਵਿਧਾਨ ਸਭਾਵਾਂ ਦੀਆਂ ਚੋਣਾਂ ਹੋਣੀਆਂ ਹਨ। ਭਾਜਪਾ ਨੇ ਉੱਤਰ-ਪੂਰਬ ਦੀਆਂ ਚੋਣਾਂ ਵਿਚ ਅਨੁਮਾਨ ਨਾਲੋਂ ਜ਼ਿਆਦਾ ਜਿੱਤ ਹਾਸਿਲ ਕਰ ਕੇ ਵਿਰੋਧੀ ਧਿਰ ਨੂੰ ਝਟਕਾ ਦਿੱਤਾ ਹੈ। ਇਸ ਝਟਕੇ ਨਾਲ ਇਹ ਸੰਦੇਸ਼ ਨੱਥੀ ਹੈ ਕਿ ਸਾਲ 2024 ’ਵਿਚ ਭਾਜਪਾ ਨੂੰ ਹਰਾਉਣ ਲਈ ਵਿਰੋਧੀ ਧਿਰ ਨੂੰ ਬਹੁਤ ਮਿਹਨਤ ਕਰਨੀ ਪਏਗੀ।

ਉਂਜ ਇਨ੍ਹਾਂ ਤਿੰਨ ਰਾਜਾਂ ਦੇ ਚੋਣ ਨਤੀਜਿਆਂ ਵਿਚ ਜੇਕਰ ਭਾਜਪਾ ਲਈ ਸਚਮੁੱਚ ਕੋਈ ਵੱਡੀ ਪ੍ਰੀਖਿਆ ਸੀ, ਤਾਂ ਉਹ ਤ੍ਰਿਪੁਰਾ ਹੀ ਸੀ। ਕਿਉਂਕਿ ਤ੍ਰਿਪੁਰਾ ਵਿਚ ਉਸ ਨੂੰ ਸਾਲ 2018 ਵਿਚ ਅਪ੍ਰਤੱਖ ਜਿੱਤ ਹਾਸਿਲ ਹੋਈ ਸੀ। ਮਹਿਜ ਦੋ ਸਾਲ ਪਹਿਲਾਂ ਬਿਪਲਬ ਕੁਮਾਰ ਦੇਬ ਤ੍ਰਿਪੁਰਾ ਵਿਚ ਭਾਜਪਾ ਦਾ ਮਿਸ਼ਨ ਲੈ ਕੇ ਗਏ ਸਨ ਅਤੇ 20 ਸਾਲਾਂ ਤੋਂ ਬਰਗਦ ਵਾਂਗ ਆਪਣੀਆਂ ਜੜ੍ਹਾਂ ਜਮਾਈ ਬੈਠੀਆਂ ਬੇਹੱਦ ਵੱਕਾਰੀ ਸੀ.ਪੀ.ਆਈ. (ਐਮ) ਮਾਣਿਕ ਸਰਕਾਰ ਨੂੰ ਉਸਨੇ ਪੁੱਟ ਸੁੱਟਿਆ ਸੀ। ਸਾਲ 2018 ਦੀਆਂ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਨੇ ਸੂਬੇ ਦੀਆਂ 60 ਸੀਟਾਂ ’ਚੋਂ 43 ਸੀਟਾਂ ਜਿੱਤੀਆਂ ਸਨ। ਜਿੱਥੇ ਇਸ ਤੋਂ ਪਹਿਲਾਂ ਉਸ ਨੂੰ ਇਕ ਤੋਂ ਡੇਢ ਫ਼ੀਸਦੀ ਵੋਟਾਂ ਮਿਲਿਆ ਕਰਦੀਆਂ ਸਨ, ਉੱਥੇ 2018 ਵਿਚ 50.5 ਫ਼ੀਸਦੀ ਵੋਟਾਂ ਮਿਲੀਆਂ। ਜੋ ਖੱਬੇਪੱਖੀ ਗੱਠਜੋੜ ਤ੍ਰਿਪੁਰਾ ਵਿਚ ਅਜੈ ਮੰਨਿਆ ਜਾਂਦਾ ਸੀ, ਉਹ ਤਾਸ਼ ਦੇ ਪੱਤਿਆਂ ਵਾਂਗ ਢਹਿ-ਢੇਰੀ ਹੋ ਗਿਆ। ਖੱਬੇਪੱਖੀ ਗੱਠਜੋੜ ਨੂੰ ਸਿਰਫ਼ 16 ਸੀਟਾਂ ਮਿਲੀਆਂ ਜਨ। ਬਾਅਦ ਵਿਚ ਇਕ ਬਚੀ ਸੀਟ ਵੀ ਭਾਜਪਾ ਦੇ ਖਾਤੇ ਵਿਚ ਗਈ ਸੀ। ਭਾਜਪਾ ਇਸ ਪ੍ਰੀਖਿਆ ਵਿਚ ਸਫਲ ਰਹੀ। ਹਾਲਾਂਕਿ ਉਸ ਨੂੰ ਪਿਛਲੀ ਵਾਰ ਦੀਆਂ 43 ਸੀਟਾਂ ਦੇ ਮੁਕਾਬਲੇ ਇਸ ਵਾਰ 32 ਸੀਟਾਂ ਹੀ ਮਿਲੀਆਂ ਹਨ। ਪਰ ਇਹ ਭਾਜਪਾ ਦੀ ਇਕ ਵੱਡੀ ਜਿੱਤ ਹੀ ਕਹੀ ਜਾਵੇਗੀ।



ਕਮਿਊਨਿਸਟ ਗੱਠਜੋੜ ਨੇ ਇਕ ਵਾਰ ਫਿਰ ਤੋਂ ਸੱਤਾ ਗੁਆ ਦਿੱਤੀ ਹੈ। ਉਸ ਨੂੰ ਪਿਛਲੀ ਵਾਰ ਜਿੱਥੇ 16 ਸੀਟਾਂ ਮਿਲੀਆਂ ਸਨ, ਉੱਥੇ ਪਰ ਇਸ ਵਾਰ ਕਾਂਗਰਸ ਦੇ ਨਾਲ ਗੱਠਜੋੜ ਬਣਨ ਤੋਂ ਬਾਅਦ ਵੀ ਇਨ੍ਹਾਂ ਦੋਵਾਂ ਪਾਰਟੀਆਂ ਨੂੰ ਕੇਵਲ 14 ਸੀਟਾਂ ਹੀ ਮਿਲ ਸਕੀਆਂ ਹਨ। ਭਾਵੇਂ ਤਿਪਰਾ ਮੋਥਾ ਪਾਰਟੀ ਨੂੰ ‘ਕਿੰਗਮੇਕਰ’ ਮੰਨਿਆ ਜਾ ਰਿਹਾ ਸੀ, ਉਹ ਆਪਣਾ ਵਜੂਦ ਭਰ ਹੀ ਸਥਾਪਿਤ ਕਰ ਸਕੀ। ਉਸ ਨੂੰ 13 ਸੀਟਾਂ ਹੀ ਮਿਲ ਸਕੀਆਂ ਹਨ। ਇਸ ਤਰ੍ਹਾਂ ਦੇਖਿਆ ਜਾਵੇ ਤਾਂ ਭਾਜਪਾ ਉੱਤਰ-ਪੂਰਬ ਦੇ ਆਪਣੇ ਸਭ ਤੋਂ ਕਠਿਨ ਗੜ੍ਹ ਵਿਚ ਸਫਲ ਰਹੀ ਹੈ। ਉਸ ਨੂੰ ਜਿੱਥੇ ਲਗਭਗ 40 ਫ਼ੀਸਦੀ ਵੋਟਾਂ ਮਿਲੀਆਂ ਹਨ, ਉੱਥੇ ਤਿੰਨ ਕਮਿਊਨਿਸਟ ਪਾਰਟੀਆਂ (ਸੀ.ਪੀ.ਆਈ., ਸੀ.ਪੀ.ਐਮ. ਅਤੇ ਸੀ. ਪੀ. ਆਈ. ਐਮ. ਐਲ.) ਨੂੰ ਕੁੱਲ ਮਿਲਾ ਕੇ 25 ਫ਼ੀਸਦੀ ਅਤੇ ਕਾਂਗਰਸ ਨੂੰ ਕਰੀਬ 8.56 ਫ਼ੀਸਦੀ ਵੋਟਾਂ ਮਿਲੀਆਂ ਹਨ। ਇਸ ਦਾ ਮਤਲਬ ਇਹ ਹੈ ਕਿ ਕਾਂਗਰਸ ਅਤੇ ਸਾਰੀਆਂ ਖੱਬੇ ਪੱਖੀ ਪਾਰਟੀਆਂ ਮਿਲ ਕੇ ਵੀ ਭਾਜਪਾ ਦੇ ਬਰਾਬਰ ਵੋਟਾਂ ਹਾਸਿਲ ਨਹੀਂ ਕਰ ਸਕੀਆਂ।

ਜੇਕਰ ਨਾਗਾਲੈਂਡ ਦੀ ਗੱਲ ਕਰੀਏ ਤਾਂ ਇੱਥੇ ਭਾਜਪਾ ਨੂੰ ਭਾਵੇਂ ਮਹਿਜ 12 ਸੀਟਾਂ ਮਿਲੀਆਂ ਹੋਣ, ਜੋ ਕਿ ਉਸ ਨੂੰ ਪਿਛਲੀ ਵਾਰ ਮਿਲੀਆਂ ਸੀਟਾਂ ਦੇ ਬਰਾਬਰ ਹੀ ਹਨ। ਪਰ ਜੇਕਰ ਭਾਜਪਾ ਗੱਠਜੋੜ ਦੀ ਗੱਲ ਕਰੀਏ ਤਾਂ ਉਸ ਨੂੰ ਇਨ੍ਹਾਂ ਚੋਣਾਂ ਵਿਚ 60 ਵਿਚੋਂ 37 ਸੀਟਾਂ ਮਿਲ ਗਈਆਂ ਹਨ। ਨਾਗਾਲੈਂਡ ਦੇ 16 ਜ਼ਿਲ੍ਹਿਆਂ ਵਿਚ 27 ਫਰਵਰੀ 2023 ਨੂੰ ਕਰੀਬ 86 ਫ਼ੀਸਦੀ ਵੋਟਿੰਗ ਹੋਈ ਸੀ, ਜੋ ਕਿ ਪਿਛਲੀ ਵਾਰ ਹੋਈ ਵੋਟਿੰਗ ਨਾਲੋਂ 10 ਫ਼ੀਸਦੀ ਜ਼ਿਆਦਾ ਸੀ। 10 ਫਰਵਰੀ 2023 ਨੂੰ ਇਕ ਵਿਧਾਨ ਸਭਾ ਖੇਤਰ ਤੋਂ ਭਾਜਪਾ ਉਮੀਦਵਾਰ ਕਜੇਤੋ ਕਿੰਨੀ ਨਿਰਵਿਰੋਧ ਚੁਣੇ ਗਏ। ਜਦੋਂ ਕਿ ਨੈਸ਼ਨਲਿਸਟ ਡੈਮੋਕ੍ਰੇਟਿਕ ਪ੍ਰੋਗ੍ਰੇਸਿਵ ਪਾਰਟੀ ਭਾਵ ਐਨ.ਡੀ.ਪੀ.ਪੀ. ਨੇ 25 ਸੀਟਾਂ ਜਿੱਤੀਆਂ ਹਨ। ਨਾਗਾਲੈਂਡ ਵਿਚ ਅਜੇ ਵੀ ਐਨ.ਡੀ.ਪੀ.ਪੀ. ਦੀ ਹੀ ਸਰਕਾਰ ਹੈ। ਇਹ ਪਾਰਟੀ 2017 ’ਚ ਹੋਂਦ ’ਚ ਆਈ ਸੀ ਅਤੇ ਉਦੋਂ ਇਸ ਨੇ 18 ਸੀਟਾਂ ਜਿੱਤੀਆਂ ਸਨ। ਇਸ ਵਾਰ ਇਸ ਦੀਆਂ 7 ਸੀਟਾਂ ’ਵਿਚ ਵਾਧਾ ਹੋਇਆ ਹੈ। ਇਸ ਤਰ੍ਹਾਂ ਭਾਜਪਾ ਨਾਗਾਲੈਂਡ ਵਿਚ ਵੀ ਸੱਤਾ ਵਿਚ ਆਪਣੇ ਗੱਠਜੋੜ ਜ਼ਰੀਏ ਪਹਿਲਾਂ ਵਾਂਗ ਬਣੀ ਰਹੇਗੀ। ਨਾਗਾਲੈਂਡ ਵਿਚ ਸਭ ਤੋਂ ਜ਼ਿਆਦਾ ਬੁਰੀ ਹਾਲਤ ਕਾਂਗਰਸ ਦੀ ਹੋਈ ਹੈ। ਜਿਸ ਨੂੰ 2018 ਵਿਚ ਇਕ ਵੀ ਸੀਟ ਨਹੀਂ ਮਿਲੀ ਸੀ ਅਤੇ ਇਸ ਵਾਰ ਵੀ ਉਸ ਦਾ ਦੂਰ ਤੱਕ ਕਿਤੇ ਕੋਈ ਨਾਮੋ ਨਿਸ਼ਾਨ ਨਹੀਂ ਹੈ।

ਜੇਕਰ ਮੇਘਾਲਿਆ ਦੇ ਚੋਣ ਨਤੀਜਿਆਂ ਦੀ ਗੱਲ ਕਰੀਏ ਤਾਂ ਇੱਥੇ ਨੈਸ਼ਨਲ ਪੀਪਲਜ਼ ਪਾਰਟੀ ਦਾ ਡੰਕਾ ਵੱਜਿਆ ਹੈ। 27 ਫਰਵਰੀ, 2023 ਨੂੰ ਮੇਘਾਲਿਆ ਦੀਆਂ 60 ਵਿਚ 59 ਸੀਟਾਂ ’ਤੇ ਵੋਟਾਂ ਹੋਈਆਂ ਸਨ ਅਤੇ 85.27 ਫ਼ੀਸਦੀ ਵੋਟਾਂ ਪਈਆਂ ਸਨ। ਇਕ ਸੀਟ ਸੋਹਿਯੋਂਗ ’ਤੇ ਚੋਣ ਟਾਲ ਦਿੱਤੀ ਗਈ ਸੀ, ਕਿਉਂਕਿ ਇੱਥੇ ਯੂ.ਡੀ.ਪੀ. ਦੇ ਉਮੀਦਵਾਰ ਐੱਚ.ਡੀ.ਆਰ. ਲਿੰਗਦੋਹ ਦਾ ਦਿਹਾਂਤ ਹੋ ਗਿਆ ਸੀ। ਇਸ ਵਾਰ ਮੇਘਾਲਿਆ ਵਿਚ ਪਿਛਲੀ ਵਾਰ ਦੇ ਮੁਕਾਬਲੇ ਕਰੀਬ 18 ਫ਼ੀਸਦੀ ਜ਼ਿਆਦਾ ਵੋਟਾਂ ਪਈਆਂ ਸਨ। ਇਸ ਵਾਰ ਐਨ.ਪੀ.ਪੀ. ਨੇ 57, ਕਾਂਗਰਸ ਅਤੇ ਭਾਜਪਾ ਨੇ ਸਾਰੀਆਂ ਸੀਟਾਂ ’ਤੇ ਅਤੇ ਟੀ.ਐਮ.ਸੀ. ਨੇ 56 ਸੀਟਾਂ ’ਤੇ ਆਪਣੇ ਉਮੀਦਵਾਰ ਉਤਾਰੇ ਸਨ। ਕਾਂਗਰਸ ਨੇ 2018 ਵਿਚ ਮੇਘਾਲਿਆ ਵਿਚ ਸਭ ਤੋਂ ਜ਼ਿਆਦਾ 21 ਸੀਟਾਂ ਜਿੱਤੀਆਂ ਸਨ। ਪਰ ਇਸ ਵਾਰ ਉਹ ਸਿਰਫ਼ 5 ਸੀਟਾਂ ਤੱਕ ਸਿਮਟ ਗਈ ਹੈ।

ਭਾਜਪਾ ਨੂੰ ਪਿਛਲੀ ਵਾਰ ਦੋ ਸੀਟਾਂ ਮਿਲੀਆਂ ਸਨ, ਜਦੋਂ ਕਿ ਉਸ ਨੇ 47 ਸੀਟਾਂ ’ਤੇ ਮੁਕਾਬਲਾ ਕੀਤਾ ਸੀ। ਇਹ ਦੋਵੇਂ ਸੀਟਾਂ ਵੀ ਉਸ ਨੂੰ ਪਹਿਲੀ ਵਾਰ ਮਿਲੀਆਂ ਸਨ। ਇਸ ਵਾਰ ਵੀ ਭਾਜਪਾ ਨੂੰ ਇੱਥੇ ਦੋ ਸੀਟਾਂ ਹੀ ਮਿਲੀਆਂ ਹਨ। ਹਾਲਾਂਕਿ 60 ਉਮੀਦਵਾਰ ਉਤਾਰ ਕੇ ਅਤੇ 59 ਉਮੀਦਵਾਰਾਂ ਦੇ ਮੁਕਾਬਲੇ ਤੋਂ ਬਾਅਦ ਇਹ ਕੋਈ ਸੰਤੋਖਜਨਕ ਕਾਰਗੁਜ਼ਾਰੀ ਨਹੀਂ ਹੈ। ਫਿਰ ਵੀ ਕਾਂਗਰਸ ਦੀ ਜਿਸ ਤਰ੍ਹਾਂ ਨਾਲ ਬੁਰੀ ਹਾਲਤ ਹੋਈ ਹੈ, ਉਸ ਨੂੰ ਦੇਖਦੇ ਹੋਏ ਤਾਂ ਉਸ ਦੀ ਹਾਲਤ ਨਾ ਸਿਰਫ਼ ਚੰਗੀ ਹੈ, ਸਗੋਂ ਐਨ.ਪੀ.ਪੀ. ਦੇ ਕੋਨਰਾਡ ਸੰਗਮਾ ਭਾਜਪਾ ਦੇ ਹੇਮੰਤ ਵਿਸਵਾ ਸ਼ਰਮਾ ਦੇ ਸੰਪਰਕ ਵਿਚ ਹਨ, ਇਸ ਲਈ ਭਾਜਪਾ ਮੇਘਾਲਿਆ ਦੀ ਸਰਕਾਰ ਵਿਚ ਵੀ ਭਾਈਵਾਲ ਜ਼ਰੂਰ ਬਣੇਗੀ। ਇਸ ਤਰ੍ਹਾਂ ਦੇਖਿਆ ਜਾਵੇ ਤਾਂ ਇਸ ਸਾਲ ਜਿਨ੍ਹਾਂ 9 ਵਿਧਾਨ ਸਭਾਵਾਂ ਦੀਆਂ ਚੋਣਾਂ ਹੋਣੀਆਂ ਹਨ, ਉਨ੍ਹਾਂ ’ਚੋਂ ਪਹਿਲੀਆਂ ਤਿੰਨ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ’ਚ ਭਾਜਪਾ ਦੀ ਕਾਰਗੁਜ਼ਾਰੀ ਕਾਂਗਰਸ ਦੇ ਮੁਕਾਬਲੇ ਬਿਹਤਰ ਰਹੀ ਹੈ। ਇਸ ਨਾਲ ਇਕ ਗੱਲ ਇਹ ਵੀ ਸਾਬਤ ਹੁੰਦੀ ਹੈ ਕਿ ਭਾਜਪਾ ਦੀ ਉੱਤਰ-ਪੂਰਬ ਵਿਚ ਚੰਗੀ ਪੈਂਠ ਬਣ ਚੁੱਕੀ ਹੈ।

# 2 ਅਪ੍ਰੈਲ ਦਿਨ ਐਤਵਾਰ ਤੋਂ ਨਿਊਜ਼ੀਲੈਂਡ ਦੀਆਂ ਘੜੀਆਂ ਇਕ ਘੰਟਾ ਪਿੱਛੇ ਹੋ ਜਾਣਗੀਆਂ

**ਆਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਦੇ ਵਿਚ ‘ਡੇਅ ਲਾਈਟ ਸੇਵਿੰਗ’ ਨਿਯਮਾਂ ਤਹਿਤ ਸਮਾਂ ਦੱਸਣ ਵਾਲੀਆਂ ਘੜੀਆਂ ਦਾ ਸਮਾਂ ਅਗਲੇ ਮਹੀਨੇ 2 ਅਪ੍ਰੈਲ ਨੂੰ ਤੜਕੇ ਸਵੇਰੇ 3 ਵਜੇ ਇਕ ਘੰਟਾ ਪਿੱਛੇ ਕਰ ਦਿੱਤਾ ਜਾਵੇਗਾ। ਇਸ ਦੇ ਨਾਲ ਹੀ ਛੇ ਕੁ ਮਹੀਨਿਆਂ ਦੀ ਚੱਲ ਰਹੀ ਡੇਅ ਲਾਈਟ ਸੇਵਿੰਗ ਖਤਮ ਹੋ ਜਾਵੇਗੀ। ਇਹ ਸਮਾਂ ਇਸੀ ਤਰ੍ਹਾਂ 24 ਸਤੰਬਰ 2023 ਤੱਕ ਜਾਰੀ ਰਹੇਗਾ ਅਤੇ ਫਿਰ ਘੜੀਆਂ ਇਕ ਘੰਟਾ ਅੱਗੇ ਕਰ ਦਿੱਤੀਆਂ ਜਾਣਗੀਆਂ ਤੇ ਡੇਅ ਲਾਈਟ ਸੇਵਿੰਗ ਦੁਬਾਰਾ ਸ਼ੁਰੂ ਹੋਵੇਗੀ। ਆਮ ਤੌਰ ’ਤੇ ਲੋਕਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਇਕ ਦਿਨ ਪਹਿਲਾਂ ਯਾਨਿ ਕਿ ਸ਼ਨੀਵਾਰ (1 ਅਪ੍ਰੈਲ) ਨੂੰ ਸੌਣ ਤੋਂ ਪਹਿਲਾਂ ਆਪਣੀਆਂ ਚਾਬੀ ਵਾਲੀਆਂ ਘੜੀਆਂ ਤੇ ਕੰਧ ਘੜੀਆਂ (ਟਾਈਮਪੀਸ) ਇਕ ਘੰਟਾ ਪਿੱਛੇ ਕਰ ਲੈਣ ਤਾਂ ਕਿ ਉਨ੍ਹਾਂ ਨੂੰ ਸਵੇਰੇ ਉਠਣ ਸਾਰ ਬਦਲਿਆ ਹੋਇਆ ਸਮਾਂ ਮਿਲ ਸਕੇ। ਸਮਾਰਟ ਫੋਨਾਂ ਦੇ ਉਤੇ ਇਹ ਸਮਾਂ ਅਕਸਰ ਆਪਣੇ ਆਪ ਬਦਲ ਜਾਂਦਾ ਹੈ। 2 ਅਪ੍ਰੈਲ ਨੂੰ ਸੂਰਜ ਸਵੇਰੇ 7.35 ਵਜੇ ਦੀ ਥਾਂ 6.34 ਉਤੇ ਚੜ੍ਹੇਗਾ ਅਤੇ ਸ਼ਾਮ 6.14 ਮਿੰਟ ਉਤੇ ਮਿਟੇਗਾ। 2 ਅਪ੍ਰੈਲ ਨੂੰ ਲੋਕਾਂ ਨੂੰ ਇਕ ਘੰਟਾ ਪਹਿਲਾਂ ਸੂਰਜ ਚੜ੍ਹਿਆ ਹੋਇਆ ਪ੍ਰਤੀਤ ਹੋਵੇਗਾ ਤੇ ਇਕ ਘੰਟਾ ਪਹਿਲਾਂ ਸੂਰਜ ਮਿਟ ਜਾਵੇਗਾ। ਦਿਨ ਦੀ ਲੰਬਾਈ ਰਹੇਗੀ 11 ਘੰਟੇ 39 ਮਿੰਟ ਅਤੇ 39 ਸੈਕਿੰਡ। ਜੂਨ, ਜੁਲਾਈ ਅਤੇ ਅਗਸਤ ਮਹੀਨਾ ਨਿਊਜ਼ੀਲੈਂਡ ਦੇ ਵਿਚ ਸਿਆਲ ਦੇ ਮਹੀਨੇ ਮੰਨੇ ਜਾਂਦੇ ਹਨ।




ਬਦਲੇ ਹੋਏ ਸਮੇਂ ਅਨੁਸਾਰ ਜਦੋਂ ਭਾਰਤ ਵਿਚ ਦੁਪਹਿਰ ਦੇ 12 ਵੱਜਣਗੇ ਤਾਂ ਨਿਊਜ਼ੀਲੈਂਡ ਦੇ ਵਿਚ ਸ਼ਾਮ ਦੇ 6.30 ਹੋਇਆ ਕਰਨਗੇ ਜਾਂ ਕਹਿ ਲਈਏ ਜਦੋਂ ਨਿਊਜ਼ੀਲੈਂਡ ਦੁਪਹਿਰ ਦੇ 12 ਵਜੇ ਹੋਣਗੇ ਤਾਂ ਇੰਡੀਆ ਸਵੇਰ ਦੇ 5.30 ਹੋਇਆ ਕਰਨਗੇ। ਮੌਸਮ ਪਤਝੜ ਦਾ: ਇਸ ਵੇਲੇ ਨਿਊਜ਼ੀਲੈਂਡ ਦੇ ਵਿਚ ਪਤਝੜ (ਓਟਮ) ਦਾ ਮੌਸਮ ਚੱਲ ਰਿਹਾ ਹੈ ਜੋ ਕਿ ਮਈ ਤੱਕ ਜਾਰੀ ਰਹੇਗਾ। ਇਸ ਨੂੰ ਗਰਮੀ ਤੋਂ ਸਰਦੀ ਦਾ ਸਫਰ ਵੀ ਕਿਹਾ ਜਾਂਦਾ ਹੈ। ਆਸਟਰੇਲੀਆ: ਆਸਟਰੇਲੀਆ (ਸਿਡਨੀ) ਦੇ ਵਿਚ ਵੀ 2 ਅਪ੍ਰੈਲ ਨੂੰ ਘੜੀਆਂ ਇਕ ਘੰਟਾ ਪਿਛੇ ਹੋ ਜਾਣਗੀਆਂ ਅਤੇ 1 ਅਕਤੂਬਰ ਨੂੰ ਦੁਬਾਰਾ ਇਕ ਘੰਟਾ ਅੱਗੇ ਹੋਣਗੀਆਂ।

**ਪਹਿਲੀ ਤੋਂ ਮਿਹਨਤਾਨਾ ਵਧੇਗਾ**

ਨਿਊਜ਼ੀਲੈਂਡ ਦੇ ਵਿਚ ਪਹਿਲੀ ਅਪ੍ਰੈਲ 2023 ਤੋਂ ਮਿਹਨਤਾਨਾ ਦਰ (16 ਸਾਲ ਤੋਂ ਉਪਰ) ਪ੍ਰਤੀ ਘੰਟਾ 22.70 ਡਾਲਰ ਹੋ ਜਾਵੇਗੀ ਜਦ ਕਿ ਇਸ ਵੇਲੇ ਇਹ 21.20 ਡਾਲਰ ਹੈ। ਇਹ ਵਾਧਾ 1 ਡਾਲਰ 50 ਸੈਂਟ ਦਾ ਹੋਵੇਗਾ। ਜੇਕਰ ਕੋਈ ਵਿਅਕਤੀ 40 ਘੰਟੇ ਪ੍ਰਤੀ ਹਫਤਾ ਕੰਮ ਕਰਦਾ ਹੈ ਤਾਂ ਉਸਨੂੰ 60 ਡਾਲਰ ਦਾ ਫਰਕ ਪੈ ਜਾਵੇਗਾ ਤੇ ਸਲਾਨਾ ਲਗਪਗ 3120 ਡਾਲਰ ਦਾ ਫਰਕ ਪਵੇਗਾ। ਸ਼ੁਰੂਆਤ ਅਤੇ ਅਭਿਆਸੀ ਸਮੇਂ ਦੇ ਲਈ ਇਹ ਮਿਹਨਤਾਨਾ ਦਰ 18.16 ਡਾਲਰ ਪ੍ਰਤੀ ਘੰਟਾ ਹੋ ਜਾਵੇਗੀ। ਇੰਪਲਾਇਮੈਂਟ ਨਿਊਜ਼ੀਲੈਂਡ ਵੱਲੋਂ ਰੁਜ਼ਗਾਰ ਦਾਤਾਵਾਂ ਨੂੰ ਸਲਾਹ ਦਿੱਤੀ ਗਈ ਹੈ ਕਿ ਉਹ ਆਪਣੇ-ਆਪਣੇ ਪੇਅਰੋਲ ਸਿਸਟਮ ਦੇ ਵਿਚ ਇਹ ਤਬਦੀਲੀਆਂ ਕਰ ਲੈਣ। ਕਰਮਚਾਰੀ ਵੀ ਆਪਣੇ ਮਾਲਕਾਂ ਨੂੰ ਇਸ ਸਬੰਧੀ ਦੱਸ ਸਕਦੇ ਹਨ।

# ਮੋਦੀ ਦੀ ਪਾੜੋ ਤੇ ਰਾਜ ਕਰੋ ਵਾਲੀ ਨੀਤੀ ਵਿਰੁੱਧ ਕਮਿਊਨਿਸਟਾਂ ਦੀ ਸਾਂਝੀ ਰੈਲੀ 10 ਮਾਰਚ ਨੂੰ ਹੋਵੇਗੀ

**ਜਲੰਧਰ–** ਸੀਪੀਆਈ,ਆਰ ਐਮ ਪੀ ਆਈ, ਸੀਪੀਆਈ (ਐਮ ਐਲ) ਲਿਬਰੇਸ਼ਨ ,ਐਮ ਸੀ ਪੀ ਆਈ ਯੂ, ਇੰਨਕਲਾਬੀ ਕੇਂਦਰ ਪੰਜਾਬ ਤੇ ਪੰਜਾਬ ਜਮਹੂਰੀ ਮੋਰਚਾ ਅਧਾਰਤ ਪੰਜਾਬ ਪੱਧਰ ਤੇ ਬਨੇ 'ਫਾਸ਼ੀ ਹਮਲੇ ਵਿਰੋਧੀ ਫਰੰਟ' ਵੱਲੋਂ ਪ੍ਰੈਸ ਕਲੱਬ ਜਲੰਧਰ ਵਿਖੇ ਪ੍ਰੈਸ ਕਾਨਫਰੰਸ ਕੀਤੀ ਗਈ। ਜਿਸ ਵਿੱਚ ਬੰਤ ਸਿੰਘ ਬਰਾੜ, ਮੰਗਤ ਰਾਮ ਪਾਸਲਾ, ਦਰਸ਼ਨ ਸਿੰਘ ਖਟਕੜ, ਕਿਰਨਜੀਤ ਸਿੰਘ ਸੇਖੋਂ, ਕੰਵਲਜੀਤ ਖੰਨਾ ਤੇ ਜੁਗਰਾਜ ਸਿੰਘ ਟੱਲੇਵਾਲ ਸ਼ਾਮਲ ਹੋਏ। ਆਗੂਆਂ ਨੇ ਪੱਤਰਕਾਰ ਭਾਈਚਾਰੇ ਨੂੰ ਸੰਬੋਧਨ ਦੌਰਾਨ ਕਿਹਾ ਕਿ 10 ਮਾਰਚ ਨੂੰ ਦੇਸ਼ ਭਗਤ ਯਾਦਗਾਰ ਕੰਪਲੈਕਸ ਜਲੰਧਰ ਵਿਖੇ ਪੰਜਾਬ ਦੇ ਕਮਿਊਨਿਸਟਾਂ ਵੱਲੋਂ ਮਹਾਂਰੈਲੀ ਤੇ ਸ਼ਹਿਰ ਵਿੱਚ ਰੋਹ ਭਰਪੂਰ ਮਾਰਚ ਕੀਤਾ ਜਾਵੇਗਾ। ਇਸ ਪ੍ਰੋਗਰਾਮ ਵਿੱਚ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਪੰਜਾਬ ਤੇ ਕੀਤੇ ਜਾ ਰਹੇ ਤਿੱਖੇ ਵਾਰਾਂ ਬਾਬਤ ਵਿਚਾਰ ਵਟਾਂਦਰਾ ਹੋਵੇਗਾ। ਕਿਉਂਕਿ ਮੋਦੀ ਸਰਕਾਰ ਨੇ ਭਾਖੜਾ ਪ੍ਰੋਜੈਕਟ ਵਿਚੋਂ ਪੰਜਾਬ ਦੇ ਅਧਿਕਾਰ ਖਤਮ ਕਰਨ ਲਈ ਪੰਜਾਬ ਦੀ ਅਫ਼ਸਰਸ਼ਾਹੀ ਤੇ ਮੁਲਾਜ਼ਮਤ ਦੀ ਭਰਤੀ ਬੰਦ ਕਰ ਦਿੱਤੀ ਹੈ। ਇਹ ਪੰਜਾਬ ਦੇ ਲੋਕਾਂ ਨਾਲ ਬੇਨਿਆਈ ਹੈ। ਅੱਗੇ ਵਧਦਿਆਂ ਮੋਦੀ ਸ਼ਾਹ ਜੁੰਡਲੀ ਨੇ ਚੰਡੀਗੜ੍ਹ ਵਿੱਚ ਹਰਿਆਣਾ ਨੂੰ ਰਾਜਧਾਨੀ ਬਨਾਉਣ ਲਈ ਜਗ੍ਹਾ ਦੇ ਦਿੱਤੀ ਹੈ ਜਦੋਂ ਕਿ ਚੰਡੀਗੜ੍ਹ ਅੰਗਰੇਜ਼ਾਂ ਨੇ ਪੰਜਾਬ ਦੇ ਪਿੰਡ ਉਜਾੜ ਕੇ ਵਸਾਇਆ ਸੀ ਇਸ ਲਈ ਚੰਡੀਗੜ੍ਹ ਤੇ ਪੰਜਾਬ ਦਾ ਅਧਿਕਾਰ ਹੈ ਤੇ ਰਹੇਗਾ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਜੋ ਲਾਹੌਰ ਤੋਂ ਇਥੇ ਆਈ ਸੀ ਉਸ ਨੂੰ ਖੋਹਨ ਦੀ ਨੀਤੀ ਤੇ ਮੋਦੀ ਚੱਲ ਰਿਹਾ ਹੈ। ਚੰਡੀਗੜ੍ਹ ਵਿੱਚੋਂ ਪੰਜਾਬ ਦੇ ਮੁਲਾਜ਼ਮਾਂ ਦੀ ਭਰਤੀ ਦੇ ਅਧਿਕਾਰ ਖਤਮ ਕਰਨੇ ਇਹ ਸਰਾਸਰ ਪੰਜਾਬ ਦੇ ਲੋਕਾਂ ਨਾਲ ਧੱਕਾ ਹੈ। ਪਾਕਿਸਤਾਨ ਦੇ ਬਾਰਡਰ ਤੋਂ ਪੰਜਾਬ ਵੱਲ ਅੰਦਰ ਨੂੰ 50 ਕਿਲੋਮੀਟਰ ਤੱਕ ਬੀਐਸਐਫ ਨੂੰ ਅਧਿਕਾਰ ਦੇਣੇ ਇਸ ਤੋਂ ਸਾਫ ਜ਼ਾਹਰ ਹੈ ਕਿ ਮੋਦੀ ਦੀ ਬੀਜੇਪੀ ਸਰਕਾਰ ਜੰਮੂ ਕਸ਼ਮੀਰ ਦੀ ਤਰ੍ਹਾਂ ਪੰਜਾਬ ਨੂੰ ਸੈਂਟਰ ਦੇ ਅਧੀਨ ਕਰਨ ਦੇ ਰਾਹ ਤੁਰਿਆ ਹੈ।

ਕੇਂਦਰ ਦੀ ਸਰਕਾਰ ਸਰਕਾਰ ਪੰਜਾਬ ਦੇ ਘਰਾਂ ਦੀ ਬਿਜਲੀ ਵਿੱਚ ਮਿਲਦੀ ਰਹਾਇਤ ਨੂੰ ਖਤਮ ਕਰਨ ਵਾਸਤੇ ਪੰਜਾਬ ਸਰਕਾਰ ਤੇ ਦਬਾਅ ਪਾ ਰਹੀ ਹੈ ਕਿ ਪਰੀਪੇਡ ਮੀਟਰ ਜਲਦੀ ਤੋਂ ਜਲਦੀ ਲਾਏ ਜਾਣ। ਪੰਜਾਬ ਦੇ ਹਾਲਾਤ ਇਹ ਹਨ ਕਿ ਰੁਜ਼ਗਾਰ ਨਾ ਮਿਲਣ ਕਰਕੇ ਪੰਜਾਬ ਦੀ ਜਵਾਨੀ ਵਿਦੇਸ਼ਾਂ ਵਿੱਚ ਧੱਕੇ ਖਾਣ ਲਈ ਮਜਬੂਰ ਹੈ। ਇਕੱਲੀ ਜੁਵਾਨੀ ਹੀ ਬਾਹਰ ਨਹੀਂ ਜਾ ਰਹੀ ਕਿਰਤ ਤੇ ਪੈਸਾ ਵੀ ਬਾਹਰ ਜਾ ਰਿਹਾ ਹੈ ਜੇ ਇਹ ਹੀ ਹਾਲਾਤ ਰਹੇ ਤਾਂ ਪੰਜਾਬ ਜਲਦੀ ਹੀ ਕੰਗਾਲ ਹੋ ਜਾਵੇਗਾ। ਲੋਕਾਂ ਨੇ ਮਹਿੰਗਾਈ ਵਿਰੁੱਧ ਲੜਨਾ ਹੈ ਪਰ ਹੁਣ ਉਨ੍ਹਾਂ ਨੂੰ ਪੰਜਾਬ ਬਚਾਉਣ ਵਾਸਤੇ ਲੜਨਾ ਪੈ ਰਿਹਾ ਹੈ। ਆਗੂਆਂ ਨੇ ਪੰਜਾਬ ਵਾਸੀਆਂ ਨੂੰ ਪੁਰਜ਼ੋਰ ਅਪੀਲ ਕੀਤੀ ਕਿ 10 ਮਾਰਚ ਦੀ ਰੈਲੀ ਵਿੱਚ ਹੁੰਮ ਹੁਮਾ ਕੇ ਪੁੱਜਣ ਤੇ ਮੋਦੀ ਦੀ ਫਾਸ਼ੀਵਾਦੀ ਨੀਤੀ ਨੂੰ ਭਾਂਜ ਦੇਣ। ਰੈਲੀ ਤੋਂ ਪ੍ਰੋਗਰਾਮ ਲੈ ਕੇ ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਦੇ ਲੋਕਾਂ ਨੂੰ ਮੋਦੀ ਦੀ ਫਿਰਕੂ ਤੇ ਲੋਕ ਵਿਰੋਧੀ ਨੀਤੀ ਦੇ ਪਾਜ ਉਘੇੜਣ।

**ਪਿਰਥੀਪਾਲ ਸਿੰਘ ਮਾੜੀਮੇਘਾ**
**ਫੋਨ -9876078731**

# ਗੰਨੇ ਦੀ ਫਸਲ ਤੋਂ ਵਧੇਰੇ ਪੈਦਾਵਾਰ ਲੈਣ ਲਈ ਉੱਨਤ ਕਾਸ਼ਤਕਾਰੀ ਤਕਨੀਕਾਂ ਅਪਨਾਉਣ ਦੀ ਜ਼ਰੂਰਤ : ਜ਼ਿਲਾ ਸਿਖਲਾਈ ਅਫ਼ਸਰ

**ਗੁਰਦਾਸਪੁਰ (ਪਠਾਨਕੋਟ) 7 ਮਾਰਚ (ਰਾਜਿੰਦਰ ਸਿੰਘ ਰਾਜਨ)** ਮੌਸਮੀ ਤਬਦੀਲੀਆਂ ਕਾਰਨ ਹੋ ਰਹੇ ਤਾਪਮਾਨ ਵਿਚ ਵਾਧੇ ਕਾਰਨ ਫ਼ਸਲਾਂ ਉੱਪਰ ਪੈਣ ਵਾਲੇ ਬੁਰੇ ਪ੍ਰਭਾਵ ਤੌ ਬਚਾਉਣ ਅਤੇ ਗੰਨੇ ਦੀ ਕਾਸ਼ਤ ਦੀਆਂ ਨਵੀਨਤਮ ਤਕਨੀਕਾਂ ਨੂੰ ਉਤਸ਼ਾਹਿਤ ਕਰਨ ਸੰਬੰਧੀ ਕਿਸਾਨਾਂ ਨੂੰ ਜਾਗਰੂਕ ਕਰਨ ਲਈ ਚਲਾਈ ਜਾ ਰਹੀ ਮੁਹਿੰਮ ਤਹਿਤ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਪਿੰਡ ਬਾਹੀਆਂ ਬਲਾਕ ਗੁਰਦਾਸਪੁਰ ਵਿਚ ਪਿੰਡ ਪੱਧਰੀ ਕਿਸਾਨ ਜਾਗਰੂਕਤਾ ਕੈਂਪ ਲਗਾਇਆ ਗਿਆ। ਡਾ. ਅਮਰੀਕ ਸਿੰਘ ਜ਼ਿਲਾ ਸਿਖਲਾਈ ਅਫ਼ਸਰ ਦੀ ਪ੍ਰਧਾਨਗੀ ਹੇਠ ਲਗਾਏ ਗਏ ਜਾਗਰੂਕਤਾ ਕੈਂਪ ਮੌਕੇ ਡਾ. ਹਰਪਿੰਦਰ ਸਿੰਘ ਵਿਸ਼ਾ ਵਸਤੂ ਮਾਹਿਰ, ਡਾ. ਮਿੱਤਰ ਮਾਨ ਸਿੰਘ ਖੇਤੀਬਾੜੀ ਵਿਕਾਸ ਅਫਸਰ (ਗੰਨਾ), ਡਾ. ਮਨਜੀਤ ਸਿੰਘ, ਡਾ.ਦਿਲਰਾਜ ਸਿੰਘ ਖੇਤੀਬਾੜੀ ਵਿਕਾਸ ਅਫਸਰ, ਹਰਮਨਪ੍ਰੀਤ ਸਿੰਘ, ਮਨਜੀਤ ਕੌਰ ਖੇਤੀਬਾੜੀ ਵਿਸਥਾਰ ਅਫਸਰ, ਗੁਰਪਿੰਦਰ ਸਿੰਘ ਬਲਾਕ ਟੈਕਨਾਲੋਜੀ ਪ੍ਰਬੰਧਕ (ਆਤਮਾ), ਹਿਤੇਸ਼ ਕੁਮਾਰ ਖੇਤੀ ਉਪ ਨਿਰੀਖਕ, ਬਲਵਿੰਦਰ ਸਿੰਘ, ਪਰਮਦੀਪ ਸਿੰਘ,ਸੁਰਜੀਤ ਸਿੰਘ, ਕੁਲਵਿੰਦਰ ਸਿੰਘ ਸਮੇਤ ਸਮੂਹ ਸਟਾਫ ਅਤੇ ਵੱਡੀ ਗਿਣਤੀ ਵਿਚ ਕਿਸਾਨ ਹਾਜ਼ਰ ਸਨ।



ਕਿਸਾਨਾਂ ਨੂੰ ਸੰਬੋਧਨ ਕਰਦਿਆਂ ਡਾ. ਅਮਰੀਕ ਸਿੰਘ ਨੇ ਕਿਹਾ ਕਿ ਵੱਧ ਰਹੇ ਤਾਪਮਾਨ ਦੇ ਪ੍ਰਭਾਵ ਨੂੰ ਘੱਟ ਕਰਨ ਲਈ ਕਣਕ ਦੀ ਫਸਲ ਨੂੰ ਮੌਸਮ ਦੇ ਹਿਸਾਬ ਨਾਲ ਹਲਕਾ ਪਾਣੀ ਦਿੰਦੇ ਰਹਿਣਾ ਚਾਹੀਦਾ।ਉਨਾਂ ਕਿਹਾ ਕਿ ਕਣਕ ਦੀ ਫਸਲ ਉੱਪਰ ਫਿਲਹਾਲ ਵੱਡੇ ਪੱਧਰ ਤੇ ਪੀਲੀ ਕੁੰਗੀ ਅਤੇ ਚੇਪਾ ਦਾ ਹਮਲਾ ਨਹੀਂ ਹੋਇਆ ਇਸ ਲਈ ਦੇਖਾ ਦੇਖੀ ਜਾਂ ਕਿਸੇ ਦੇ ਕਹਿਣ ਤੇ ਕੀਟਨਾਸ਼ਕ ਜਾਂ ਉੱਲੀਨਾਸ਼ਕ ਦਾ ਛਿੜਕਾਅ ਨਾਂ ਕੀਤਾ ਜਾਵੇ। ਉਨਾਂ ਕਿਹਾ ਕਿ ਕਿਸੇ ਵੀ ਕਿਸਮ ਦੀ ਸਮੱਸਿਆ ਦੇ ਹੱਲ ਲਈ ਖੇਤੀ ਮਾਹਿਰਾਂ ਵਲੋਂ ਕੀਤੀਆਂ ਸਿਫਾਰਸ਼ਾਂ ਹੀ ਮੰਨੀਆਂ ਜਾਣ। ਡਾ. ਹਰਪਿੰਦਰ ਸਿੰਘ ਨੇ ਕਿਹਾ ਕਿ ਦਾਲਾਂ ਸਾਕਾਹਾਰੀ ਲੋਕਾਂ ਦੀ ਖੁਰਾਕ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਡਾ. ਮਿੱਤਰਮਾਨ ਸਿੰਘ ਨੇ ਗੰਨੇ ਦੀ ਕਾਸ਼ਤ ਸਬੰਧੀ ਤਕਨੀਕੀ ਜਾਣਕਾਰੀ ਦਿੰਦਿਆਂ ਕਿਹਾ ਕਿ ਗੰਨੇ ਦੀ ਫਸਲ ਤੌ ਵਧੇਰੇ ਆਮਦਨ ਲੈਣ ਲਈ ਗਰਮੀ ਰੁੱਤ ਦੇ ਮਾਂਹ ਅਤੇ ਮੂੰਗੀ ਦੀ ਕਾਸ਼ਤ ਕੀਤੀ ਜਾ ਸਕਦੀ ਹੈ ਅਤੇ ਗੰਨੇ ਦੀ ਬਿਜਾਈ ਅਖੀਰ ਮਾਰਚ ਤੱਕ ਮੁਕੰਮਲ ਕਰ ਲੈਣੀ ਚਾਹੀਦੀ ਹੈ।ਡਾ. ਮਨਜੀਤ ਸਿੰਘ ਨੇ ਕਿਹਾ ਕਿ ਹਰੇਕ ਕਿਸਾਨ ਨੂੰ ਸਾਲਾਨਾ ਘਰੇਲੂ ਜ਼ਰੂਰਤਾਂ ਦੀ ਪੂਰਤੀ ਲਈ ਕਣਕ,ਝੋਨਾ ,ਦਾਲਾਂ ਆਦਿ ਦਾ ਬੀਜ ਖੁਦ ਤਿਆਰ ਕਰਨਾ ਚਾਹੀਦਾ ਹੈ। ਡਾ. ਗੁਰਪਿੰਦਰ ਸਿੰਘ ਨੇ ਸਟੇਜ ਸਕੱਤਰ ਦੇ ਫਰਜ ਬਾਖੂਬੀ ਨਿਭਾਏ।ਅਖੀਰ ਵਿਚ ਬਲਵਿੰਦਰ ਸਿੰਘ ਭਿੰਡਰ ਨੇ ਕਿਸਾਨਾਂ ਨੂੰ ਦਰਪੇਸ਼ ਸਮੱਸਿਆਵਾਂ ਬਾਰੇ ਅਧਿਕਾਰੀਆਂ ਨੂੰ ਜਾਣੂ ਕਰਵਾਇਆ।

# ਸਭਿਆਚਾਰ

ਪਿੰਡ ਤਾਂ ਖਾਲੀ ਜਿਹੇ ਹੋ ਹੀ ਚੱਲੇ ਸੀ
ਤੇ ਬੇਰੌਣਕ ਲੱਗਦੀਆਂ ਸੀ ਪਿੰਡਾਂ ਦੀਆਂ ਸੱਥਾਂ
ਸਭਿਆਚਾਰ ਤਾਂ ਸ਼ਾਇਦ ਭੁੱਲ ਹੀ ਚੱਲੇ ਸੀ
ਲੱਭ ਲੱਭ ਕੰਪਿਊਟਰਾਂ 'ਚੋਂ ਨਾ ਰੱਖ ਲਏ ਲੱਖਾਂ।
ਡੱਬੀਆਂ ਵਾਲੀ ਖੇਸੀ ਸੀਕਲਚਰ ਦਾ ਗਹਿਣਾ
ਰੁਲ ਗਈ ਵਿਚਾਰੀ ਵਾਂਗ ਉਹ ਕੱਖਾਂ
ਪਿੰਡ ਤਾਂ ਖਾਲੀ ਜਿਹੇ ਹੋ ਹੀ ਚੱਲੇ ਸੀ
ਤੇ ਬੇਰੌਣਕ ਲੱਗਦੀਆਂ ਸੀ ਪਿੰਡਾਂ ਦੀਆ ਸੱਥਾਂ।

ਓਟੇ ਵਾਲਾ ਮਾਂ ਦਾ ਚੌਂਕਾ
ਅੱਜ ਲੱਭਿਆਂ ਕਿਤੇ ਕਿਤੇ ਹੀ ਲੱਭਦਾ
ਤਾਜ਼ਾ ਮੱਖਣ ਤੇ ਲੱਸੀ ਨੂੰ ਤਰਸੇ
ਤੇ ਕਾੜ੍ਹਨੀਆਂ ਵਿਚ ਦੁੱਧ ਘੱਟ ਹੀ ਲੱਭਦਾ
ਪਿੰਨੀਆਂ ਦੀ ਥਾਂ ਪੇਸਟੀਆਂ ਆਈਆਂ
ਦਹੀਂ, ਘਰੜ ਦੀ ਤਾਂ ਗੱਲ ਕੀ ਦੱਸਾਂ
ਪਿੰਡ ਤਾਂ ਖਾਲੀ ਜਿਹੇ ਹੋ ਹੀ ਚੱਲੇ ਸੀ
ਤੇ ਬੇਰੌਣਕ ਲੱਗਦੀਆਂ ਸੀ ਪਿੰਡਾਂ ਦੀਆਂ ਸੱਥਾਂ

ਕੰਧ ਦੇ ਉਤੋਂ ਦੀ ਦਾਲ ਦੀ ਕੌਲੀ
ਪਹਿਲਾਂ ਬਜ਼ੁਰਗ ਵਟਾ ਲੈਂਦੇ ਸੀ
ਮਨ ਮੁਟਾਅ ਜੇ ਕਿਧਰੇ ਹੋ ਵੀ ਜਾਂਦਾ
ਆਪਸ ਵਿਚ ਨਿਪਟਾ ਲੈਂਦੇ ਸੀ
ਸਾਂਝ ਪਿਆਰ ਹੀ ਸੀ ਦੌਲਤ ਉਹਨਾਂ ਦੀ
ਲੱਭਦੇ ਨਹੀਂ ਸੀ ਉਹ ਕਿਧਰੇ ਲੱਖਾਂ
ਪਿੰਡ ਤਾਂ ਖਾਲੀ ਜਿਹੇ ਹੋ ਹੀ ਚੱਲੇ ਸੀ
ਤੇ ਬੇਰੌਣਕ ਲੱਗਦੀਆਂ ਸੀ ਪਿੰਡ ਦੀਆਂ ਸੱਥਾਂ।

ਗਲੀ ਗੁਆਂਢ 'ਚ ਚਾਚੀਆਂ ਤਾਈਆਂ
ਨੂੰ ਮਾਵਾਂ ਵਾਂਗ ਸੀ ਬੁਲਾਇਆ
ਉਹਨਾਂ ਨੇ ਵੀ ਧੀਆਂ ਪੁੱਤਾਂ ਵਾਂਗ
ਰੱਖ ਮੱਖਣ ਰੋਟੀ ਤੇ ਸੀ ਖੁਆਇਆ
ਹੁਣ ਤਾਂ ਤੂੰ ਤੂੰ ਕਹਿ ਬੁਲਾਉਂਦੇ
ਜੀ ਵਾਲਾ ਲੱਭੇ ਕਿਤੇ ਵਿਚੋਂ ਲੱਖਾਂ
ਪਿੰਡ ਤਾਂ ਖਾਲੀ ਜਿਹੇ ਹੋ ਹੀ ਚੱਲੇ ਸੀ
ਤੇ ਬੇਰੌਣਕ ਲੱਗਦੀਆਂ ਸੀ ਪਿੰਡਾਂ ਦੀਆਂ ਸੱਥਾਂ।

ਇਕ ਚੰਦਰੀ ਲੱਗੀ ਹੋਰ ਬਿਮਾਰੀ
ਜੁਆਨੀ ਦੀ ਮੱਤ ਨਸ਼ਿਆਂ ਨੇ ਮਾਰੀ
ਨਾੜਾਂ ਵਿਚ ਲੱਗੇ ਟੀਕੇ ਰਹਿ ਗਏ
ਤੇ ਵਿਚ ਘਰਾਂ ਦੇ ਸੱਥਰ ਪੈ ਗਏ
ਨਸ਼ੇ ਤਾਂ ਸਾਡਾ ਸੁਭਾਅ ਹੀ ਨਹੀਂ ਸੀ
ਫੇ ਵੀ ਤੁਰ ਗਏ ਸਾਡੇ ਬੱਚੇ ਲੱਖਾਂ
ਪਿੰਡ ਤਾਂ ਖਾਲੀ ਜਿਹੇ ਹੋ ਹੀ ਚੱਲੇ
ਤੇ ਬੇਰੌਣਕ ਲੱਗਦੀਆਂ ਸੀ ਪਿੰਡ ਦੀਆਂ ਸੱਥਾਂ।

ਲੱਗਦਾ ਸਭਿਆਚਾਰ ਵੱਲ ਮੋੜਾ ਪੈ ਗਿਆ
ਬਾਣ ਵਾਲਾ ਮੰਜਾ ਮੁੜ ਵਿਹੜੇ ਡਹਿ ਗਿਆ
ਸੋਹਣਾ ਨਾਂ 'ਹਾਕਮ ਸਿੰਘ' ਰੱਖਣ ਲੱਗ ਪਏ
ਤੇ ਮੁੜ ਪਿੰਡਾਂ ਵੱਲ ਨੂੰ ਮੋੜਾ ਪੈ ਗਿਆ
ਪਿੱਪਲਾਵਾਲੀਆ 'ਧਾਮੀ' ਅਰਦਾਸਾਂ ਕਰਦਾ
ਰੱਬਾ ਭਰ ਦੇ ਰੌਣਕਾਂ ਤੂੰ ਮੁੜ ਕੇ ਸੱਥਾਂ
ਪਿੰਡ ਤਾਂ ਖਾਲੀ ਜਿਹੇ ਹੋ ਹੀ ਚੱਲੇ ਸੀ
ਤੇ ਬੇਰੌਣਕ ਲੱਗਦੀਆਂ ਸੀ ਪਿੰਡ ਦੀਆਂ ਸੱਥਾਂ
ਸਭਿਆਚਾਰ ਤਾਂ ਸ਼ਾਇਦ ਭੁੱਲ ਹੀ ਚੱਲੇ ਸੀ
ਲੱਭ ਲੱਭ ਕੰਪਿਊਟਰਾਂ 'ਚੋਂ ਨਾ ਰੱਖ ਲਏ ਲੱਖਾਂ
ਡੱਬੀਆਂ ਵਾਲੀ ਖੇਸੀ ਸੀ ਕਲਚਰ ਦਾ ਗਹਿਣਾ
ਰੁਲ ਗਈ ਵਿਚਾਰੀ ਉਹ ਵਾਂਗੂ ਕੱਖਾਂ
ਪਿੰਡ ਤਾਂ ਖਾਲੀ ਜਿਹੇ ਹੋ ਹੀ ਚੱਲੇ ਸੀ
ਤੇ ਬੇਰੌਣਕ ਲੱਗਦੀਆਂ ਸੀ ਪਿੰਡ ਦੀਆਂ ਸੱਥਾਂ।



**ਜੁਗਿੰਦਰ 'ਧਾਮੀ' ਪਿੱਪਲਾਵਾਲੀਆ**
530-844-0987

# ਆ ਜਾ ਵਰਿੰਦਰਾ



ਆ ਜਾ 'ਵਰਿੰਦਰਾ' ਝੂਟ ਲੈ,
'ਕੁਲਵਿੰਦਰ ਮਹਿਕ' ਤੈਨੂੰ ਕਹਿੰਦੀ।
'ਮਨਦੀਪ ਕੌਰ ਪ੍ਰੀਤ ਮੁਕੇਰੀਆਂ',
ਹੁੱਬ-ਹੁੱਬ ਪੀਂਘ ਤੇ ਬਹਿੰਦੀ।
ਆ ਜਾ ...।

'ਲਾਲੀ' 'ਲੁਧਿਆਣਵੀ' ਪੀਂਘ ਹੈ ਪਾਈ,
'ਸ਼ਮਸ਼ੇਰ ਸਿੰਘ ਪਾਲ' ਵੀ ਸੇਵਾ ਨਿਭਾਈ।
'ਕ੍ਰਿਸ਼ਨ ਰਾਹੀ' ਤੇ 'ਪਿਆਰਾ ਸਿੰਘ ਰਾਹੀ' ਦੀ,
ਜੋੜੀ ਬੁਲਾਉਂਦੀ ਰਹਿੰਦੀ। ਆ ਜਾ ...।

'ਬਲਵੰਤ ਸੱਲ੍ਹਣ' ਤੇ 'ਲਛਮਣ ਮੇਹੋਂ',
ਸੇਵਾ ਕਰ ਰਹੇ ਤਨ-ਮਨ ਦੇਹੋਂ।
'ਊਸ਼ਾ ਆਰ. ਸ਼ਰਮਾ' ਦੀ ਛਤਰ-ਛਾਇਆ ਹੈ,
ਲਾ ਲਓ ਕੁੜੀਓ ਮਹਿੰਦੀ। ਆ ਜਾ ...।

'ਐਮ. ਐਸ. ਕਲਸੀ'- 'ਸ਼ਿਵ ਸਿੰਘ ਬੱਲੀ',
'ਬਲਵੰਤ ਛਿੱਬੜ', ਹਰ ਮੁਸੀਬਤ ਝੱਲੀ।
'ਗੁਰਵਿੰਦਰ ਗੁਰੀ' - 'ਸੰਨੀ ਊਨੇ ਵਾਲੇ' ਦੀ ਜ਼ਿੰਦ,
ਕੀ ਕੀ ਨਹੀਂ ਰਹੀ ਸਹਿੰਦੀ। ਆ ਜਾ ...।

'ਵਿਰਦੀ', 'ਨਸੀਬ' ਤੇ 'ਭੱਟੀ' ਗਾਉਂਦੇ,
'ਮਟੌਰੀਆ', 'ਲਖੋਤਰਾ' ਭੰਗੜਾ ਪਾਉਂਦੇ।
'ਸੰਦੀਪ ਅਰਸ਼'- 'ਰਣਜੀਤ ਸਵੀ' ਦੀ,
ਗੂੰਜ ਗਿੱਧੇ ਵਿਚ ਪੈਂਦੀ। ਆ ਜਾ ...।

'ਪਾਲੀ' ਤੇ 'ਬਾਗੜੀ' ਦੀ ਸੇਵਾ ਹੈ ਸੁੱਚੀ।
'ਸਾਹੋਵਾਲੀਆ', 'ਨਾਹਰ', 'ਰੂਪ' ਜਿਹੀ ਉੱਚੀ।
'ਜਗਜੀਤ ਮੁਕਤਸਰੀ'- 'ਜੱਸਪ੍ਰੀਤ' ਦੀ,
ਜੋੜੀ ਕਦੇ ਨਾ ਖਹਿੰਦੀ।ਆ ਜਾ ...।
'ਜੱਕੋਪੁਰੀ', 'ਗਰੇਵਾਲ' ਝੰਡੀ ਗੱਡੀ।
'ਹਸਨਪੁਰੀ', 'ਈਸੜੂ' ਵੀ ਕਸਰ ਨਾ ਛੱਡੀ।
'ਮੁਸਾਫਿਰ', 'ਬੱਲੀ', 'ਅਜ਼ਾਦ ਪੰਛੀ' ਦੀ,
ਮਸਤੀ ਚੜ੍ਹੀ ਨਾ ਲਹਿ-
ੰਦੀ। ਆ ਜਾ ...।

'ਹੁਸ਼ਿਆਰਪੁਰੀ',
'ਸੈਣੀ', 'ਘੇਸਲ'
ਜਿਹੇ ਸਾਰੇ,
'ਪੰਨਾ ਲਾਲ', 'ਨਵਪ੍ਰੀਤ' ਲੈਂਦੇ ਹੁਲਾਰੇ।
'ਸਾਹੋਕੇ', 'ਸੁਦਾਗਰ', 'ਕੰਵਲ', 'ਸੇਵਕ' ਜਿਹੇ-
ਸੋਚ ਨਾ ਰੱਖਣ ਢਹਿੰਦੀ। ਆ ਜਾ ...।

'ਸਵਾੜਾ', 'ਰਣਜੋਧ' ਤੇ 'ਦੀਪ' ਵੀ ਝੂਟਣ,
'ਸਾਗਰ', 'ਸੱਤੀ', 'ਟੋਨੀ' ਅੰਬੀਆਂ ਚੂਪਣ।
'ਜਸਪਾਲ ਪੂਨੇ ਵਾਲਾ' ਪੈਲਾਂ ਪਾਏ,
ਦੇਖ ਅੰਬਰੀਂ ਪੀਂਘ ਚੁੜੇਂਦੀ। ਆ ਜਾ ...।

'ਛੀਨਾ', 'ਤ੍ਰਿਪਤਾ', 'ਪਾਹਵਾ' ਆਈਆਂ,
'ਟਾਂਡੀ', 'ਕਰਤਾਰਪੁਰੀ' ਦੇਣ ਵਧਾਈਆਂ।
'ਰਾਮਪੁਰੀ', 'ਰਾਠੀ', 'ਅਮਰੀਕ' ਦੀ ਢਾਣੀ,
ਤਾੜੀਆਂ ਪਈ ਵਜੇਂਦੀ। ਆ ਜਾ ...।

'ਆਪਣਾ ਅਮਨ', 'ਜੋਤ', 'ਗੋਲਡੀ' ਆ ਗਏ,
'ਕਮਲ', 'ਕੋਮਲ', 'ਅੰਜੂ', 'ਲਗਾਣਾ' ਛਾ ਗਏ।
'ਜੈਤੋ', 'ਵਾਗਲਾ', 'ਜੁਤਲਾ', 'ਪਾਹੜਾ'।
ਘੋਲ ਰਹੇ ਨੇ ਮਹਿੰਦੀ। ਆ ਜਾ ...।

'ਹਠੂਰੀਆ', 'ਜਖੇਪਲੀਆ', 'ਨੂਰਪੁਰੀ' ਨੱਚਣ।
'ਬਬਲਾ', 'ਕੈਰੋਂ', 'ਧਿਆਨਪੁਰੀ' ਹੱਸਣ।
'ਲੁਧਿਆਣਵੀ' ਸਭ ਦੀਆਂ ਮੰਗਦਾ ਖੈਰਾਂ।
ਪੀਂਘ ਹੁਲਾਰੇ ਲੈਂਦੀ। ਆ ਜਾ ...।

***- ਸਵਰਗੀ ਪ੍ਰੀਤਮ ਲੁਧਿਆਣਵੀ ਦੀ ਇਕ ਪੁਰਾਣੀ ਕਵਿਤਾ***

***ਪੇਸ਼ਕਰਤਾ- ਸੁਖਚਰਨ ਸਿੰਘ ਸਾਹੋਕੇ***

# "ਹੱਕ ਦਿਵਾਏ ਬਾਬਾ ਸਾਹਿਬ ਨੇ"

ਦੇ ਕੇ ਅਧਿਕਾਰ ਸੰਵਿਧਾਨ ਚ ਬਰਾਬਰ ਦੇ
ਦੱਸਿਆ ਜਿਉਣਾ ਸਭ ਬਣ ਕੇ ਨਵਾਬ ਨੇ
ਕੱਢਕੇ ਅਛੂਤਾਂ ਨੂੰ ਜ਼ਲਾਲਤ ਦੀ ਜ਼ਿੰਦਗੀ ਚੋਂ
ਹੱਕ ਨੇ ਦਿਵਾਏ ਬਾਬਾ ਭੀਮ ਰਾਓ ਸਾਹਿਬ ਨੇ

ਜਾਤ ਪਾਤ, ਛੂਆ ਛਾਤ ਭਰਮ ਭੁਲੇਖਿਆਂ ਦੇ
ਚੌਧਰਾਂ ਨੂੰ ਕਿਵੇਂ ਲਲਕਾਰਨਾ ਹੈ ਦੱਸਿਆ
ਵਿੱਦਿਆ ਬਰਾਬਰ ਦਾ ਹੱਕ ਦੇਸ਼ ਵਾਸੀਆਂ ਨੂੰ
ਇਹ ਅਧਿਕਾਰ ਸੰਵਿਧਾਨ ਵਿੱਚ ਰੱਖਿਆ
ਬਣਕੇ ਗਰੀਬਾਂ ਦਾ ਮਸੀਹਾ ਅੰਬੇਦਕਰ
ਦਿਲਾਂ ਵਿਚ ਖੁਸ਼ਬੂ ਖਿਲਾਰੀ ਏ ਗੁਲਾਬ ਨੇ
ਕੱਢਕੇ ਅਛੂਤਾਂ ਨੂੰ ਜ਼ਲਾਲਤ ਦੀ ਜ਼ਿੰਦਗੀ ਚੋਂ
ਹੱਕ ਨੇ ਦਿਵਾਏ ਬਾਬਾ ਭੀਮ ਰਾਓ ਸਾਹਿਬ ਨੇ

ਔਰਤਾਂ ਨਾਲ ਵਿਤਕਰਾ ਹੋਏ, ਤਸ਼ੱਦਦ ਦਾ
ਵੱਖਰਾ ਬਣਾਕੇ ਲਿਖ ਦਿੱਤਾ ਹੈ ਕਾਨੂੰਨ ਨੂੰ
ਮਨੂੰਵਾਦੀ ਸੋਚ ਦੀਆਂ ਧਾਰਨੀ ਤਾਕਤਾਂ ਦੇ
ਕਾਬੂ ਕਿਵੇਂ ਕਰਨਾ ਹੈ ਦੱਸਿਆ ਜਨੂੰਨ ਨੂੰ
ਕਿਰਤੀ ਦੀ ਕਿਰਤ ਦਾ ਮੁੱਲ ਪੂਰਾ ਤਾਰਨਾ
ਮਾਰਨੇ ਨਹੀਂ ਹੱਕ ਕਿਸੇ ਖਾਨਾ ਖਰਾਬ ਨੇ
ਕੱਢਕੇ ਅਛੂਤਾਂ ਨੂੰ ਜ਼ਲਾਲਤ ਦੀ ਜ਼ਿੰਦਗੀ ਚੋਂ
ਹੱਕ ਨੇ ਦਿਵਾਏ ਬਾਬਾ ਭੀਮ ਰਾਓ ਸਾਹਿਬ ਨੇ

ਊਚ ਨੀਚ ਭੇਦ ਭਾਵ ਕਰਕੇ ਖਤਮ ਰੱਖ
ਸਭ ਨੂੰ ਪਰੋ ਤਾ ਮਨੁੱਖਤਾ ਦੀ ਮਾਲਾ ਚ
ਅੰਧਕਾਰੀ ਨ੍ਹੇਰਾ ਅਨਪੜਤਾ ਦੇ ਧਰਮਾਂ ਤੋਂ
ਖਤਮ ਨੀ ਹੋਇਆ ਯੁੱਗਾਂ ਸਦੀਆਂ ਤੇ ਸਾਲਾਂ ਚ
ਬੀਂਬੜ ਦਾ ਮੱਟੂ ਕਰੇ ਸਿਜਦਾ ਅਲਾਹੀ ਰੂਹ ਨੂੰ
ਜਿਸਦੇ ਦਿਵਾਏ ਹੱਕਾਂ ਪੂਰੇ ਕੀਤੇ ਖ਼ਾਬ ਨੇ
ਕੱਢਕੇ ਅਛੂਤਾਂ ਨੂੰ ਜ਼ਲਾਲਤ ਦੀ ਜ਼ਿੰਦਗੀ ਚੋਂ
ਹੱਕ ਨੇ ਦਿਵਾਏ ਬਾਬਾ ਭੀਮ ਰਾਓ ਸਾਹਿਬ ਨੇ।

# "ਕਿਰਤੀ ਕੰਮੀਆਂ ਦੇ ਹਾਲਾਤ"


ਕਿਰਤੀ ਕੰਮੀਆਂ ਉੱਤੇ ਹੋ ਤਸ਼ੱਦਦ ਰੋਜ਼ ਰਿਹੈ
ਭੁੱਖਮਰੀ ਤੇ ਮੰਦਹਾਲੀ ਦਾ ਵਧ ਵੀ ਬੋਝ ਰਿਹੈ
ਸਹਿੰਦੇ ਰਹਿਣਾ ਕਦੋਂ ਤੱਕ ਇਹ ਜ਼ੁਲਮੀ ਮਾਰਾਂ ਨੂੰ
ਆਓ ਰੋਕੀਏ 'ਕੱਠੇ ਹੋ ਕੇ ਅੱਤਿਆਚਾਰਾਂ ਨੂੰ

ਜਾਨਵਰਾਂ ਨਾਲੋਂ ਭੈੜਾ ਹੋ ਰਿਹਾ ਜ਼ੁਲਮ ਗਰੀਬਾਂ ਤੇ
ਨਾਲ ਸਿਫਾਰਸ਼ ਮੜ੍ਹਿਆ ਜਾਂਦਾ ਜ਼ੁਰਮ ਗਰੀਬਾਂ ਤੇ
ਕੁਝ ਨਹੀਂ ਸੁਣਦਾ ਕੰਨੋਂ ਬੋਲ਼ਈਆਂ ਇਹ ਸਰਕਾਰਾਂ ਨੂੰ
ਆਓ ਰੋਕੀਏ 'ਕੱਠੇ ਹੋ ਕੇ ਅੱਤਿਆਚਾਰਾਂ ਨੂੰ

ਲੁੱਟਿਆ ਅਤੇ ਕੁੱਟਿਆ ਜਾਂਦਾ ਇੱਥੇ ਮਾੜੇ ਨੂੰ
ਸਾੜ ਸੁੱਟਿਆ ਜਾਂਦਾ ਕਿਤੇ ਗਰੀਬ ਦੇ ਢਾਰੇ ਨੂੰ
ਦਨਦਨਾਉਂਦੇ ਫਿਰਦੇ ਦੋਸ਼ੀ ਕਰਕੇ ਕਾਰਾਂ ਨੂੰ
ਆਓ ਰੋਕੀਏ 'ਕੱਠੇ ਹੋ ਕੇ ਅੱਤਿਆਚਾਰਾਂ ਨੂੰ

ਕਰਲੋ ਏਕਾ ਬਣਜੋ ਤਾਕਤ ਹੁਣ ਹੋ ਜਾਓ 'ਕੱਠੇ
ਥਰ ਥਰ ਕੰਬਣ ਫਿਰ ਹਕੂਮਤਾਂ ਥੋਡੇ ਰੋਹ ਅੱਗੇ
ਧੌਣੋਂ ਨਿੱਕਲੂ ਕਿੱਲਾ ਅਕਲ ਆਊ ਦੁਸ਼ਵਾਰਾਂ ਨੂੰ
ਆਓ ਰੋਕੀਏ 'ਕੱਠੇ ਹੋ ਕੇ ਅੱਤਿਆਚਾਰਾਂ ਨੂੰ।

# "ਕਿਰਤੀਆਂ ਦੀ ਪੁਕਾਰ"




ਸ਼ੁਰੂ ਤੋਂ ਸ਼ਿਕਾਰ ਲੁੱਟ ਸਰਮਾਏਦਾਰੀਆਂ ਦੇ ਪਏ ਮਾਰੇ ਨੀ
ਕਿਰਤੀ ਨੇ ਹੱਕਾਂ ਲਈ ਸੜਕਾਂ ਤੇ ਰਹੇ ਜੂਝ ਸਰਕਾਰੇ ਨੀ

ਦੁੱਖ ਤਕਲੀਫਾਂ ਬੇਰੁਜ਼ਗਾਰੀ ਮਹਿੰਗਾਈ ਹੱਦਾਂ ਟੱਪ ਗਈ
ਚੜ੍ਹਦਾ ਸੂਰਜ ਉਜਰਤ ਕੰਮੀਆਂ ਦੀ ਹੋਰ ਹੋਰ ਘੱਟ ਗਈ
ਹੋਣ ਛਲਾਵੇ ਮਜ਼ਦੂਰੀ ਲਈ ਗਰੀਬ ਕਿੱਥੇ ਜਾ ਪੁਕਾਰੇ ਨੀ
ਕਿਰਤੀ ਨੇ ਹੱਕਾਂ ਲਈ ਸੜਕਾਂ ਤੇ ਰਹੇ ਜੂਝ ਸਰਕਾਰੇ ਨੀ

ਮਾਨਸਿਕ ਬੌਧਿਕ ਸਰੀਰਕ ਤੇ ਕਿਰਤ ਦੀ ਮੱਚੀ ਲੁੱਟ ਹੈ
ਬੇਹਾਲ ਚੌਕਾਂ ਵਿੱਚ ਮਜ਼ਦੂਰ ਬੈਠੇ ਕਿਵੇਂ ਸਿਰ ਸੁੱਟ ਹੈ
ਬੇਵੱਸ ਖਰਚੇ ਤੋਂ ਤੰਗ ਘਰੋਂ ਫਿਰਦੇ ਨੇ ਮਾਰੇ ਮਾਰੇ ਨੀ
ਕਿਰਤੀ ਨੇ ਹੱਕਾਂ ਲਈ ਸੜਕਾਂ ਤੇ ਰਹੇ ਜੂਝ ਸਰਕਾਰੇ ਨੀ

ਕਿਰਤੀ ਤੇ ਕੰਮੀਆਂ ਦੇ ਬੱਚੇ ਨੇ ਪੜ੍ਹਾਈ ਤੋਂ ਵੀ ਵਾਂਝੇ ਕਰਤੇ
ਚੁੱਲ੍ਹੇ ਵਿੱਚ ਅੱਗ ਨਹੀਂ ਪੜਾਈਆਂ ਮਹਿੰਗੀਆਂ ਦੇ ਚੁੱਕੇ ਕਿੱਥੋਂ ਖਰਚੇ
ਚੋਣਾਂ ਵੇਲੇ ਆਉਣ ਸਰਮਾਏਦਾਰ ਲਾਕੇ ਤੁਰ ਜਾਣ ਲਾਰੇ ਨੀ
ਕਿਰਤੀ ਨੇ ਹੱਕਾਂ ਲਈ ਸੜਕਾਂ ਤੇ ਰਹੇ ਜੂਝ ਸਰਕਾਰੇ ਨੀ


ਅੱਜ ਵੀ ਮਲਿਕ ਭਾਗੋਆਂ ਦੇ ਅੱਗੇ ਭਾਈ ਲਾਲੋ ਬੇਵੱਸ ਨੇ
ਲੁੱਟ ਲੁੱਟ ਖਾਣੀ ਮਜ਼ਦੂਰਾਂ ਦੀ ਕਿਰਤ ਸਮਝਣ ਹੱਕ ਨੇ
ਬੀਂਬੜ ਦਾ ਮੱਟੂ ਕਹੇ ਸਦੀਆਂ ਤੋਂ ਅੱਜ ਵੀ ਨੇ ਕੱਚੇ ਢਾਰੇ ਨੀ
ਕਿਰਤੀ ਨੇ ਹੱਕਾਂ ਲਈ ਸੜਕਾਂ ਤੇ ਰਹੇ ਜੂਝ ਸਰਕਾਰੇ ਨੀ।



**ਇੰਜੀ ਸਤਨਾਮ ਸਿੰਘ ਮੱਟੂ**
91-97797-08257

# 15 ਮਾਰਚ ਲਈ ਬਹੁਜਨ ਆਗੂ ਅਤੇ ਬੀਐਸਪੀ ਦੇ ਸੰਸਥਾਪਕ ਸਾਹਿਬ ਸ੍ਰੀ ਕਾਂਸ਼ੀ ਰਾਮ ਦੇ ਜਨਮ ਦਿਵਸ ਸਬੰਧੀ ਵਿਸ਼ੇਸ਼

ਭਾਰਤ ਦੀ ਅਬਾਦੀ ਦਾ ਵੱਡਾ ਹਿੱਸਾ ਸਮਾਜਿਕ ਅਤੇ ਧਾਰਮਿਕ ਕੁਰੀਤੀ ਜਾਤ ਅਧਾਰਤ ਵਿਤਕਰੇ ਦਾ ਸ਼ਿਕਾਰ ਰਿਹਾ ਹੈ। ਇਸ ਵਿੱਤਕਰੇ ਨੂੰ ਖਤਮ ਕਰਨ ਲਈ ਸਮੇਂ ਸਮੇਂ ਤੇ ਕਈ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਆਗੂਆਂ ਨੇ ਮੁਹਿੰਮ ਚਲਾਈ ਹੈ। 15 ਅਗੱਸਤ 1947 ਨੂੰ ਦੇਸ਼ ਅਜ਼ਾਦ ਹੋ ਗਿਆ ਪਰ ਜਾਤ ਪਾਤ ਅਧਾਰਿਤ ਵਿਤਕਰੇ ਤੋਂ ਬਹੁਤੇ ਲੋਕਾਂ ਨੂੰ ਅਜਾਦੀ ਨਾਂ ਮਿਲ ਸਕੀ। ਇਸ ਅਜਾਦੀ ਦੀ ਲੋਅ ਅਛੂਤਾਂ ਅਤੇ ਪੱਛੜੇ ਵਰਗਾਂ ਦੇ ਘਰਾਂ ਤੱਕ ਪਹੁੰਚਾਣ ਲਈ ਦਲਿਤ ਆਗੂ ਅਤੇ ਬਹੁਜਨ ਸਮਾਜ ਪਾਰਟੀ ਦੇ ਸੰਸਥਾਪਕ ਬਾਬੂ ਕਾਂਸ਼ੀ ਰਾਮ ਜਿਨ੍ਹਾਂ ਨੂੰ ਸਾਹਿਬ ਅਤੇ ਮਾਨਿਆਵਾਰ ਵੀ ਕਿਹਾ ਜਾਂਦਾ ਹੈ ਨੇ ਮੁਹਿੰਮ ਚਲਾਈ ਅਤੇ ਉੱਤਰ ਪ੍ਰਦੇਸ਼ ਵਰਗੇ ਸੂੱਬੇ ਵਿੱਚ ਸਰਕਾਰ ਬਣਾਕੇ ਮਨੂਵਾਦੀ ਸੱਤਾਧਾਰੀ ਪ੍ਰਥਾ ਨੂੰ ਤੋੜਿਆ। ਸਾਹਿਬ ਕਾਂਸ਼ੀ ਰਾਮ ਦਾ ਜਨਮ 15 ਮਾਰਚ 1934 ਨੂੰ ਉਨ੍ਹਾਂ ਦੇ ਨਾਨਕੇ ਘਰ ਨਾਨਾ ਸਾਹਿਬ ਦਿਤਾ ਅਤੇ ਨਾਨੀ ਪ੍ਰਸਿੰਨੀ ਦੇਵੀ ਨੰਗਲ-ਚੰਡੀਗੜ੍ਹ ਮੁੱਖ ਮਾਰਗ ਤੇ ਬੁੰਗਾ ਸਾਹਿਬ ਕੋਲ ਪੈਂਦੇ ਪਿੰਡ ਪ੍ਰਿਥੀਪੁਰ ਜਿਲ੍ਹਾ ਰੂਪਨਗਰ ਵਿੱਚ ਹੋਇਆ। ਆਪ ਮਾਤਾ ਸਵਰਗੀ ਬਿਸ਼ਨ ਕੌਰ ਅਤੇ ਪਿਤਾ ਹਰੀ ਸਿੰਘ ਦੇ 7 ਬੱਚਿਆਂ ਵਿਚੋਂ ਸਭ ਤੋਂ ਵੱਡੇ ਸਨ ਅਤੇ ਚਮਾਰ ਜਾਤ ਨਾਲ ਸਬੰਧ ਰੱਖਦੇ ਸਨ ਜੋਕਿ ਕਈ ਹੋਰ ਜਾਤਾਂ ਵਾਂਗ ਹੀ ਸਦੀਆਂ ਤੋਂ ਅਛੂਤ ਰਹੀ ਹੈ। ਆਪ ਦਾ ਪਰਿਵਾਰ ਨੰਗਲ-ਚੰਡੀਗੜ੍ਹ ਮੁੱਖ ਮਾਰਗ ਤੇ ਰੂਪਨਗਰ ਜਿਲ੍ਹੇ ਦੇ ਪਿੰਡ ਖੁਆਸਪੁਰਾ ਵਿੱਚ ਰਹਿੰਦਾ ਸੀ ਅਤੇ ਪਰਿਵਾਰ ਦੇ ਬਾਕੀ ਮੈਂਬਰਾਂ ਦੇ ਨਾਮ ਸਿੱਖ ਧਰਮ ਨਾਲ ਸਬੰਧਿਤ ਸਨ ਪ੍ਰੰਤੂ ਆਪ ਦਾ ਜਨਮ ਨਾਨਕੇ ਪਿੰਡ ਹੋਣ ਕਾਰਨ ਉਨ੍ਹਾਂ ਦਾ ਨਾਮ ਕਾਂਸ਼ੀ ਰਾਮ ਰੱਖਿਆ ਗਿਆ। ਆਪ ਦਾ ਨਾਨੀ ਨਾਲ ਗੂੜ੍ਹਾ ਪਿਆਰ ਸੀ ਜਿਸ ਕਰਕੇ ਅਕਸਰ ਨਾਨਕੇ ਪਿੰਡ ਜਾਂਦੇ ਰਹਿੰਦੇ ਸਨ ਅਤੇ ਆਪਣਾ ਮਕਾਨ ਵੀ ਨਾਨਕੇ ਪਿੰਡ ਵਿੱਚ ਹੀ ਬਣਾਇਆ ਸੀ। ਆਪ ਨੇ ਮੁਢਲੀ ਪੜ੍ਹਾਈ ਪਿੰਡ ਮਲਿਕਪੁਰ ਦੇ ਸਰਕਾਰੀ ਸਕੂਲ ਅਤੇ ਇਸਲਾਮਿਕ ਸਕੂਲ ਰੋਪੜ ਤੋਂ ਕਰਨ ਉਪਰੰਤ ਸਰਕਾਰੀ ਕਾਲਜ ਰੋਪੜ ਤੋਂ 1956 ਵਿੱਚ ਵਿਗਿਆਨ ਵਿਸ਼ੇ ਵਿੱਚ ਗ੍ਰੈਜੂਏਸ਼ਨ ਕੀਤੀ। ਇਸ ਦੌਰਾਨ ਆਪ ਦੀ ਮੰਗਣੀ ਇੱਕ ਕਾਂਗਰਸੀ ਵਿਧਾਇਕ ਦੀ ਲੜਕੀ ਨਾਲ ਹੋ ਚੁੱਕੀ ਸੀ ਪਰ ਆਪ ਨੇ ਵਿਆਹ ਕਰਵਾਉਣ ਤੋਂ ਮਨ੍ਹਾਂ ਕਰ ਦਿਤਾ ਅਤੇ ਸਾਰੀ ਉਮਰ ਵਿਆਹ ਨਹੀਂ ਕਰਵਾਇਆ। 1957 ਵਿੱਚ ਆਪ ਨੇ ਸਰਵੇ ਆਫ ਇੰਡੀਆ ਦੀ ਪ੍ਰੀਖਿਆ ਪਾਸ ਕੀਤੀ ਅਤੇ ਇਸਦੀ ਟ੍ਰੇਨਿੰਗ ਲਈ ਦੇਹਰਾਦੂਨ ਚੱਲੇ ਗਏ। ਇਸ ਟ੍ਰੇਨਿੰਗ ਲਈ ਸਮੂਹ ਸਿਖਿਆਰਥੀਆਂ ਨੂੰ ਇੱਕ ਬਾਂਡ ਭਰਨ ਲਈ ਕਿਹਾ ਗਿਆ ਜਿਸ ਅਨੁਸਾਰ ਇੱਕ ਨਿਸ਼ਚਿਤ ਸਮੇਂ ਲਈ ਸਰਵੇ ਆਫ ਇੰਡੀਆ ਵਿੱਚ ਨੌਕਰੀ ਕਰਨਾ ਜਰੂਰੀ ਸੀ ਪਰੰਤੂ ਆਪ ਨੇ ਮਨ੍ਹਾਂ ਕਰ ਦਿੱਤਾ ਅਤੇ ਇਹ ਟ੍ਰੇਨਿੰਗ ਛੱਡਕੇ ਵਾਪਸ ਆ ਗਏ। ਇਸਤੋਂ ਬਾਦ ਆਪ ਨੇ ਰੱਖਿਆ ਉਤਪਾਦਨ ਵਿਭਾਗ ਪੂਨਾ ਵਿੱਚ ਸਹਾਇਕ ਵਿਗਿਆਨੀ ਦੇ ਤੌਰ ਤੇ ਨੌਕਰੀ ਸ਼ੁਰੂ ਕੀਤੀ। 1965 ਵਿੱਚ ਉਨ੍ਹਾਂ ਨੇ ਅਪਣੇ ਅਦਾਰੇ ਵਿੱਚ ਇੱਕ ਹੋਰ ਅਛੂਤ ਸਟਾਫ ਮੈਂਬਰ ਦੀਨਾ ਭਾਨਾ ਨਾਲ ਮਿਲਕੇ ਡਾਕਟਰ ਅੰਬੇਡਕਰ ਅਤੇ ਮਹਾਤਮਾ ਬੁੱਧ ਦੇ ਜਨਮ ਦਿਵਸ ਸਬੰਧੀ ਹੋਣ ਵਾਲੀਆਂ ਛੁੱਟੀਆਂ ਪ੍ਰਬੰਧਕਾਂ ਵਲੋਂ ਰੱਦ ਕਰਨ ਦੇ ਵਿਰੋਧ ਵਿੱਚ ਰੋਸ ਪ੍ਰਦਰਸ਼ਨ ਕੀਤਾ ਅਤੇ ਸੰਘਰਸ ਕਰਕੇ ਬੰਦ ਕੀਤੀਆਂ ਗਈਆਂ ਇਹ ਛੁੱਟੀਆਂ ਮੁੜ੍ਹ ਸ਼ੁਰੂ ਕਰਵਾਈਆਂ। ਇਸ ਤੋਂ ਬਾਦ ਆਪ ਨੇ 1971 ਵਿੱਚ ਅਪਣੀ ਇਸ ਨੌਕਰੀ ਤੋਂ ਤਿਆਗ ਪੱਤਰ ਦੇ ਦਿਤਾ ਅਤੇ ਦੇਸ਼ ਵਿੱਚ ਦਲਿਤਾਂ ਨੂੰ ਜਾਗਰੂਕ ਕਰਨ ਲਈ ਮੁਹਿੰਮ ਸ਼ੁਰੂ ਕਰ ਦਿਤੀ ਅਤੇ ਅਨੁਸੂਚਿਤ ਜਾਤੀ, ਅਨੁਸੂਚਿਤ ਜਨਜਾਤੀ, ਹੋਰ ਪੱਛੜੀਆਂ ਜਾਤੀਆਂ ਅਤੇ ਘੱਟ ਗਿਣਤੀ ਕਰਮਚਾਰੀ ਵੈਲਫੇਅਰ ਸੰਸਥਾ ਬਾਮਸੇਫ ਦੀ ਸਥਾਪਨਾ ਕੀਤੀ। ਆਪ ਨੇ ਸ਼ੁਰੂ ਵਿੱਚ ਰਿਪਬਲਿਕਨ ਪਾਰਟੀ ਆਫ ਇੰਡੀਆ ਦਾ ਸਮਰਥਨ ਕੀਤਾ ਪਰ ਭਾਰਤੀ ਰਾਸ਼ਟਰੀ ਕਾਂਗਰਸ ਨਾਲ ਇਸ ਦੇ ਸਹਿਯੋਗ ਕਾਰਨ ਨਰਾਜ ਹੋ ਗਏ। । ਆਪ ਨੇ ਕਿਹਾ ਕਿ ਪਾਰਟੀ ਪਹਿਲੀ ਚੋਣ ਹਾਰਨ ਲਈ ਅਗਲੀ ਚੋਣ ਜਿੱਤਣ ਲਈ ਅਤੇ ਤੀਜੀ ਚੋਣ ਜਿੱਤਣ ਲਈ ਲੜੇਗੀ। ਆਦਿ ਧਰਮ ਲਹਿਰ ਦੇ ਆਗੂ ਅਤੇ ਸੰਸਥਾਪਕ ਬਾਬੂ ਮੰਗੂ ਰਾਮ ਮੁਗੋਵਾਲੀਆ ਅਤੇ ਡਾਕਟਰ ਭੀਮ ਰਾਓ ਅੰਬੇਡਕਰ ਤੋਂ ਬਾਅਦ ਉਹਨਾਂ ਨੇ ਦੇਸ਼ ਦੇ ਦਲਿਤਾਂ ਨੂੰ ਸਹੀ ਅਰਥਾਂ ਵਿੱਚ ਏਕੇ ਦੇ ਸੂਤਰ ਵਿੱਚ ਬੰਨਣ ਦਾ ਸੁਪਨਾ ਸੱਚ ਕਰ ਦਿਖਾਇਆ। ਆਪ ਨੇ ਮੌਜੂਦਾ ਦਲਿਤ ਲੀਡਰਸ਼ਿਪ ਨੂੰ ਨਕਾਰਦਿਆਂ ਕਿਹਾ ਕਿ ਪੂਨਾ ਪੈਕਟ ਜੋਕਿ ਡਾਕਟਰ ਭੀਮ ਰਾਓ ਅੰਬੇਡਕਰ ਅਤੇ ਕਾਂਗਰਸੀ ਆਗੂ ਮੋਹਨ ਦਾਸ ਕਰਮ ਚੰਦ ਗਾਂਧੀ ਵਿਚਕਾਰ ਸਮਝੌਤਾ ਸੀ ਨੇ ਸਿਰਫ ਚੰਮਚੇ ਹੀ ਪੈਦਾ ਕੀਤੇ ਹਨ। ਉਹ ਅਕਸਰ ਪੂਨਾ ਪੈਕਟ ਦੀ ਵਿਰੋਧਤਾ ਕਰਦਿਆਂ ਕਹਿੰਦੇ ਸਨ ਕਿ ਇਸ ਸਮਝੌਤੇ ਕਾਰਨ ਪੀ ਐਮ ਰਾਮਸੇ ਮੈਕਡੋਨਲਡ ਦੇ ਕ-ਮਊਨਲ ਐਵਾਰਡ ਦੁ-ਆਰਾ ਦਿੱਤੇ ਗਏ ਵੱਖਰੇ ਵੋਟ ਦੇ ਅਧਿਕਾਰ ਤੋਂ ਸਦੀਆਂ ਤੋਂ ਲਿਤਾੜੇ ਵਰਗਾਂ ਨੂੰ ਬਾਂਝੇ ਰਹਿਣਾ ਪਿਆ ਹੈ। ਆਪ ਨੇ ਇਸ ਸਬੰਧੀ ਅਪਣੀ ਕਿਤਾਬ ਚੰਮਚਾ ਯੁੱਗ ਵਿੱਚ ਵਿਸਥਾਰ ਵਿੱਚ ਵਰਣਨ ਕੀਤਾ ਹੈ। ਆਪ ਨੇ ਦਲੀਲ ਦਿੱਤੀ ਕਿ ਦਲਿਤਾਂ ਨੂੰ ਦੂਜੀਆਂ ਪਾਰਟੀਆਂ ਨਾਲ ਕੰਮ ਕਰਕੇ ਸਮਝੌਤਾ ਕਰਨ ਦੀ ਬਜਾਏ ਆਪਣੇ ਹਿੱਤਾਂ ਲਈ ਕੰਮ ਕਰਨਾ ਚਾਹੀਦਾ ਹੈ। 1973 ਵਿੱਚ ਬੈਕਵਰਡ ਐਂਡ ਮਾਇਨਾਰਿਟੀ ਕਮਿਉਨਿਟੀ ਇੰਮਪਲਾਇਜ਼ ਫੈਡਰੇਸ਼ਨ -ਬਾਮਸੇਫ ਦੀ ਸਥਾਪਨਾ ਕੀਤੀ ਅਤੇ ਇਸਦਾ ਦਫਤਰ 1976 ਵਿੱਚ ਦਿੱਲੀ ਵਿੱਚ ਖੋਲਿਆ ਗਿਆ। ਇਸ ਸੰਸਥਾ ਦਾ ਮੁੱਖ ਉਦੇਸ਼ ਡਾਕਟਰ ਅੰਬੇਡਕਰ ਵਲੋਂ ਦਿੱਤੇ ਗਏ ਪੜ੍ਹੋ, ਜੁੜੋ ਅਤੇ ਸੰਘਰਸ਼ ਕਰੋ ਰੱਖਿਆ ਗਿਆ। ਆਪ ਨੇ ਡਾਕਟਰ ਅੰਬੇਡਕਰ ਅਤੇ ਸਮਾਜ ਦੇ ਹੋਰ ਰਹਿਵਰਾਂ ਦੇ ਵਿਚਾਰ ਲੋਕਾਂ ਤੱਕ ਪਹੁੰਚਾਣ ਲਈ ਅਪਣੇ ਸਾਥੀਆਂ ਨਾਲ ਸਾਇਕਲ ਯਾਤਰਾ ਕੀਤੀ ਅਤੇ ਬਹੁਜਨ ਹਿਤਾਏ, ਬਹੁਜਨ ਸੁਖਾਏ ਲਹਿਰ ਚਲਾਈ। ਸਾਲ 1980 ਵਿੱਚ ਆਪ ਨੇ ਅੰਬੇਡਕਰ ਮੇਲਾ ਨਾਮ ਤੇ ਪੈਦਲ ਯਾਤਰਾ ਕੀਤੀ। ਡਾਕਟਰ ਅੰਬੇਡਕਰ ਦੇ ਪ੍ਰੀਨਿਰਵਾਣ ਦਿਵਸ ਮੌਕੇ 6 ਦਸੰਬਰ 1981 ਨੂੰ ਦਲਿਤ ਸ਼ੋਸ਼ਿਤ ਸਮਾਜ ਸੰਘਰਸ਼ ਸਮਿਤੀ ਡੀ ਐਸ-4 ਨਾਮ ਦਾ ਸਮਾਜਿਕ ਸੰਗਠਨ ਤਿਆਰ ਕੀਤਾ ਅਤੇ ਡਾਕਟਰ ਅੰਬੇਡਕਰ ਦੇ ਜਨਮ ਦਿਵਸ ਮੌਕੇ 14 ਅਪ੍ਰੈਲ 1984 ਨੂੰ ਰਾਜਨੀਤਿਕ ਪਾਰਟੀ ਬਹੁਜਨ ਸਮਾਜ ਪਾਰਟੀ (ਬੀ ਐਸ ਪੀ) ਬਣਾ ਦਿਤੀ ਅਤੇ ਕਰੋੜ੍ਹਾਂ ਦਲਿਤਾਂ ਦਾ ਸੁਪਨਾ ਪੂਰਾ ਕਰਨ ਲਈ ਦੇਸ਼ ਦੀ ਸੱਤਾ ਤੇ ਕਾਬਜ ਹੋਣ ਦਾ ਐਲਾਨ ਕਰ ਦਿਤਾ। ਉਸਨੇ ਆਪਣੀ ਪਹਿਲੀ ਚੋਣ 1984 ਵਿੱਚ ਛੱਤੀਸਗੜ੍ਹ ਵਿੱਚ ਲੜੀ। 1988 ਵਿੱਚ ਉਸਨੇ ਇਲਾਹਾਬਾਦ ਸੀਟ ਤੋਂ ਵੀ.ਪੀ. ਸਿੰਘ ਦੇ ਖਿਲਾਫ ਚੋਣ ਲੜੀ ਅਤੇ ਪ੍ਰਭਾਵਸ਼ਾਲੀ ਪ੍ਰਦਰਸ਼ਨ ਕੀਤਾ ਪਰ 70000 ਦੇ ਕਰੀਬ ਵੋਟਾਂ ਨਾਲ ਹਾਰ ਹੋਈ। 1989 ਵਿੱਚ ਪੂਰਬੀ ਦਿੱਲੀ ਤੋਂ ਐਚ.ਕੇ.ਐਲ. ਭਗਤ ਦੇ ਵਿਰੁੱਧ ਅਤੇ ਅਮੇਠੀ ਵਿੱਚ ਰਾਜੀਵ ਗਾਂਧੀ ਦੇ ਵਿਰੁੱਧ ਚੋਣ ਲੜੀ ਅਤੇ ਦੋਵਾਂ ਸੀਟਾਂ ਤੇ ਤੀਜੇ ਸਥਾਨ ਤੇ ਰਹੇ। ਉਸਨੇ ਹੁਸ਼ਿਆਰਪੁਰ ਤੋਂ 11ਵੀਂ ਲੋਕ ਸਭਾ ਦੀ ਨੁਮਾਇੰਦਗੀ ਕੀਤੀ ਅਤੇ ਉੱਤਰ ਪ੍ਰਦੇਸ਼ ਦੇ ਇਟਾਵਾ ਤੋਂ ਲੋਕ ਸਭਾ ਦੇ ਮੈਂਬਰ ਵਜੋਂ ਵੀ ਚੁਣੇ ਗਏ। 1992 ਵਿੱਚ ਬਾਬਰੀ ਮਸਜਿਦ ਦੇ ਢਾਹੇ ਜਾਣ ਤੋਂ ਬਾਅਦ ਮੁਲਾਇਮ ਸਿੰਘ ਯਾਦਵ ਅਤੇ ਕਾਂਸ਼ੀ ਰਾਮ ਨੇ ਪੱਛੜੀਆਂ ਅਤੇ ਦਲਿਤ ਜਾਤੀਆਂ ਵਿੱਚ ਏਕਤਾ ਪੈਦਾ ਕਰਕੇ ਫਿਰਕੂ ਤਾਕਤਾਂ ਨੂੰ ਸੱਤਾ ਤੋਂ ਦੂਰ ਰੱਖਣ ਲਈ ਹੱਥ ਮਿਲਾਇਆ। ਯੂਪੀ ਵਿੱਚ ਮੁਲਾਇਮ ਸਿੰਘ ਯਾਦਵ ਦੀ ਅਗਵਾਈ ਵਿੱਚ ਸਮਾਜਵਾਦੀ ਪਾਰਟੀ ਅਤੇ ਬਹੁਜਨ ਸਮਾਜ ਪਾਰਟੀ ਦੀ ਗੱਠਜੋੜ ਵਾਲੀ ਸਰਕਾਰ ਬਣੀ ਪਰੰਤੂ ਇਹ ਗਠਜੋੜ ਜੂਨ 1995 ਵਿੱਚ ਟੁੱਟ ਗਿਆ। 1989 ਦੀਆਂ ਲੋਕ ਸਭਾ ਚੋਣਾਂ ਵਿੱਚ ਬੀ ਐਸ ਪੀ ਨੇ ਦੇਸ਼ ਵਿੱਚ 2.07 ਫਿਸਦੀ ਵੋਟਾਂ ਪ੍ਰਾਪਤ ਕੀਤੀਆਂ ਅਤੇ 3 ਲੋਕ ਸਭਾ ਮੈਂਬਰ ਬਣੇ। 1992 ਵਿੱਚ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਬਹੁਜਨ ਸਮਾਜ ਪਾਰਟੀ ਇੱਕ ਵੱਡੀ ਰਾਜਨੀਤਿਕ ਪਾਰਟੀ ਵਜੋਂ ਸਾਹਮਣੇ ਆਈ ਜਿਸ ਵਿੱਚ 9 ਵਿਧਾਇਕ ਚੁਣੇ ਗਏ ਅਤੇ ਪੰਜਾਬ ਵਿੱਚ ਮੁੱਖ ਵਿਰੋਧੀ ਪਾਰਟੀ ਬਣੀ। ਸਾਲ 1993 ਵਿੱਚ ਦੇਸ਼ ਦੀ ਰਾਜਨੀਤੀ ਦਾ ਗੜ੍ਹ ਰਹਿਣ ਵਾਲੇ ਉੱਤਰ ਪ੍ਰਦੇਸ਼ ਵਿੱਚ ਬੀ ਐਸ ਪੀ ਨੇ 67 ਵਿਧਾਇਕ ਬਣਾਕੇ ਵੱਡੀ ਜਿੱਤ ਹਾਸਲ ਕੀਤੀ। ਆਪ ਦੋ ਵਾਰ 1991 ਅਤੇ 1996 ਵਿੱਚ ਲੋਕ ਸਭਾ ਮੈਂਬਰ ਚੁਣੇ ਗਏ। ਬਸਪਾ ਨੇ 1999 ਦੀਆਂ ਸੰਸਦੀ ਚੋਣਾਂ ਵਿੱਚ 14 ਸੰਸਦੀ ਸੀਟਾਂ ਜਿੱਤੀਆਂ ਸਨ। 18 ਫਰਵਰੀ 2001 ਨੂੰ ਆਦਿ ਧਰਮ ਮੰਡਲ ਦੀ ਸਥਾਪਨਾ ਦੇ 75 ਸਾਲ ਹੋਣ ਤੇ ਬਹੁਜਨ ਸਮਾਜ ਪਾਰਟੀ ਵਲੋਂ ਹੁਸ਼ਿਆਰਪੁਰ ਵਿੱਚ ਇੱਕ ਵਿਸ਼ਾਲ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਆਪ ਨੇ ਆਦਿ ਧਰਮ ਮੁਹਿੰਮ ਦੇ ਸਿਧਾਂਤਾਂ ਤੇ ਚੱਲਣ ਦਾ ਸੁਨੇਹਾ ਦਿਤਾ। 1998 ਵਿੱਚ ਆਪ ਨੇ ਇਹ ਵਾਅਦਾ ਕੀਤਾ ਕਿ ਉਹ ਉਦੋਂ ਤੱਕ ਆਪ ਚੋਣ ਨਹੀਂ ਲੜਨਗੇ ਜਦੋਂ ਤੱਕ ਲੋਕ ਸਭਾ ਵਿੱਚ ਘਟੋ ਘੱਟ 100 ਮੈਂਬਰ ਜਿੱਤਕੇ ਨਹੀਂ ਜਾਂਦੇ ਤਾਂ ਜੋ ਦੇਸ਼ ਦੀ ਸੱਤਾ ਦੀ ਚਾਬੀ ਦਲਿਤਾਂ ਦੇ ਹੱਥਾਂ ਵਿੱਚ ਆ ਸਕੇ। ਉਸਤੋਂ ਬਾਦ ਬਹੁਜਨ ਸਮਾਜ ਪਾਰਟੀ ਬੇਸ਼ੱਕ ਪੰਜਾਬ ਵਿੱਚ ਪੂਰੀ ਤਰਾਂ ਕਾਮਯਾਬ ਨਹੀਂ ਹੋ ਸਕੀ ਪਰ ਉੱਤਰ ਪ੍ਰਦੇਸ਼ ਵਿੱਚ ਬੀ ਐਸ ਪੀ ਨੇ ਕਈ ਵਾਰ ਸਰਕਾਰ ਬਣਾਈ। ਆਪ ਦੇਸ਼ ਦੇ ਬਹੁਜਨ ਸਮਾਜ ਨੂੰ ਪ੍ਰਧਾਨ ਮੰਤਰੀ ਦੀ ਕੁਰਸੀ ਤੇ ਬੈਠਾਉਣਾ ਚਾਹੁੰਦੇ ਸਨ ਪਰ ਸਫਲ ਨਾਂ ਹੋ ਸਕੇ। ਸਵਰਗੀ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਈ ਨੇ ਆਪ ਨੂੰ ਰਾਸ਼ਟਰਪਤੀ ਅਹੁਦੇ ਦੀ ਪੇਸ਼ਕਸ਼ ਕੀਤੀ ਪਰੰਤੂ ਆਪ ਨੇ ਸਾਫ ਕਹਿ ਦਿੱਤਾ ਕਿ ਉਹ ਪ੍ਰਧਾਨ ਮੰਤਰੀ ਬਣਨਾ ਚਾਹੁੰਦੇ ਹਨ ਜਿਸ ਨਾਲ ਉਹ ਦਲਿਤਾਂ ਸਮੇਤ ਬਾਕੀ ਲੋਕਾਂ ਦੇ ਭਲੇ ਲਈ ਕੰਮ ਕਰ ਸਕਣ। ਜਿਸਕੀ ਜਿਤਨੀ ਸੰਖਿਆ ਭਾਰੀ ਉਤਨੀ ਉਸਦੀ ਹਿੱਸੇਦਾਰੀ ਦਾ ਨਾਅਰਾ ਦੇਣ ਵਾਲੇ ਕਾਂਸ਼ੀ ਰਾਮ ਸੱਤਾ ਦਾ ਚਸਕਾ ਪਾਕੇ ਸੱਤਾ ਨੂੰ ਦਲਿਤਾਂ ਦੇ ਦਰਵਾਜੇ ਤੱਕ ਲਿਆਉਣਾ ਚਾਹੁੰਦੇ ਸਨ। ਉਹ ਰਾਸ਼ਟਰਪਤੀ ਬਣਕੇ ਚੁੱਪਚਾਪ ਬੈਠਣ ਲਈ ਤਿਆਰ ਨਹੀਂ ਹੋਏ। ਉਹ ਸ਼ੂਗਰ ਦੀ ਬਿਮਾਰੀ ਤੋਂ ਪੀੜ੍ਹਿਤ ਸਨ ਅਤੇ 1994 ਵਿੱਚ ਦਿਲ ਦਾ ਦੌਰਾ ਪੈ ਗਿਆ। 2003 ਵਿੱਚ ਆਪ ਦੀ ਹਾਲਤ ਹੋਰ ਜਿਆਦਾ ਖਰਾਬ ਹੋ ਗਈ ਅਤੇ 2004 ਤੋਂ ਬਾਦ ਹਰ ਤਰਾਂ ਦੇ ਜਨਤਕ ਪ੍ਰੋਗਰਾਮਾਂ ਵਿੱਚ ਜਾਣਾ ਬੰਦ ਕਰ ਦਿਤਾ। ਅੰਤ ਮਿਤੀ 09 ਅਕਤੂਬਰ 2006 ਨੂੰ ਸਦੀਵੀ ਵਿਛੋੜਾ ਦੇ ਗਏ। ਆਪ ਦੀ ਮੌਤ ਤੇ ਸ਼ੋਕ ਸੰਦੇਸ਼ ਵਿੱਚ ਉਸ ਵੇਲੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਕਾਂਸ਼ੀ ਰਾਮ ਨੂੰ ਸਮੇਂ ਦੇ ਮਹਾਨ ਸਮਾਜ ਸੁਧਾਰਕਾਂ ਵਿੱਚੋਂ ਇੱਕ ਦੱਸਿਆ। ਆਪ ਦੇ ਭਾਸ਼ਨਾਂ ਨੂੰ ਅਨੁਜ ਕੁਮਾਰ ਦੁਆਰਾ ਬਹੁਜਨ ਨਾਇਕ ਕਾਂਸ਼ੀ ਰਾਮ ਦੇ ਭਾਸ਼ਨ, ਐਸ.ਐਸ. ਗੌਤਮ ਅਤੇ ਏ.ਆਰ. ਦੁਆਰਾ ਸੰਕਲਿਤ ਕਾਂਸ਼ੀਰਾਮ ਦੀਆਂ ਲਿਖਤਾਂ ਅਤੇ ਭਾਸ਼ਨ ਵਰਗੀਆਂ ਕਿਤਾਬਾਂ ਵਿੱਚ ਸੰਕਲਿਤ ਕੀਤਾ ਗਿਆ ਹੈ। ਉੱਤਰ ਪ੍ਰਦੇਸ਼ ਵਿੱਚ ਕਾਂਸ਼ੀ ਰਾਮ ਦੇ ਨਾਮ ਉੱਤੇ ਕਈ ਸਰਕਾਰੀ ਪ੍ਰੋਗਰਾਮ ਅਤੇ ਸਕੀਮਾਂ ਅਤੇ ਜਨਤਕ ਸੰਸਥਾਵਾਂ ਹਨ। ਉਨ੍ਹਾਂ ਦੇ ਜਨਮ ਸਥਾਨ ਪਿਰਥੀਪੁਰ ਬੁੰਗਾ ਸਾਹਿਬ ਵਿੱਚ ਉਨ੍ਹਾਂ ਦੀ ਮੂਰਤੀ ਦੇ ਨਾਲ ਇੱਕ ਯਾਦਗਾਰ ਹੈ। ਲਖਨਊ ਵਿੱਚ ਗ੍ਰੀਨ ਈਕੋ ਗਾਰਡਨ ਦਾ ਨਾਮ ਉਹਨਾਂ ਦੀ ਯਾਦ ਵਿੱਚ ਰੱਖਿਆ ਗਿਆ ਹੈ। 2017 ਵਿੱਚ ਇੱਕ ਹਿੰਦੀ ਭਾਸ਼ਾ ਦੀ ਬਾਇਓਪਿਕ ਫਿਲਮ ਦਾ ਗ੍ਰੇਟ ਲੀਡਰ ਕਾਂਸ਼ੀ ਰਾਮ ਰਿਲੀਜ਼ ਕੀਤੀ ਗਈ ਸੀ ਜਿਸਦਾ ਨਿਰਦੇਸ਼ਨ ਅਤੇ ਨਿਰਮਾਣ ਅਰਜੁਨ ਸਿੰਘ ਦੁਆਰਾ ਕੀਤਾ ਗਿਆ ਸੀ। ਪੰਜਾਬੀ ਵਿੱਚ ਵੀ ਪੰਮੀ ਲਾਲੋ ਮਜਾਰਾ ਵਲੋਂ ਮੈਂ ਕਾਂਸ਼ੀ ਰਾਮ ਬੋਲਦਾ ਕਿਤਾਬ ਲਿਖੀ ਗਈ ਹੈ। ਉਨ੍ਹਾਂ ਦੇ ਪਰਿਵਾਰ ਵਲੋਂ ਬਾਬੂ ਕਾਂਸ਼ੀ ਰਾਮ ਮੈਮੋਰੀਅਲ ਟਰੱਸਟ ਬਣਾਇਆ ਗਿਆ ਹੈ ਜਿਸ ਵਲੋਂ ਬਾਬੂ ਜੀ ਦੀ ਯਾਦ ਵਿੱਚ ਉਨ੍ਹਾਂ ਦੇ ਨਾਨਕੇ ਪਿੰਡ ਪ੍ਰਿਥੀਪੁਰ ਬੁੰਗਾ ਵਿੱਚ ਬਾਬੂ ਕਾਂਸ਼ੀ ਰਾਮ ਨਾਲ ਜੁੜ੍ਹੀਆਂ ਵਸਤਾਂ ਦੀ ਇੱਕ ਲਾਇਬ੍ਰੇਰੀ ਤਿਆਰ ਕੀਤੀ ਗਈ ਹੈ। ਇਸ ਟਰਸਟ ਦਾ ਨੀਂਹ ਪੱਥਰ ਮੌਜੂਦਾ ਬੀ ਐਸ ਪੀ ਸੁਪਰੀਮੋ ਕੁਮਾਰੀ ਮਾਇਆਵਤੀ ਨੇ 01 ਅਗਸਤ, 1997 ਨੂੰ ਰੱਖਿਆ ਸੀ ਅਤੇ ਇਸਦਾ ਉਦਘਾਟਨ 15 ਮਾਰਚ, 2013 ਨੂੰ ਪੀ ਐਲ ਪੂਨੀਆ ਚੇਅਰਮੈਨ ਰਾਸ਼ਟਰੀ ਅਨੁਸੂਚਿਤ ਜਾਤਿ ਆਯੋਗ ਨੇ ਕੀਤਾ ਸੀ। ਕਾਂਗਰਸੀ ਆਗੂ ਸ਼ਮਸ਼ੇਰ ਸਿੰਘ ਦੂਲੋਂ ਵਲੋਂ ਇਸ ਪਿੰਡ ਵਿੱਚ ਵਿਸੇਸ ਤੌਰ ਤੇ ਇੱਕ ਭਵਨ ਬਣਵਾਇਆ ਗਿਆ ਹੈ। ਬਾਬੂ ਕਾਂਸ਼ੀ ਰਾਮ ਬੇਸ਼ੱਕ ਬਹੁਜਨ ਸਮਾਜ ਪਾਰਟੀ ਨਾਲ ਹੀ ਜੁੜ੍ਹੇ ਰਹੇ ਪਰੰਤੂ ਹੁਣ ਉਨ੍ਹਾਂ ਨੂੰ ਹਰ ਰਾਜਨੀਤਿਕ ਪਾਰਟੀ ਪੂਰਾ ਮਾਣ ਸਨਮਾਨ ਦਿੰਦੀ ਹੈ ਅਤੇ ਸਮੇਂ ਸਮੇਂ ਤੇ ਸਮਾਜਿਕ, ਧਾਰਮਿਕ ਅਤੇ ਵੱਖ ਵੱਖ ਰਾਜਨੀਤਿਕ ਪਾਰਟੀਆਂ ਦੇ ਹੋਰ ਆਗੂ ਇਸ ਟਰੱਸਟ ਵਿੱਚ ਆਂਦੇ ਹਨ ਅਤੇ ਬਾਬੂ ਜੀ ਦੇ ਸੰਘਰਸ਼ਮਈ ਜੀਵਨ ਤੋਂ ਸੇਧ ਲੈਂਦੇ ਹਨ। ਹਰ ਸਾਲ ਦੀ ਤਰ੍ਹਾਂ ਅੱਜ ਇਸ ਟਰੱਸਟ ਵਲੋਂ ਬਾਬੂ ਜੀ ਦੇ ਜਨਮ ਦਿਵਸ ਸਬੰਧੀ ਵਿਸੇਸ ਸਮਾਗਮ ਕਰਵਾਇਆ ਜਾ ਰਿਹਾ ਹੈ ਜਿਸ ਵਿੱਚ ਵੱਖ ਵੱਖ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਆਗੂ ਪਹੁੰਚਕੇ ਉਨ੍ਹਾਂ ਦੇ ਸੰਘਰਸ਼ਮਈ ਜੀਵਨ ਬਾਰੇ ਵਿਚਾਰ ਵਟਾਂਦਰਾ ਕਰਨਗੇ।





ਕੁਲਦੀਪ ਚੰਦ
91-9417563054

# ਅਰਪਨ ਸੋਸਾਇਟੀ ਨੇ ਰਾਸ਼ਟਰੀ ਵਿਗਿਆਨ ਦਿਵਸ ਸਬੰਧੀ ਪ੍ਰੋਗਰਾਮ ਦਾ ਆਯੋਜਨ ਕੀਤਾ

**ਚੰਡੀਗੜ੍ਹ-** ਅਰਪਨ ਸੋਸਾਇਟੀ ਵੱਲੋਂ ਐਨ ਸੀ ਐਸ ਟੀ ਸੀ, ਡੀ ਐਸ ਟੀ ਅਤੇ ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨੌਲੋਜੀ, ਚੰਡੀਗੜ੍ਹ ਅਤੇ ਭਾਰਤ ਸਰਕਾਰ ਦੇ ਸਹਿਯੋਗ ਨਾਲ ਨੰਗਲ ਵਿੱਚ ਰਾਸ਼ਟਰੀ ਵਿਗਿਆਨ ਦਿਵਸ ਸਬੰਧੀ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ। ਇਸ ਪ੍ਰੋਗਰਾਮ ਵਿੱਚ ਇੰਜਨੀਅਰ ਤਰਸੇਮ ਸਹੋਤਾ, ਹੈਲਥ ਵਰਕਰ ਮੈਡਮ ਸੁਨੀਤਾ ਦੇਵੀ, ਰੀਮਾ ਦੇਵੀ ਵਿਸ਼ੇਸ਼ ਤੌਰ ਤੇ ਪਹੁੰਚੇ। ਇਸ ਪ੍ਰੋਗਰਾਮ ਵਿੱਚ ਵਿਦਿਆਰਥੀਆਂ ਵਾਨੀ, ਵਿਦੁਸ਼ੀ, ਅਭਿਸ਼ੇਕ, ਨੇਹਾ, ਮਧੂ ਮਾਲਾ, ਪੂਜਾ, ਅਰਚਨਾ, ਪਲਕ, ਅਨੀਸ਼ਾ, ਸੁਰਿੰਦਰ ਕੌਰ ਆਦਿ ਨੇ ਵਿਗਿਆਨ ਸਬੰਧੀ ਅਪਣੇ ਵਿਚਾਰਾਂ ਦਾ ਪ੍ਰਗਟਾਵਾ ਕੀਤਾ। ਤਰਸੇਮ ਸਹੋਤਾ ਨੇ ਵਿਗਿਆਨ ਦੀ ਮਹੱਤਤਾ ਬਾਰੇ ਦੱਸਿਆ ਅਤੇ ਕਿਹਾ ਕਿ ਵਿਗਿਆਨ ਦੀਆਂ ਕਾਢਾਂ ਕਾਰਨ ਹੀ ਅੱਜ ਪੂਰੀ ਦੁਨੀਆਂ ਤਰੱਕੀ ਕਰ ਰਹੀ ਹੈ ਅਤੇ ਸਾਨੂੰ ਸਭਨੂੰ ਵਿਗਿਆਨਕ ਸੋਚ ਅਪਣਾਉਣੀ ਚਾਹੀਦੀ ਹੈ।

ਉਨ੍ਹਾਂ ਕਿਹਾ ਜੀਵਨ ਦੀ ਸੌਖ ਲਿਆਉਣ ਲਈ ਹਰ ਘਰ ਦੁਆਰਾ ਵਿਗਿਆਨ ਦੀ ਵਰਤੋਂ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਰਾਸ਼ਟਰੀ ਵਿਗਿਆਨ ਦਿਵਸ ਦੇਸ਼ ਅਤੇ ਵਿਦੇਸ਼ ਵਿੱਚ ਲੋਕਾਂ ਅਤੇ ਵਿਗਿਆਨਕ ਭਾਈਚਾਰੇ ਨੂੰ ਇਕੱਠੇ ਆਉਣ, ਇਕੱਠੇ ਕੰਮ ਕਰਨ ਅਤੇ ਮਨੁੱਖਤਾ ਦੀ ਭਲਾਈ ਲਈ ਖੁਸ਼ੀ ਦਾ ਅਨੁਭਵ ਕਰਨ ਦੇ ਮੌਕੇ ਪ੍ਰਦਾਨ ਕਰਨ ਲਈ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਕਰਦਾ ਹੈ। ਅਰਪਨ ਸੰਸਥਾ ਦੇ ਡਾਇਰੈਕਟਰ ਕੁਲਦੀਪ ਚੰਦ ਨੇ ਦੱਸਿਆ ਕਿ ਭਾਰਤ ਵਿੱਚ ਹਰ ਸਾਲ 28 ਫਰਵਰੀ ਨੂੰ ਰਾਸ਼ਟਰੀ ਵਿਗਿਆਨ ਦਿਵਸ ਵਜੋਂ ਮਨਾਇਆ ਜਾਂਦਾ ਹੈ। ਉਨ੍ਹਾਂ ਨੇ ਵਿਗਿਆਨ ਦਿਵਸ ਦੀ ਮਹੱਤਤਾ ਅਤੇ ਸਾਲ 2023 ਦੇ ਉਦੇਸ਼ ਜਿਸਦਾ ਸਿਰਲੇਖ "ਵਿਸ਼ਵਵਿਆਪੀ ਸਿਹਤ ਲਈ ਵਿਸ਼ਵਵਿਆਪੀ ਵਿਗਿਆਨ'' ਹੈ ਬਾਰੇ ਵਿਸਥਾਰ ਵਿੱਚ



ਦੱਸਿਆ। ਉਨ੍ਹਾਂ ਕਿਹਾ ਕਿ ਇਸ ਥੀਮ ਦੀ ਚੋਣ ਦੁਨੀਆਂ ਦੇ ਸੰਦਰਭ ਵਿੱਚ ਵਿਗਿਆਨਕ ਮੁੱਦਿਆਂ ਦੀ ਜਨਤਕ ਕਦਰ ਵਧਾਉਣ ਦੇ ਉਦੇਸ਼ ਲਈ ਕੀਤੀ ਗਈ ਹੈ ਜਿਸਦਾ ਵਿਸ਼ਵਵਿਆਪੀ ਤੰਦਰੁਸਤੀ ਤੇ ਪ੍ਰਭਾਵ ਪੈ ਰਿਹਾ ਹੈ। ਉਨ੍ਹਾਂ ਦੱਸਿਆ ਕਿ ਰਾਸ਼ਟਰੀ ਵਿਗਿਆਨ ਦਿਵਸ ਡਾਕਟਰ ਸੀ.ਵੀ. ਰਮਨ ਦੁਆਰਾ ਪ੍ਰਕਾਸ਼ ਫੈਲਾਉਣ ਦੀ ਇੱਕ ਘਟਨਾ ਦੀ ਖੋਜ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ। ਇਹ ਪ੍ਰਭਾਵ 'ਰਮਨ ਪ੍ਰਭਾਵ' ਵਜੋਂ ਜਾਣਿਆ ਜਾਂਦਾ ਹੈ। ਇਹ ਖੋਜ ਡਾਕਟਰ ਸੀ.ਵੀ. ਰਮਨ ਅਤੇ ਉਸਦੇ ਇੱਕ ਵਿਦਿਆਰਥੀ ਕੇ.ਐਸ. ਕ੍ਰਿਸ਼ਨਨ ਨੇ 28 ਫਰਵਰੀ 1928 ਨੂੰ ਰਮਨ ਪ੍ਰਭਾਵ ਰੋਸ਼ਨੀ ਦੇ ਖਿਲਾਰਨ ਦੇ ਖੇਤਰ ਵਿੱਚ ਇੱਕ ਮਹੱਤਵਪੂਰਨ ਖੋਜ ਸੀ। ਇਸ ਖੋਜ ਨੇ ਡਾਕਟਰ ਸੀ.ਵੀ. ਰਮਨ ਨੂੰ 1930 ਵਿੱਚ ਭੌਤਿਕ ਵਿਗਿਆਨ ਵਿੱਚ ਨੋਬਲ ਪੁਰਸਕਾਰ ਨਾਲ ਸਨਮਾਨਿਤ ਕੀਤੇ ਜਾਣ ਵਾਲਾ ਪਹਿਲਾ ਭਾਰਤੀ ਬਣਾ ਦਿੱਤਾ। ਮੈਡਮ ਮਧੂ ਮਾਲਾ ਨੇ ਕਿਹਾ ਕਿ ਵਿਗਿਆਨ ਦਾ ਦੇਸ ਦੇ ਵਿਕਾਸ ਲਈ ਅਹਿਮ ਯੋਗਦਾਨ ਹੈ ਅਤੇ ਵਿਗਿਆਨ ਦੀ ਸਹਾਇਤਾ ਨਾਲ ਹੀ ਅਸੀਂ ਕਈ ਤਰਾਂ ਦੀਆਂ ਸਮਸਿਆਵਾਂ ਤੇ ਕਾਬੂ ਪਾਇਆ ਹੈ। ਉਨ੍ਹਾਂ ਨੇ ਵਿਗਿਆਨ ਕਾਰਨ ਹੋਈਆਂ ਪ੍ਰਾਪਤੀਆਂ ਦਾ ਵੀ ਵਿਸਥਾਰ ਵਿੱਚ ਵਰਣਨ ਕੀਤਾ। ਮੈਡਮ ਰੀਮਾ ਨੇ ਵਿਗਿਆਨ ਨਾਲ ਮਨੁੱਖੀ ਜੀਵਨ ਵਿੱਚ ਆਏ ਬਦਲਾਓ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਵਿਗਿਆਨ ਦੀਆਂ ਖੋਜਾਂ ਕਾਰਨ ਹੀ ਦੇਸ ਵਿੱਚ ਵੱਡੇ ਵੱਡੇ ਪ੍ਰੋਜੈਕਟ ਚੱਲ ਰਹੇ ਹਨ। ਮੈਡਮ ਪੂਜਾ ਨੇ ਵਿਗਿਆਨਕ ਸੋਚ ਅਪਣਾਉਣ ਤੇ ਜ਼ੋਰ ਦਿਤਾ ਤੇ ਕਿਹਾ ਕਿ ਵਿਗਿਆਨ ਨੇ ਮਨੁਖੀ ਜੀਵਨ ਵਿੱਚ ਅਦਭੁਤ ਬਦਲਾਓ ਲਿਆਂਦਾ ਹੈ। ਹੈਲਥ ਵਰਕਰ ਸੁਨੀਤਾ ਦੇਵੀ ਨੇ ਅਰਪਨ ਸੰਸਥਾ ਵਲੋਂ ਕੀਤੇ ਜਾ ਰਹੇ ਕੰਮਾਂ ਬਾਰੇ ਦੱਸਿਆ। ਉਨ੍ਹਾਂ ਨੇ ਵਿਗਿਆਨ ਦੁਆਰਾ ਸਿਹਤ ਅਤੇ ਮੈਡੀਕਲ ਖੇਤਰ ਵਿੱਚ ਕੀਤੀਆਂ ਗਈਆਂ ਕਾਢਾਂ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿਤੀ ਗਈ। ਮੈਡਮ ਨੇਹਾ ਨੇ ਦੱਸਿਆ ਕਿ ਵਿਗਿਆਨ ਦੁਆਰਾ ਕੀਤੀਆਂ ਗਈਆਂ ਖੋਜਾਂ ਕਾਰਨ ਅੱਜ ਮਨੁੱਖੀ ਜੀਵਨ ਵਿੱਚ ਖੁਸ਼ਹਾਲੀ ਆਈ ਹੈ ਅਤੇ ਲੋਕਾਂ ਦਾ ਜੀਵਨ ਸੁਖਾਲਾ ਬਣ ਗਿਆ ਹੈ। ਮੈਡਮ ਸੁਰਿੰਦਰ ਕੌਰ ਨੇ ਦੱਸਿਆ ਕਿ ਇਸ ਦਿਨ ਦਾ ਮੁੱਖ ਉਦੇਸ਼ ਲੋਕਾਂ ਨੂੰ ਰੋਜ਼ਾਨਾ ਜ਼ਿੰਦਗੀ ਵਿੱਚ ਵਿਗਿਆਨਕ ਤਰੀਕਿਆਂ ਨੂੰ ਅਪਣਾਉਣ ਲਈ ਉਤਸ਼ਾਹਿਤ ਕਰਨਾ ਹੈ ਤਾਂ ਜੋ ਉਨ੍ਹਾਂ ਦੀ ਜ਼ਿੰਦਗੀ ਨੂੰ ਸੁਵਿਧਾਜਨਕ ਅਤੇ ਆਰਾਮਦਾਇਕ ਬਣਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਕੰਪਿਊਟਰ ਦੀ ਕੀਤੀ ਗਈ ਖੋਜ ਨੇ ਦੁਨੀਆਂ ਦੀ ਤਰੱਕੀ ਵਿੱਚ ਭਰਪੂਰ ਯੋਗਦਾਨ ਪਾਇਆ ਹੈ। ਉਨ੍ਹਾਂ ਕਿਹਾ ਕਿ ਸਾਨੂੰ ਵਿਗਿਆਨ ਦੀ ਮਹੱਤਤਾ ਅਤੇ ਰਾਸ਼ਟਰੀ ਵਿਗਿਆਨ ਦਿਵਸ ਸਬੰਧੀ ਜਾਣਕਾਰੀ ਆਮ ਲੋਕਾਂ ਤੱਕ ਪਹੁੰਚਾਣ ਲਈ ਕੰਮ ਕਰਨਾ ਚਾਹੀਦਾ ਹੈ। ਇਸ ਪ੍ਰੋਗਰਾਮ ਵਿੱਚ ਜਸਨੂਰ, ਅਨੁਸ਼ਿਕਾ, ਰੋਹਿਣੀ, ਧਿਰਿਆ, ਆਰਿਅਨ, ਅਮਨ, ਅਨਿਕੇਤ, ਉਮਾ, ਰਮੇਸ਼ ਚੰਦਰ, ਜਸਪ੍ਰੀਤ, ਸੁਨੀਲ, ਗੀਤਾ, ਅਨੁਰਾਧਾ, ਨੀਨਾ, ਕਾਜਲ, ਮਨਜੀਤ, ਅੰਜਲੀ, ਬੇਬੀ, ਅਨੀਤਾ ਦੇਵੀ ਆਦਿ ਹਾਜਰ ਸਨ।

**ਕੁਲਦੀਪ ਚੰਦ 94175-63054**

# ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਦੇ 108ਵੇਂ ਸ਼ਹੀਦੀ ਦਿਵਸ ਨੂੰ ਸਮਰਪਿਤ !

ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਇੱਕ ਅਣਖ਼ੀ ਯੋਧੇ ਅਤੇ ਗ਼ਦਰ ਪਾਰਟੀ ਵੈਨਕੂਵਰ (ਕੈਨੇਡਾ) ਦੇ ਮੈਂਬਰ ਸਨ। ਆਜ਼ਾਦੀ-ਏ-ਹਿੰਦੋਸਤਾਨ ਦੇ ਇਤਿਹਾਸਕ ਪੰਨਿ੍ਆਂ ਉੱਤੇ ਸਿਤਾਰਿਆਂ ਵਾਂਗ ਸਦਾ ਚਮਕਦੇ ਰਹਿਣਗੇ।


ਉਨ੍ਹਾਂ ਦਾ ਜਨਮ 1880 ਈਸਵੀ ਵਿੱਚ, ਪਿੰਡ ਲੋਪੋਕੇ ਚੁਗਾਵਾਂ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ ਵਿੱਚ ਹੋਇਆ।

ਬਾਕੀ ਹਿੰਦੋਸਤਾਨੀਆਂ ਵਾਂਗ ਰੁਜ਼ਗਾਰ ਦੀ ਭਾਲ ਅਤੇ ਘਰ ਦੀ ਸੁਰੱਗੀ (ਹਾਲਾਤ ਬਿਹਤਰ ਬਣਾਉਣਾ) ਲਈ 1906 ਈ਼ ਨੂੰ ਕੈਨੇਡਾ ਦੀ ਧਰਤੀ ਵੈਨਕੂਵਰ ਪਹੁੰਚੇ ਅਤੇ ਵੈਸਟ ਮਿਨਸਟਰ ਦੀ ਫਰੇਜ਼ਰ ਮਿਲ ਵਿੱਚ ਕੰਮ ਕਰਨ ਲੱਗੇ।

ਵਾਹਿਗੁਰੂ ਦੀ ਰਜ਼ਾ 'ਚ ਰਹਿਕੇ ਹਮੇਸ਼ਾਂ ਕੰਮ ਤੋਂ ਵਿਹਲਾ ਸਮਾਂ ਵੈਨਕੂਵਰ ਗੁਰੂਘਰ ਦੀ ਸੇਵਾ ਕਰਦੇ ਅਤੇ ਇਸ ਗੁਰੂਘਰ 'ਚ ਹੀ 21 ਜੂਨ ,1908 ਨੂੰ ਉਨ੍ਹਾਂ ਨੇ ਅੰਮ੍ਰਿਤ ਛੱਕ ਲਿਆ।

23, ਮਈ 1914 ਨੂੰ ਮੁਸਾਫ਼ਰਾਂ ਨਾਲ ਭਰਿਆ ਕਾਮਾਗਾਟਾ ਮਾਰੂ ਜਹਾਜ਼ ਵੈਨਕੂਵਰ ਪਹੁੰਚਿਆ । ਯਾਤਰੀਆਂ ਨਾਲ ਹੋਈ ਬੇਰਹਿਮੀ ਅਤੇ ਬੇਇੰਨਸਾਫੀ ਕਰਕੇ ਕੋਰਟ ਨੇ 6, ਜੁਲਾਈ 1914 ਨੂੰ ਵਾਪਿਸ ਜਾਣ ਦੇ ਆਰਡਰ ਕਰ ਦਿੱਤੇ। ਇਹ ਸਭ ਕੁੱਝ ਪਿੱਛੇ ਮੈਲਕਮ ਰੀਡ ਤੇ ਹੌਪਕਿਨਸਨ ਦਾ ਹੀ ਹੱਥ ਸੀ । ਮੇਵਾ ਸਿੰਘ ਨੂੰ ਚੰਗਾ ਨਹੀਂ ਸੀ ਲੱਗਿਆ।

16, ਜੂਨ 1880 ਨੂੰ ਦਿੱਲੀ 'ਚ ਪੈਦਾ ਹੋਇਆ ਹੌਪਕਿਨਸਨ ਕੈਨੇਡਾ ਦਾ ਇੰਮੀਗ੍ਰੇਸ਼ਨ ਇੰਸਪੈਕਟਰ ਲੱਗਭਗ ਵੀਹ ਸਾਲ ਦਿੱਲੀ 'ਚ ਰਿਹਾ। ਉਹ ਪੰਜਾਬੀ ਵੀ ਬੋਲਦਾ ਸੀ ਤੇ ਬਹੁਤਾ ਸਮਾਂ ਗ਼ਦਰ ਲਹਿਰ ਦੇ ਮੈਂਬਰਾਂ ਦੀਆਂ ਸੂਹਾਂ ਲੈਣਾ, ਹਿੰਦੋਸਤਾਨੀਆਂ 'ਚ ਫੁੱਟ ਪਾ ਕੇ ਆਪਿਸ ਵਿੱਚ ਵਿਰੋਧੀ ਬਣ-ਾਉਣਾ ਅਤੇ ਗ਼ਦਰ ਲਹਿਰ ਨੂੰ ਕੁਰਾਹੇ ਪਾਉਣਾ ਆਦਿ ਉਸਦੇ ਕੰਮ ਕਰਨ ਦਾ ਢੰਗ ਸੀ । ਇੰਝ ਵੀ ਕਿਹਾ ਜਾ ਸਕਦਾ ਹੈ ਕਿ ਉਹ ਅੰਗਰੇਜ ਸਾਮਰਾਜ ਦਾ ਹਮਦਰਦ ਤੇ ਆਜ਼ਾਦੀ-ਪਸੰਦ ਹਿੰਦੋਸਤਾਨੀਆਂ ਦਾ ਵਿਰੋਧੀ ਸੀ।



5 ਸਤੰਬਰ, 1914 ਨੂੰ ਕੈਨੇਡਾ ਦੀ ਗ਼ਦਰ ਪਾਰਟੀ ਦੇ ਯੋਧੇ ਭਾਈ ਭਾਗ ਸਿੰਘ ਅਤੇ ਭਾਈ ਬਦਨ ਸਿੰਘ ਨੂੰ ਵੈਨਕੂਵਰ ਦੇ ਗੁਰੂਘਰ ਵਿੱਚ ਬੇਲਾ ਸਿੰਘ ਜਿਆਣ ( ਹੁਸ਼ਿਆਰਪੁਰ) ਕੋਲੋਂ ਗੋਲੀਆਂ ਮਰਵਾਕੇ ਸ਼ਹੀਦ ਕਰਨ ਪਿੱਛੇ ਵੀ ਹੌਪਕਿਨਸਨ ਦਾ ਹੱਥ ਸੀ।

ਹੌਂਪਕਿਨਸਨ, ਬੇਲਾ ਸਿੰਘ ਨੂੰ ਬਰੀ ਕਰਾਉਣ ਲਈ ਮੇਵਾ ਸਿੰਘ ਨੂੰ ਗਵਾਹ ਦੇ ਤੌਰ ਤੇ ਵਰਤਣਾ ਚਾਹੁੰਦਾ ਸੀ ਜੋ ਸਫਲ ਨਾ ਹੋ ਸਕਣ ਕਾਰਨ ਮੇਵਾ ਸਿੰਘ ਨੂੰ ਤੰਗ ਕਰਦਾ ਸੀ ਕਿਉਂਕਿ ਇੱਕ ਤਾਂ ਮੇਵਾ ਸਿੰਘ ਵੈਨਕੂਵਰ ਗ਼ਦਰ ਪਾਰਟੀ ਦਾ ਮੈਂਬਰ ਸੀ ਦੂਜਾ 16 ਜੁਲਾਈ 1914 ਨੂੰ ਹੱਥਿਆਰ ਲਿਆਉਣ ਦੇ ਕੇਸ ਵਿੱਚ ਅਮਰੀਕਾ- ਕਨੇਡਾ ਦੇ ਬਾਰਡਰ ਤੇ ਫੜਿਆ ਗਿਆ ਤੇ ਹੌਪਕਿਨਸਨ ਨੇ ਵੱਢੀ (ਡਾਲਰ) ਲੈ / ਦੇ ਕੇ ਨਿਊ ਵੈਸਟਮਿਨਸਟਰ ਜੇਲ੍ਹ ਚੋਂ ਬਾਹਰ ਕੱਢਵਾਇਆ ਸੀ।

ਬੇਲਾ ਸਿੰਘ ( ਜਿਆਣ ) ਦੇ ਕੇਸ ਵਿੱਚ ਮੇਵਾ ਸਿੰਘ ਗੁਰੂ ਦਾ ਸੱਚਾ ਸਿੱਖ ਹੋਣ ਕਰਕੇ ਝੂਠੀ ਗਵਾਹੀ ਲਈ ਦਿਲੋਂ ਨਾਂਹ ਕਰ ਗਿਆ ਸੀ । ਹਾਂ , ਇਸ ਕੇਸ ਦੀ ਸੁਣਵਾਈ ਲਈ ਹਰ ਵਾਰ ਕੋਰਟ ਪਹੁੰ-ਚਦਾ ਸੀ । ਅਕਤੂਬਰ , 21 ,1914 ਦਾ ਦਿਨ ਸੀ ਜਦੋਂ ਹੌਪਕਿਨਸਨ ਜਿਊਰੀ ਅੱਗੇ ਪੇਸ਼ ਹੋਣ ਜਾ ਰਿਹਾ ਸੀ ਲੱਗ ਭਗ 10 ਵਜੇ ਸਵੇਰ ਦਾ ਸਮਾਂ ਸੀ ਤਾਂ ਉਡੀਕ ਕਰ ਰਹੇ ਮੇਵਾ ਸਿੰਘ ਨੇ ਗੋਲੀਆਂ ਮਾਰਕੇ ਗ਼ਦਰ ਪਾਰਟੀ ਦੇ ਕੱਟੜ ਵਿਰੋਧੀ ਅੰਗਰੇਜ ਸਾਮਰਾਜ ਦੇ ਜਸੂਸ ਨੂੰ ਢੇਰੀ ਕਰ ਦਿੱਤਾ।

ਵਿਲੀਅਮ ਚਾਰਲਸ ਹੌਪਕਿਨਸਨ ਦੇ ਕਤਲ ਕੇਸ ਦੀ ਕਾਰਵਾਈ ਗੋਰੀ ਸਰਕਾਰ ਦੇ ਦਬਾਅ ਕਰਕੇ ਨੌਂ ਦਿਨ ਬਾਅਦ ਹੀ ਸ਼ੁਰੂ ਕਰ ਦਿੱਤੀ। ਜਦੋਂ ਕਿ ਕਸੂਰਵਾਰ ਬੇਲਾ ਸਿੰਘ (ਜਿਆਣ) ਨੂੰ ਬਿਨ੍ਹਾਂ ਸਜ਼ਾ ਦਿੱਤੇ ਸ਼ਰੇਆਮ ਖੁੱਲ੍ਹਾ ਘੁੰਮਣ ਦਿੱਤਾ ਜਾ ਰਿਹਾ ਸੀ । ਜਿਸ ਨੇ ਭਾਈ ਭਾਗ ਸਿੰਘ ਅਤੇ ਭਾਈ ਬਦਨ ਸਿੰਘ ਨੂੰ ਸ਼ਰੇਆਮ ਗੁਰੂਘਰ ਵੈਨਕੂਵਰ ਅੰਦਰ ਗੋਲੀਆਂ ਮਾਰਕੇ ਬਦੋਸ਼ੇ ਗ਼ਦਰੀਆਂ ਨੂੰ ਮਾਰਿਆ ਸੀ ਅਤੇ ਗੁਰੂਘਰ ਦੀ ਬੇਅਦਬੀ ਕੀਤੀ ਸੀ । ਫਿਰ ਵੀ ਅਦਾਲਤ ਨੇ ਸਜ਼ਾ ਨਹੀਂ ਦਿੱਤੀ । ਮੇਵਾ ਸਿੰਘ ਦਾ ਦੋ ਮਹੀਨੇ ਦੇ ਲੱਗਭਗ ਅਦਾਲਤ ਵਿੱਚ ਕਤਲ ਕੇਸ ਚੱਲਿਆ । ਅੰਗਰੇਜ਼ ਰਾਜ ਕੋਲੋਂ ਛੁਟਕਾਰਾ ਦਿਵਾਉਣ ਵਾਲੇ ਗ਼ਦਰੀ ਯੋਧਿਆਂ ਦੀ ਜਸੂਸੀ ਕਰਨ ਵਾਲਾ ਵੱਢੀ-ਖ਼ੋਰ ਕਾਤਲ ਹੌਪਕਿਨਸਨ ਜੋ ਮਨੁੱਖਤਾ ਦੇ ਮੱਥੇ ਦਾ ਕਲੰਕ ਸੀ , ਨੂੰ ਮਾਰਨ ਦੇ ਦੋਸ਼ ਵਿੱਚ ਭਾਈ ਮੇਵਾ ਸਿੰਘ ਨੂੰ 11, ਜਨਵਰੀ, 1915 ਨੂੰ ਕੈਨੇਡਾ ਵਿੱਚ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ।

ਸ਼ਹੀਦ ਮੇਵਾ ਸਿੰਘ ਦੀ ਮਿਰਤਕ ਦੇਹ ਦਾ ਫ਼ਾਂਸੀ ਵਾਲੀ ਜੇਲ੍ਹ ਤੋਂ ਤਕਰੀਬਨ ਚਾਰ ਮੀਲ ਦੂਰ ਫਰੇਜ਼ਰ ਮਿੱਲ ਲਿਜਾਕੇ ਸਿੱਖ ਰੌਅ-ਰੀਤਾਂ ਨਾਲ ਸੰਸਕਾਰ ਕੀਤਾ ਗਿਆ । ਲੱਗਭੱਗ ਚਾਰ ਤੋਂ ਪੰਜ ਸੌ ਬੰਦਿਆਂ ਨੇ 'ਸ਼ਹੀਦ' ਮੇਵਾ ਸਿੰਘ ਲੋਪੋਕੇ ਦੇ ਸੰਸਕਾਰ ਵਿੱਚ ਚਾਰ ਮੀਲ ਦੀ ਦੂਰੀ ਪੈਦਲ ਸ਼ਮੂਲੀਅਤ ਕਰਕੇ ਸ਼ਰਧਾਂਜ਼ਲੀ ਭੇਂਟ ਕੀਤੀ । ਯਾਦ ਰਹੇ ਉਸ ਸਮੇਂ ਕੈਨੇਡਾ ਵਿੱਚ ਇੱਕ ਹਜ਼ਾਰ ਦੇ ਲਾਗੇ ਦੀ ਗਿਣਤੀ ਵਿੱਚ ਹਿੰਦੋਸਤਾਨੀ ਰਹਿ ਰਹੇ ਸਨ।

"ਸ਼ਹੀਦ ਕਦੇ ਵੀ ਮਰਦੇ ਨਹੀਂ , ਹਮੇਸ਼ਾਂ ਹੀ ਅਮਰ ਰਹਿੰਦੇ ਹਨ।"

ਅੱਜ ਕੈਨੇਡਾ ਵਿੱਚ ਸ਼ਹੀਦ ਭਾਈ ਮੇਵਾ ਸਿੰਘ ਦੀ ਯਾਦ ਤਾਜ਼ਾ ਰੱਖਣ ਲਈ ਅਕਾਲੀ ਸਿੰਘ ਸਿੱਖ ਸੁਸਾਇਟੀ ਨੇ ਗੁਰੂਘਰ ਵਿੱਚ ਲਾਇਬ੍ਰੇਰੀ ਦਾ ਨਾਮ ਰੱਖਿਆ ਹੋਇਆ ਹੈ ਅਤੇ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਨੇ ਸ਼ਹੀਦ ਭਾਈ ਮੇਵਾ ਸਿੰਘ ਦੀ ਯਾਦ 'ਚ ਰੌਸ ਸਟਰੀਟ ਗੁਰੂਘਰ ਦੇ ਲੰਗਰ ਹਾਲ ਦਾ ਨਾਂਅ ਸ਼ਹੀਦ ਭਾਈ ਮੇਵਾ ਸਿੰਘ ਹਾਲ ਰੱਖਿਆ ਹੋਇਆ ਹੈ।

ਆਜ਼ਾਦੀ-ਏ-ਹਿੰਦੋਸਤਾਨ ਦੇ ਹਿੰਦੋਸਤਾਨ ਤੋਂ ਬਾਹਰ ਕੈਨੇਡਾ ਵਿੱਚ ਪਹਿਲੇ ਸ਼ਹੀਦ ਭਾਈ ਮੇਵਾ ਸਿੰਘ 'ਲੋਪੋਕੇ' ਨੂੰ ਸ਼ਰਧਾਂਜਲੀ ਪੇਸ਼ ਕਰਦੇ ਹਾਂ। ਅਗਾਂਹ-ਵਧੂ ਲੋਕ, ਸ਼ਹੀਦਾਂ ਵੱਲੋਂ ਲੁੱਟ ਰਹਿਤ ਸਮਾਜ ਦੀ ਉਸਾਰੀ ਲਈ ਹੱਕ-ਸੱਚ ਅਤੇ ਸੰਘਰਸ਼ ਦੀ ਜਗਾਈ ਹੋਈ ਮਿਸ਼ਾਲ ਨੂੰ ਮੱਘਦੀ ਰੱਖਣ ਲਈ ਯਤਨਸ਼ੀਲ ਰਹਿਣਗੇ।

**ਮਨਮੋਹਨ ਪੂਨੀ (ਨਿਊਯਾਰਕ)**
**ਇੰਡੋ-ਅਮੈਰੀਕਨ ਹੈਰੀਟੇਜ ਫ਼ਾਊਂਡੇਸ਼ਨ, ਨਿਊਯਾਰਕ**

## ਪਤਝੱੜ ਰੁਤੇ ਸੰਸਾਰ 'ਚ ਆਏ...ਪੁੰਗਾਰ ਬਹਾਰੇ ਜਹਾਨੋਂ ਤੁਰ ਗਏ...

# ਸ੍ਰ. ਹਰਭਜਨ ਸਿੰਘ ਪੁਰੇਵਾਲ... !

**ਸੈਕਰਾਮੈਂਟੋ (ਦੇਸ਼ ਦੋਆਬਾ ਬਿਊਰੋ)**- ਖੇਡਾਂ, ਧਾਰਮਿਕ ਤੇ ਸਾਹਿਤਕ ਸੰਸਥਾਵਾਂ ਨਾਲ ਜੁੜੇ ਸਾਹਿਤ ਸਮੀਖਿਅਕ ਸ੍ਰ. ਫ਼ਕੀਰ ਸਿੰਘ ਮੱਲ੍ਹੀ ਦੇ ਸਹੁਰਾ ਸਾਹਿਬ ਸ੍ਰ. ਹਰਭਜਨ ਸਿੰਘ ਪੁਰੇਵਾਲ ਪਿਛਲਾ ਪਿੰਡ ਹੇਲਰਾਂ ਜ਼ਿਲ੍ਹਾ ਜਲੰਧਰ ਸੰਖੇਪ ਬਿਮਾਰੀ ਤੋਂ ਬਾਅਦ ਜੀਵ ਵਿੱਚ ਅੱਸੀ ਬਹਾਰਾਂ ਦੇਖ ਕਰ ਮਾਰਚ-3-2023 ਦਿਨ ਸ਼ਨੀਵਾਰ ਸੈਕਰਮੈਂਟੋ ਵਿਖੇ ਪਰਲੋਕ ਸਿਧਾਰ ਗਏ ਹਨ। ਸ੍ਰ ਹਰਭਜਨ ਸਿੰਘ ਹੋਰਾਂ ਦੇ ਜੀਵਨ ਉੱਪਰ ਝਾਤ



ਮਾਰਦਿਆਂ ਪ੍ਰਤੀਤ ਹੁੰਦਾ ਹੈ ਕਿ ਉਨ੍ਹਾਂ ਦਾ ਜੀਵਨ ਕਾਲ ਹਰ ਦੌਰ ਦੇ ਸ਼ੰਘਰਸ਼ ਤੇ ਨਵੇਕਲੀਆਂ ਪ੍ਰਸਥਿਤੀਆਂ ਦੇ ਉਤਾਰ ਝੜਾਅ ਦੇ ਨਾਲ ਗੁਜ਼ਰਿਆ., ਜਿਸ ਵਿੱਚ ਸਮਾਜ ਸੇਵਵਾਂ ਦੀ ਝਲਕ ਵੀ ਪੈਂਦੀ ਹੈ।

ਉਨ੍ਹਾਂ ਦਾ ਜਨੰਮ ਨਵੰਬਰ-7-1942 ਨੂੰ ਜੱਦੀ ਪਿੰਡ ਹੇਲਰਾਂ ਵਿੱਚ ਹੋਇਆ।ਚਾਰ ਵੱਡੇ ਭਰਾਵਾਂ ਤੋਂ ਛੋਟੇ ਭਰਾ ਨੇ ਬੀ.ਏ.ਕਰਦਿਆਂ ਖ਼ਾਲਸਾ ਸਕੂਲ ਬਸਤੀ ਬਾਵਾ ਖੇਲ (ਜਲੰਧਰ) ਵਿਖੇ ਅਧਿਆਪਨ ਸੇਵਾ ਸ਼ੁਰੂ ਕੀਤੀ। ਦੋ ਸਾਲ ਬਾਅਦ ਹੀ 1964 ਵਿੱਚ ਪੰਜਾਬ ਪੁਲਿਸ ਵਿੱਚ ਬਤੌਰ A.S.I. ਭਰਤੀ ਹੋ ਗਏ।

1966 ਵਿੱਚ ਬੀਬੀ ਬਲਦੇਵ ਕੌਰ ਪਿੰਡ ਚੋਹਕਾਂ (ਰਾਮਾ ਮੰਡੀ) ਨਾਲ ਵਿਹਾਉਂਤਾ ਜੀਵਨ ਦੀ ਸ਼ੁਰੂਆਤ ਹੋਈ। ਨੌਕਰੀ ਦੇ ਕਾਰਜ ਕਾਲ ਸ਼ੁਰੂਆਤੀ ਦੌਰ ਵਿੱਚ ਹੀ ਪੰਜਾਬ ਦੇ ਵੱਖੋ ਵੱਖਰੇ ਵਿਚਾਰ ਧਾਰਕ ਦੌਰ ਵੱਡੇ ਪਧੱਰ ਤੇ ਚਲ ਰਹੇ ਸਨ..। ਨਕਸਲਵਾੜੀ ਲਹਿਰ ਤੋਂ ਬਾਅਦ ਸਿੱਖ ਖਾੜਕੂਵਾਦ ਦੌਰ ਆਇਆ, ਪੰਜਾਬ ਪੁਲਿਸ ਦਾ ਹਰ ਅਧਿਕਾਰੀ ਤੇ ਮੁਲਾਜ਼ਮ ਸਮੇਂ-੨ ਦੀਆਂ ਸਰਕਾਰਾਂ ਦੇ ਹੱਥ ਟੋਕੇ ਬਣਨ ਲੱਗੇ। ਪਰ ਸੱਚੇ,ਇਮਾਨ ਦੇ ਪਰਪੱਕ ਤੇ ਮਾੜਾ ਕਰਮ ਨਾਂ ਕਰਨ ਵਾਲੀ ਬਿਰਤੀ ਵਾਲੇ ਹਰਭਜਨ ਸਿੰਘ ਨੂੰ ਮਹਿਕਮੇ ਦੀਆਂ ਬੇਨਿਯਮੀਆਂ ਰਾਸ ਨਾਂ ਆਈਆਂ।

1985 ਵਿੱਚ ਬਤੌਰ ਇਨਸਪੈਕਟਰ ਪੰਜਾਬ ਪੁਲਿਸ ਨੂੰ Salute kr Pre-Mature ਰਿਟਾਇਰਮੈਂਟ ਲੈ ਕੇ ਸਮਾਜ ਸੇਵਾਵਾਂ ਵੱਲ ਰੁਖ ਕਰ ਲਿਆ। ਘਰ ਦੀ ਵੱਡੀ ਖੇਤੀ ਦੇ ਨਾਲ-ਨਾਲ ਪਿੰਡ ਦੇ ਵਿਕਾਸ ਕਾਰਜਾਂ"ਚੋਂ ਸੱਭ ਤੋਂ ਪਹਿਲਾਂ ਸ. ਹਾਈ ਸਕੂਲ ਨੂੰ ਸੀਨੀ. ਸੈਕ. ਕਰਵਾ,ਇਸ ਪੇਡੂੰ ਖੇਤਰ ਦੇ ਬੱਚਿਆਂ ਲਈ ਮੈਡੀਕਲ, ਨਾਨ ਮੈਡੀਕਲ, ਕਮਰਸ ਤੇ ਆਰਟਸ ਦੇ ਸਾਰੇ ਵਿਸ਼ੇ ਰਾਜਧਾਨੀ ਤੱਕ ਪਹੁੰਚ ਕਰ ਕੇ ਮੁਹਈਆ ਕਰਵਾਏ. PTA (ਮਾਪੇ ਅਧਿਆਪਕ ਸੰਗਠਨ) ਦੇ ਪ੍ਰਧਾਨ ਹੋਣ ਨਾਤੇ ਤੱਤਕਾਲੀ ਪ੍ਰਿੰਸੀਪਲ ਸ੍ਰ. ਸੁਰਿੰਦਰ ਸਿੰਘ (ਫ਼ਕੀਰ ਮੱਲ੍ਹੀ ਦੇ ਪਿਤਾ) ਨਾਲ ਇਕਸਾਰਤਾ ਕਰਦੇ ਹੋਏ ਦੋ ਸਾਲਾਂ ਵਿੱਚ ਹੀ ਵਿਦੇਸ਼ੀ ਤੇ ਇਲਾਕੇ ਦੇ ਦਾਨੀਆਂ ਦੀਆਂ ਸੇਵਾਵਾਂ ਲੈਕੇ ਸਕੂਲ ਦੀ ਵੱਡੀ ਦੋ ਮੰਜ਼ਲਾਂ ਇਮਾਰਤ ਖੜੀ ਕਰ ਦਿੱਤੀ। ਵੱਡੇ ਭਰਾ ਸ੍ਰ. ਨਿਰਮਲ ਸਿੰਘ ਨੂੰ ਵੱਡੇ ਪਿੰਡ ਦਾ ਸਰਪੰਚ ਬਣਾ ਕੇ ਉਸ ਦਾ ਸਹਿਯੋਗ ਕਰਦਿਆਂ ਪਿੰਡ ਤੇ ਇਲਾਕੇ ਦੀਆਂ ਬੇ-ਮਿਸਾਲ ਸੇਵਾਵਾਂ ਕੀਤੀਆਂ।

1995 ਵਿੱਚ ਅਮਰੀਕਾ ਵਸੇਬਾ ਹੋ ਗਿਆ, ਨਵੇ ਸਿਰਿਓਂ ਸੰਘਰਸ਼ ਅਰੰਭਿਆ, ਅਣਥੱਕ ਮਿਹਨਤ ਕੀਤੀ। ਇਸੇ ਸਦਕਾ ਅੱਜ ਉਨ੍ਹਾਂ ਦੀਆਂ ਤਿੰਨ ਧੀਆਂ ਸਰਬਜੀਤ ਪਾਲ, ਸੁਖਜਿੰਦਰਪਾਲ ਤੇ ਰਵਿੰਦਰ ਕੌਰ ਤੇ ਇਕ ਪੁੱਤ ਮਨਪ੍ਰੀਤ ਸਿੰਘ ਏਥੇ ਹੀ ਵਧੀਆ ਜੀਵਨ ਬਸ਼ਰ ਕਰ ਰਹੇ ਹਨ। ਦਾਮਾਦ ਫ਼ਕੀਰ ਸਿੰਘ ਮੱਲ੍ਹੀ, ਗੁਰਮੇਲ ਸਿੰਘ ਧਾਲੀਵਾਲ, ਬਲਕਾਰ ਸਿੰਘ ਜੌਹਲ ਆਪੋ ਆਪਣੇ ਖੇਤਰਾਂ ਵਿੱਚ ਨਾਮਣਾ ਬਣਾ ਰਹੇ ਹਨ।

ਬੱਚੇ ਤੇ ਭਰ ਜਵਾਨ ਦੋਹਤੇ, ਦੋਹਤੀਆਂ ਦੇ ਨਾਨੇ ਤੇ ਮਨਪ੍ਰੀਤ ਸਿੰਘ ਦੇ ਪਿਤਾ ਜੀ ਦਾ ਅੰਤਿਮ ਸਸਕਾਰ 11 ਮਾਰਚ-2023 ਦਿਨ ਸ਼ਨੀਵਾਰ ਨੂੰ ਬਾਅਦ ਦੁਪਹਿਰ 2 ਤੋਂ 4 725 El Caimno Avenue Sacrament ਵਿਖੇ ਅਤੇ ਅੰਤਿਮ ਅਰਦਾਸ ਗੁਰੂ-ਘਰ ਸੰਤ ਸਾਗਰ 1541 Jassy Avenue, Sacrament ਵਿਖੇ ਸ਼ਾਮੀ 4.30 ਵਜੇ ਹੋ ਰਹੀ ਹੈ। ਇਸ ਦੁੱਖ ਦੀ ਘੜੀ ਇੰਗਲੈਂਡ ਤੇ ਭਾਰਤ ਤੋਂ ਆਪ ਜੀ ਦੇ ਭਤੀਜੇ ਅੰਤਿਮ ਦਰਸ਼ਨ ਕਰਨ ਉਚੇਚੇ ਤੌਰ ਤੇ ਪਹੁੰਚ ਰਹੇ ਹਨ। ਏਥੇ ਹੀ ਵਸਦੇ ਸਹੁਰਿਆਂ ਦੇ ਕੂਨਰ ਪ੍ਰੀਵਾਰ ਨੂੰ ਵਿਯੋਗੀ ਘੜੀ ਵਕਤ ਗਹਿਰਾ ਸਦਮਾ ਹੈ। ਨਾਲ ਹੀ ਪ੍ਰਿਤੀ ਧਰਤੀ ਹੇਲਰਾਂ ਵਿਖੇ ਪਿੰਡ ਵਾਸੀਆਂ ਤੇ ਉੱਥੇ ਰਹਿ ਰਹੇ ਭਰਾ ਸ੍ਰ. ਗਿਆਨ ਸਿੰਘ ਨੂੰ ਵੀ ਗਹਿਰਾ ਵਿਯੋਗ ਹੈ। ਪ੍ਰਮਾਤਮਾ ਉਨ੍ਹਾਂ ਨੂੰ ਆਤਮਿਕ ਸ਼ਾਂਤੀ ਦੇਵੇ।

ਅਦਾਰਾ "ਦੇਸ਼ ਦੁਆਬਾ" ਇਸ ਦੁੱਖ ਦੀ ਘੜੀ ਮੌਕੇ ਪ੍ਰੀਵਾਰ ਨਾਲ ਹਮਦਰਦੀ ਰੱਖਦਾ ਹੈ।

**(ਜਾਣਕਾਰੀ ਤੇ ਵੇਰਵਾ ਫ਼ਕੀਰ ਸਿੰਘ ਮੱਲ੍ਹੀ)**

# ਭਗਵੰਤ ਮਾਨ ਸਰਕਾਰ ਵਲੋਂ ਏ.ਐਨ.ਐਮ. ਵਰਕਰਾਂ ਨੂੰ ਪੱਕਾ ਨਾ ਕੀਤਾ ਤਾਂ ਹੋਵੇਗਾ ਸੂਬਾ ਪੱਧਰੀ ਸੰਘਰਸ਼ - ਕੁਲਵਿੰਦਰ ਕੌਰ

**ਫਗਵਾੜਾ 7 ਮਾਰਚ (ਬੀ.ਕੇ.ਰੱਤੂ)** ਕੰਟਰੈਕਟ 2211 ਹੈਡ ਮਲਟੀ ਪਰਪਜ ਹੈਲਥ ਵਰਕਰ ਫੀ ਯੂਨੀਅਨ ਪੰਜਾਬ ਦੀ ਇਕ ਮੀਟਿੰਗ ਸੂਬਾ ਪ੍ਰਧਾਨ ਮੁਨੱਵਰ ਜਹਾਂ ਦੀ ਅਗਵਾਈ ਹੇਠ ਲੁਧਿਆਣਾ ਵਿਖੇ ਹੋਈ। ਜਿਸ ਵਿੱਚ ਵੱਖ ਵੱਖ ਜ਼ਿਲਿਆਂ ਤੋਂ ਮੈਂਬਰਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਮੀਟਿੰਗ ਵਿੱਚ ਸਰਕਾਰ ਵੱਲੋਂ ਕੰਟਰੈਕਟ 2211 ਹੈਡ ਦੀਆਂ ਏ.ਐਨ.ਐਮ. ਮਹਿਲਾ ਵਰਕਰਾਂ ਨੂੰ ਰੈਗੂਲਰ ਕਰਨ ਦੀ ਸਰਕਾਰ ਵਲੋਂ ਅਪਣਾਈ ਟਾਲਮਟੋਲ ਦੀ ਨੀਤੀ ਨੂੰ ਮੁੱਖ ਰੱਖਦੇ ਹੋਏ ਵਿਚਾਰ ਵਟਾਂਦਰਾ ਹੋਇਆ। ਇਸ ਮੀਟਿੰਗ 'ਚ ਹਿੱਸਾ ਲੈ ਕੇ ਵਾਪਸ ਪਰਤੀ ਏ.ਐਨ.ਐਮ. ਕੁਲਵਿੰਦਰ ਕੌਰ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਨੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਇਹ ਵਾਅਦਾ ਕੀਤਾ ਸੀ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੇ ਸਭ ਤੋਂ ਪਹਿਲਾਂ ਕੱਚੇ ਮੁਲਾਜ਼ਮਾਂ ਨੂੰ ਪੱਕਾ ਕੀਤਾ ਜਾਵੇਗਾ।



ਪਿਛਲੇ ਸਾਲ ਦੀਵਾਲੀ ਤੋਂ ਪਹਿਲਾਂ 36 ਹਜਾਰ ਮੁਲਜ਼ਮਾਂ ਨੂੰ ਰੈਗੁਲਰ ਕਰਨ ਬਾਰੇ ਸਰਕਾਰ ਵੱਲੋਂ ਬਿਆਨ ਦਿੱਤਾ ਗਿਆ ਤਾਂ ਵੱਡੀ ਆਸ ਬਣੀ ਸੀ ਕਿ ਸਿਹਤ ਵਿਭਾਗ ਵਿੱਚ ਕੰਮ ਕਰ ਰਹੀਆਂ 727 ਏ.ਐਨ.ਐਮ. ਭੈਣਾਂ ਜਲਦੀ ਹੀ ਪੱਕੇ ਹੋ ਜਾਣਗੀਆਂ। ਉਸ ਤੋਂ ਬਾਅਦ ਇਸੇ ਸਾਲ ਲੋਹੜੀ ਮੌਕੇ ਤੇ 6 ਹਜਾਰ ਮੁਲਜ਼ਮਾਂ ਨੂੰ ਪੱਕੇ ਕਰਨ ਬਾਰੇ ਮਾਨ ਸਰਕਾਰ ਦਾ ਬਿਆਨ ਆਇਆ ਤਾਂ ਦੁਬਾਰਾ ਉਮੀਦ ਬਣੀ ਕਿ ਸ਼ਾਇਦ ਇਸ ਵਾਰ ਜਰੂਰ ਏ.ਐਨ.ਐਮ. ਵਰਕਰਾਂ ਨੂੰ ਪੱਕਿਆਂ ਕੀਤਾ ਜਾਵੇਗਾ ਪਰ ਅਜੇ ਵੀ ਸਿਹਤ ਮਹਿਕਮੇ ਦੀ ਵਾਰੀ ਨਹੀਂ ਆਈ ਹੈ। ਹਾਲ ਹੀ ਵਿੱਚ ਪੰਜਾਬ ਸਰਕਾਰ ਨੇ 14417 ਮੁਲਾਜ਼ਮਾਂ ਨੂੰ ਪੱਕੇ ਕਰਨ ਦੀ ਗੱਲ ਕਹੀ ਹੈ, ਇਸ ਲਈ 2211 ਹੈਡ ਯੂਨੀਅਨ ਨੇ ਪੰਜਾਬ ਪੱਧਰ ਦੀ ਮੀਟਿੰਗ ਲੁਧਿਆਣਾ 'ਚ ਕੀਤੀ ਹੈ। ਜਿਸ ਵਿੱਚ ਵੱਖ ਵੱਖ ਜ਼ਿਲਿਆਂ ਦੇ ਮੈਂਬਰਾਂ ਨੇ ਰੈਗੂਲਰ ਹੋਣ ਸਬੰਧੀ ਆਪਣੇ ਵਿਚਾਰ ਸਾਂਝੇ ਕੀਤੇ।

ਏ.ਐਨ.ਐਮ. ਕੁਲਵਿੰਦਰ ਕੌਰ ਨੇ ਦੱਸਿਆ ਕਿ ਇਸ ਮੀਟਿੰਗ ਵਿਚ ਫੈਸਲਾ ਕੀਤਾ ਗਿਆ ਕਿ ਜੇਕਰ ਸਰਕਾਰ ਨੇ ਇਸ ਵਾਰ ਵੀ ਸਾਡੀ ਰੈਗੂਲਰ ਹੋਣ ਦੀ ਮੰਗ ਨੂੰ ਨਾ ਮੰਨਿਆ ਤਾਂ ਕੰਟਰੈਕਟ 2211 ਹੈਡ ਦੀਆਂ ਸਮੂਹ ਏ.ਐਨ.ਐਮ. ਸੰਘਰਸ਼ ਕਰਨ ਲਈ ਮਜਰੂਬ ਹੋਣਗੀਆਂ। ਉਹਨਾਂ ਕਿਹਾ ਕਿ ਅਸੀਂ ਲੋਕ ਹਿੱਤ ਲਈ ਜਨਮ ਤੋਂ ਲੈਕੇ ਮਰਨ ਤੱਕ ਦੀਆਂ ਸਾਰੀਆਂ ਸਹੂਲਤਾਂ ਪ੍ਰਮੁੱਖ ਪੱਧਰ ਤੇ ਪਿੰਡਾਂ ਵਿੱਚ ਜਾ ਕੇ ਮੁਹਈਆਂ ਕਰਵਾਉਂਦੇ ਹਾਂ, ਕਰੋਨਾ ਕਾਲ ਵਿੱਚ ਏ.ਐਨ.ਐਮ. ਭੈਣਾਂ ਨੇ ਕਰੋਨਾ ਦੀ ਲੜਾਈ ਆਪਣੀ ਅਤੇ ਆਪਣੇ ਪਰਿਵਾਰ ਦੀ ਪਰਵਾਹ ਨਾ ਕਰਦੇ ਹੋਏ ਡਿਊਟੀ ਨਿਭਾਈ ਅਤੇ ਸਿਹਤ ਸਹੂਲਤਾਂ ਲੋਕਾਂ ਨੂੰ ਘਰਾਂ ਚ ਜਾ ਕੇ ਦਿੱਤੀਆਂ। ਉਹਨਾਂ ਕਿਹਾ ਕਿ ਜੇਕਰ ਸਰਕਾਰ ਨੇ ਰੈਗੁਲਰ ਕਰਨ ਦੀ ਮੰਗ ਨਾ ਮੰਨੀ ਤਾਂ ਜੋ ਸੰਘਰਸ਼ ਹੋਵੇਗਾ ਉਸਦੀ ਜਿੰਮੇਵਾਰੀ ਮਾਨ ਸਰਕਾਰ ਦੀ ਹੋਵੇਗੀ। ਉਹਨਾਂ ਕਿਹਾ ਕਿ ਸਾਡੀ ਮੰਗ ਸਿਹਤ ਵਿਭਾਗ ਵਿੱਚ ਪਰਮਾਣਿਤ ਪੋਸਟਾਂ ਤੇ ਪਿਛਲੇ 15 ਸਾਲਾਂ ਤੋਂ ਖ਼ਜ਼ਾਨੇ ਵਿੱਚੋਂ ਤਨਖਾਹ ਲੈ ਰਹੀਆਂ 727 ਏ.ਐਨ.ਐਮ. ਵਰਕਰਾਂ ਨੂੰ ਰੈਗੂਲਰ ਕਰਨ ਦੀ ਹੈ। ਮੀਟਿੰਗ ਵਿੱਚ ਮਨਪ੍ਰੀਤ ਕੌਰ ਜੈਨਬ, ਜਰਨਲ ਸਕੱਤਰ ਦਲਬੀਰ ਕੌਰ, ਕਰਮਜੀਤ ਕੌਰ, ਸਵਿਤਾ ਦੇਵੀ, ਮਨਜੀਤ ਕੌਰ, ਹਰਪ੍ਰੀਤ ਕੌਰ, ਪੂਜਾ, ਸੰਗਰੂਰ ਤੋਂ ਜਸਵੀਰ ਕੌਰ, ਰਸ਼ਨਿੰਦਰ ਕੌਰ, ਸਤਵੀਰ ਕੌਰ, ਮੁਕਤਸਰ ਤੋਂ ਬਲਵਿੰਦਰ ਕੌਰ, ਫਾਜ਼ਿਲਕਾ ਤੋਂ ਰੀਟਾ, ਕਾਂਤਾ, ਗੀਤਾ, ਵੀਰ ਕੌਰ ਕਪੂਰਥਲਾ ਤੋਂ ਭੁਪਿੰਦਰ ਕੌਰ, ਰਾਜਰਾਣੀ, ਸ਼ਿੰਦਰਪਾਲ ਕੌਰ, ਪਟਿਆਲਾ ਤੋਂ ਜਸਵੰਤ ਕੌਰ, ਹੁਸ਼ਿਆਰਪੁਰ ਤੋਂ ਸੁਰਜੀਤ ਕੌਰ, ਕੰਚਨ, ਆਦਿ ਸ਼ਾਮਲ ਸਨ।

## ਔਰਤ ਦਿਵਸ ’ਤੇ

# ‘ਸੰਦਲੀ ਪੌਣਾਂ ਝੂੱਲਦੀਆਂ, ਜਿੱਥੇ ਔਰਤ ਦਾ ਸਨਮਾਨ’



ਪ੍ਰੋ: ਐਚ ਐਲ ਕਪੂਰ

**‘ਮਾਂ ਦਿਵਸ’** ਸੰਸਾਰ ਵਿਚ ਪਹਿਲੀ ਵਾਰ 1908 ਨੂੰ ਉੱਤਰੀ ਅਮਰੀਕਾ ਦੇ ਸ਼ਹਿਰ ਗਰਾਫਟਨ ਜੋ ਪੱਛਮੀ ਵਰਜੀਨੀਆ ਵਿਚ ਸਥਿਤ ਹੈ, ਵਿਖੇ ਮਨਾਇਆ ਗਿਆ। ਇਹ ਦਿਨ ਅੰਨਾ ਜਾਰਵਿਸ ਨਾਂ ਦੀ ਲੜਕੀ ਨੇ ਆਪਣੀ ਮਾਂ ਅੰਨਾ ਰੀਵਜ਼ ਜਾਰਵਿਸ ਦੀ 1908 ਵਿਚ ਹੋਈ ਮੌਤ ਉਪਰੰਤ ਮਨਾਇਆ। ਉਸਦੀ ਮਾਂ ਇਕ ਸਮਾਜ ਸੇਵਿਕਾ ਸੀ। ਅੱਗੋਂ ਤੋਂ ’ਮਾਂ ਦਿਵਸ’ ਹਰ ਸਾਲ ਮਈ ਮਹੀਨੇ ਦੇ ਦੂਸਰੇ ਐਤਵਾਰ ਨੂੰ ਮਨਾਉਣ ਦਾ ਫੈਸਲਾ ਵੀ ਕੀਤਾ ਗਿਆ। ਇਹ ਮਾਂ ਦਿਵਸ ਹਰ ਸਾਲ ਕੌਮਾਂਤਰੀ ਪੱਧਰ ਤੇ ਉਦੋਂ ਤੋਂ ਲੈ ਕੇ ਅੱਜ ਤੱਕ ਲਗਾਤਾਰ ਮਨਾਇਆ ਜਾਂਦਾ ਹੈ। ਭਾਰਤ ਵਿਚ ਪਹਿਲੀ ਵਾਰ ‘ਮਾਂ ਦਿਵਸ’ ਭਾਵ ‘ਮਹਿਲਾ ਦਿਵਸ’ 8 ਮਾਰਚ 1943 ਨੂੰ ਮਨਾਇਆ ਗਿਆ। ਇਸ ਦਿਨ ’ਤੇ ’ਮਾਂ’ ਜਾਂ ’ਮਹਿਲਾ’ ਦੀ ਮਹਾਨਤਾ ਨੂੰ ਸਮਝਿਆ ਜਾਂਦਾ ਹੈ ਤੇ ਬੱਚੇ ਉਸ ਨੂੰ ਤੋਹਫਿਆਂ ਦੇ ਰੂਪ ਵਿਚ ਤਰ੍ਹਾਂ-ਤਰ੍ਹਾਂ ਦੇ ਉਪਹਾਰ ਦਿੰਦੇ ਹਨ ਤੇ ਆਪਣੀ ਮਾਂ ਨੂੰ ਯਾਦ ਕਰਦੇ ਹਨ। ਇਸ ਦਿਨ ਨੂੰ ਲੱਗਭੱਗ 100 ਸਾਲ ਤੋਂ ਉਪਰ ਮਨਾਉਂਦਿਆਂ ਨੂੰ ਹੋ ਚੁੱਕੇ ਹਨ, ਇਸ ਦੇ ਬਾਵਜੂਦ ਅੱਜ ਵੀ ਔਰਤ ਪ੍ਰਤੀ ਮਰਦ ਦੀ ਸੋਚ ’ਚ ਫਰਕ ਨਹੀਂ ਆ ਸਕਿਆ। ਇਸ ਸਬੰਧੀ ਮੈਂ ਆਪਣੇ ਇਸ ਲੇਖ ਵਿਚ ਵਿਸਥਾਰ ਪੂਰਵਕ ਚਰਚਾ ਕਰ ਰਿਹਾ ਹਾਂ। ਆਦਿ ਕਾਲ ਤੋਂ ਹੀ ਔਰਤ ਆਪਣੇ ਸਵੈਮਾਨ ਲਈ ਤੇ ਆਪਣੀ ਹੋਂਦ ਭਾਵ ਹਸਤੀ ਨੂੰ ਕਾਇਮ ਰੱਖਣ ਲਈ ਸੰਘਰਸ਼ ਕਰ ਰਹੀ ਹੈ। ਆਦਮੀ ਨੇ ਮੁੱਢ-ਕਦੀਮ ਤੋਂ ਹੀ ਔਰਤ ਨੂੰ ਆਪਣੇ ਨਿਸ਼ਾਨੇ ਤੇ ਰੱਖਿਆ ਹੈ ਤੇ ਉਸ ਨੂੰ ਹਮੇਸ਼ਾ ਹੀ ਦਬਾਅ ਕੇ ਰੱਖਣ ਦੀ ਕੋਸ਼ਿਸ਼ ਕੀਤੀ ਹੈ। ਉਹ ਭਾਵੇਂ ਆਰਥਿਕ ਤੌਰ ਤੇ ਤਕੜੀ ਹੋਵੇ ਜਾਂ ਕਮਜ਼ੋਰ, ਸੁਤੰਤਰ ਹੋਵੇ ਜਾਂ ਗੁਲਾਮ, ਪੜ੍ਹੀ-ਲਿਖੀ ਹੋਵੇ ਜਾਂ ਅਨਪੜ੍ਹ, ਇਕ ਹੇਠਲੇ ਪੱਧਰ ਦੀ ਮਜ਼ਦੂਰ ਹੋਵੇ ਜਾਂ ਦੇਸ਼ ਦੇ ਉੱਚੇ ਤੋਂ ਉੱਚੇ ਅਹੁਦੇ ਤੇ ਬਿਰਾਜਮਾਨ, ਉਹ ਆਸਤਕ ਹੋਵੇ ਜਾਂ ਨਾਸਤਕ, ਧਨਵਾਨ ਹੋਵੇ ਜਾਂ ਨਿਰਧਨ ਆਮ ਤੌਰ ਤੇ ਉਹ ਮਰਦ ਪ੍ਰਧਾਨ ਸਮਾਜ ਵਿਚ ਆਪਣਾ ਜੀਵਨ ਬਤੀਤ ਕਰਦਿਆਂ ਆਪਣੇ ਵਿਅਕਤਿਤਵ ਦੀ ਸਹੀ ਕੀਮਤ ਨਹੀਂ ਪੁਆ ਸਕਦੀ। ਇਹ ਸਾਡੇ ਮਰਦ ਪ੍ਰਧਾਨ ਸਮਾਜ ਦੀ ਬੜੀ ਵੱਡੀ ਤ੍ਰਾਸਦੀ ਹੈ। ਵੈਸੇ ਵੀ ਇਹੀ ਨਜ਼ਰੀਆ ਸਾਨੂੰ ਦੁਨੀਆਂ ਦੇ ਹਰ ਦੇਸ਼ ਅੰਦਰ ਕਿਸੇ ਨਾ ਕਿਸੇ ਰੂਪ ਵਿਚ ਨਜ਼ਰ ਆ ਹੀ ਜਾਂਦਾ ਹੈ। ਅਸੀਂ ਆਪਣੇ ਜਾਂ ਦੁਨੀਆਂ ਦੇ ਇਤਿਹਾਸ ਵੱਲ ਜਦੋਂ ਨਜ਼ਰ ਮਾਰਦੇ ਹਾਂ ਤਾਂ ਸਾਨੂੰ ਆਪਣੇ ਜੀਵਨ ਦੇ ਹਰ ਪਹਿਲੂ ਵਿਚੋਂ, ਅਧਿਐਨ ਕਰਨ ਨਾਲ ਇਹ ਗੱਲ ਸਪਸ਼ਟ ਨਜ਼ਰ ਆਉਂਦੀ ਹੈ ਕਿ ਔਰਤ ਹਮੇਸ਼ਾ ਵਾਦ-ਵਿਵਾਦ ਦੇ ਘੇਰੇ ਵਿਚ ਰਹੀ ਹੈ। ਅਣਵਿਗਿਆਨਕ ਸੋਚ ਤੇ ਤਰਕਹੀਣ ਆਦਮੀ ਆਪਣੇ ਜੀਵਨ ਦੀ ਹਰ ਅਸਫਲਤਾ ਭਾਵੇਂ ਉਹ ਕਿਸੇ ਵੀ ਖੇਤਰ ਦੀ ਹੋਵੇ, ਉਸ ਨੂੰ ਔਰਤ ਹੀ ਆਪਣੀ ਅਸਫਲਤਾ ਦਾ ਕਾਰਨ ਨਜ਼ਰ ਆਉਂਦੀ ਹੈ। ਉਹ ਔਰਤ ਨੂੰ ਭੈੜੇ ਤੋਂ ਭੈੜੇ ਵਿਸ਼ੇਸ਼ਣਾਂ ਤੇ ਅਲੰਕਾਰਾਂ ਨਾਲ ਨਿਵਾਜਦਾ ਰਿਹਾ ਹੈ, ਜਿਵੇਂ- ਇਹ ਪੈਰ ਦੀ ਜੁੱਤੀ ਹੈ, ਇਸ ਦੀ ਗੁੱਤ ਪਿੱਛੇ ਮੱਤ ਹੈ, ਇਹ ਨਰਕ ਦਾ ਦਰਵਾਜ਼ਾ ਹੈ, ਮਰਦ ਦੀ ਤਰੱਕੀ ਵਿਚ ਅੜਿੱਕਾ ਹੈ, ਬੇਵਫ਼ਾ ਹੈ, ਪਰਾਇਆ ਧਨ ਹੈ, ਅਬਲਾ ਹੈ, ਮਨੁੱਖ ਤੇ ਇਕ ਬੋਝ ਹੈ, ਇਕ ਬਘਿਆੜਨ, ਸਪਣੀ ਤੇ ਡੈਣ ਹੈ ਆਦਿਕ। ਔਰਤ ਪ੍ਰਤੀ ਇਹ ਧਾਰਨਾ ਸਿਰਫ ਭਾਰਤ ਵਿਚ ਹੀ ਨਹੀਂ ਸਗੋਂ ਦੁਨੀਆਂ ਦੇ ਵਿਕਸਤ ਦੇਸ਼ਾਂ ਵਿਚ ਵੀ ਇਹ ਦੇਖਣ ਨੂੰ ਮਿਲਦੀ ਹੈ। ਅੰਗਰੇਜ਼ੀ ਸਾਹਿਤ ਦਾ ਸੰਸਾਰ ਪ੍ਰਸਿੱਧ ਨਾਟਕਕਾਰ ਵਿਲੀਅਮ ਸ਼ੇਕਸਪੀਅਰ ਔਰਤ ਨੂੰ ’ਕਮਜ਼ੋਰੀ ਦਾ ਦੂਸਰਾ ਨਾਮ ਦਿੰਦਾ ਹੈ।’ ਬਨਰਜ ਔਰਤ ਪ੍ਰਤੀ ਕਹਿੰਦਾ ਹੈ ਕਿ, ‘ਸ਼ੈਤਾਨ ਹੀ ਉਸ ਤੇ ਰਾਜ ਕਰਦਾ ਹੈ।’ ਨਿਤਜਸਚ ਔਰਤ ਨੂੰ ’ਰੱਬ ਦੀ ਦੂਸਰੀ ਗਲਤੀ ਮੰਨਦਾ ਹੈ।’ ਆਮ ਅਤੇ ਸਮੂਹਿਕ ਵਿਚਾਰਧਾਰਾ ਔਰਤ ਪ੍ਰਤੀ ਇਹੀ ਧਾਰਨੀ ਰੱਖਦੀ ਰਹੀ ਹੈ।

ਹਰ ਸਾਲ ਜਦੋਂ ਔਰਤ ਦਾ ਕੌਮੀ ਜਾਂ ਕੌਮਾਂਤਰੀ ਦਿਵਸ ਮਨਾਇਆ ਜਾਂਦਾ ਹੈ ਤਾਂ ਸਾਡੇ ਦੇਸ਼ ਵਿਚ ਹੀ ਨਹੀਂ, ਦੁਨੀਆਂ ਭਰ ਦੇ ਸਾਰੇ ਦੇਸ਼ਾਂ ਵਿਚ ਔਰਤ ਪ੍ਰਤੀ ਬੜੇ ਉੱਚੇ-ਉੱਚੇ ਦਮਗਜੇ ਮਾਰੇ ਜਾਂਦੇ ਹਨ, ਵੱਡੇ-ਵੱਡੇ ਭਾਸ਼ਣ ਦਿੱਤੇ ਜਾਂਦੇ ਹਨ, ਦੂਰਦਰਸ਼ਨ ਤੇ ਰੇਡੀਓ ਤੇ ਸਮਾਂ ਲੈ ਕੇ ਔਰਤ ਦੇ ਦਿਨ-ਦਿਹਾਰ ਨੂੰ ਮਨਾਉਣ ਦੇ ਬਹਾਨੇ ਨਾਲ, ਸਾਡੇ ਰਾਜਨੀਤਿਕ ਲੋਕ ਤੇ ਸਮਾਜ ਦੇ ਹੋਰ ਕਈ ਵਰਗਾਂ ਦੇ ਲੋਕ ਔਰਤ ਦੇ ਸਵੈਮਾਣ ਤੇ ਉਸ ਦੀ ਹੋਂਦ ਦੀਆਂ ਵੱਡੀਆਂ-ਵੱਡੀਆਂ ਗੱਲਾਂ ਕਰਕੇ ਔਰਤ ਵਰਗ ਦੀ ਹਮਦਰਦੀ ਹਾਸਲ ਕਰਨ ਦੇ ਯਤਨ ਕਰਦੇ ਹਨ। ਇਸ ਤਰ੍ਹਾਂ ਇਹ ਔਰਤ ਪ੍ਰਤੀ ਮਨਾਇਆ ਜਾਂਦਾ ਕੌਮੀ ਤੇ ਕੌਮਾਂਤਰੀ ਦਿਵਸ ਵੀ ਆਮ ਦਿਨਾਂ ਵਾਂਗ ਲੰਘ ਜਾਂਦਾ ਹੈ। ਔਰਤ ਨੂੰ ਆ ਰਹੀਆਂ ਮੁਸ਼ਕਿਲਾਂ ਉਸੇ ਤਰ੍ਹਾਂ ਹੀ ਬਰਕਰਾਰ ਰਹਿੰਦੀਆਂ ਹਨ। ਉਹਨਾਂ ਦਾ ਨਿਪਟਾਰਾ ਨਹੀਂ ਹੁੰਦਾ, ਸਗੋਂ ਹਾਲਾਤ ਹੋਰ ਵੀ ਗੁੰਝਲਦਾਰ ਤੇ ਨਿਰਾਸ਼ਾਜਨਕ ਹੋਈ ਜਾ ਰਹੇ ਹਨ। ਗੱਲ ਕੀ ‘ਪੰਚਾਂ ਦਾ ਕਹਿਣਾ ਸਿਰ ਮੱਥੇ, ਪਰਨਾਲਾ ਉਥੇ ਦਾ ਉਥੇ’ ਵਾਲੀ ਗੱਲ ਹੀ ਰਹਿੰਦੀ ਹੈ।

ਔਰਤ ਜਨਮ ਤੋਂ ਹੀ ਵਿਤਕਰੇ ਦਾ ਸ਼ਿਕਾਰ ਹੋ ਜਾਂਦੀ ਹੈ ਘਰ ਅਤੇ ਸਮਾਜ ਵਿਚ ਉਸ ਦਾ ਸਥਾਨ ਮਰਦ ਨਾਲੋਂ ਕਿਤੇ ਨੀਵਾਂ ਮੰਨਿਆ ਜਾਂਦਾ ਹੈ। ਉਸ ਦਾ ਪਾਲਣ-ਪੋਸ਼ਣ ਇਸ ਤਰੀਕੇ ਨਾਲ ਕੀਤਾ ਜਾਂਦਾ ਹੈ ਕਿ ਉਸ ਦੇ ਮਨ ਅੰਦਰ ਸੁਤੰਤਰ ਰਾਹ ਤੇ ਤੁਰਨ ਦੀ ਲਾਲਸਾ ਨਾ ਜਾਗੇ। ਪੰਜਾਬੀ ਦੀ ਮਹਾਨ ਲੇਖਿਕਾ ਅਜੀਤ ਕੌਰ ਨੇ ਔਰਤ ਦੀ ਇਸ ਵੇਦਨਾ ਨੂੰ ਤੇ ਔਰਤ ਦੇ ਦੁਖਾਂਤਾਂ ਨੂੰ ਆਪਣੀਆਂ ਰਚਨਾਵਾਂ ਵਿਚ ਵਿਸ਼ੇਸ਼ ਸਥਾਨ ਦਿੱਤਾ ਹੈ ਅਤੇ ਆਦਮੀ ਨੂੰ ਆਪਣੀ ਮਾਨਸਿਕਤਾ ਨੂੰ ਬਦਲਣ ਲਈ ਨਸੀਹਤ ਦਿੱਤੀ ਹੈ ਤੇ ਨਾਲ ਹੀ ਔਰਤ ਨੂੰ ਆਪਣੀ ਹੋਂਦ ਨੂੰ ਕਾਇਮ ਰੱਖਣ ਲਈ ਪ੍ਰਗਤੀਸ਼ੀਲ ਬਣੇ ਰਹਿਣ ਤੇ ਸੁਤੰਤਰ ਸੋਚ ਰੱਖਣ ਦੀ ਨਸੀਹਤ ਵੀ ਦਿੱਤੀ ਹੈ ਤਾਂ ਜੋ ਮਰਦ ਦੇ ਗਰੂਰ ਨੂੰ ਕਿ ‘ਮੈਂ ਮਰਦ ਹਾਂ ਤੇ ਸਭ ਕੁਝ ਕਰ ਸਕਦਾ ਹਾਂ’ ਨੂੰ ਤੋੜਿਆ ਜਾ ਸਕੇ।

ਮਰਦ ਦੀ ਨਕਾਰਾਤਮਕ ਸੋਚ ਦੀਆਂ ਜੜ੍ਹਾਂ ਸਾਡੇ ਸਮਾਜ ਵਿਚ ਬਹੁਤ ਡੂੰਘੀਆਂ ਲੱਗੀਆਂ ਹੋਈਆਂ ਹਨ। ਔਰਤ ਅਤੇ ਮਰਦ ਲਈ ਦੋ ਵੱਖਰੀ ਕਿਸਮ ਦੇ ਇਖਲਾਕੀ ਕਾਨੂੰਨ ਹਨ, ਦੋ ਵੱਖਰੀ ਕਿਸਮ ਦੀਆਂ ਇਖਲਾਕੀ ਕਦਰਾਂ ਕੀਮਤਾਂ ਹਨ, ਜਿਹਨਾਂ ਤਹਿਤ ਔਰਤ ਦੀ ਹਰ ਗੱਲ ਦਾ ਫੈਸਲਾ ਮਰਦ ਨੇ ਕਰਨਾ ਹੁੰਦਾ ਹੈ। ਮਰਦ ਪ੍ਰਧਾਨ ਸਮਾਜ ਦੀ ਹਮੇਸ਼ਾ ਇਹੋ ਨੀਤੀ ਰਹੀ ਹੈ ਕਿ ਇਸਤਰੀ ਦੇ ਸੁਭਾਅ ਨੂੰ ਆਪਣੇ ਸੁਆਰਥ ਅਨੁਸਾਰ ਢਾਲਿਆ ਜਾਵੇ। ਅਸਲ ਵਿਚ ਭਾਰਤੀ ਸਮਾਜ ਅੰਦਰ ਔਰਤ ਲਈ ਥਾਂ-ਥਾਂ ਤੇ ਬੰਦਸ਼ਾਂ ਤੇ ਅੜਿੱਕੇ ਹਨ। ਜਦੋਂ ਉਹ ਰੋਂਦੀ ਹੈ ਤਾਂ ਕਹਿੰਦੇ ਹਨ ਕਿ ਇਹ ਚਲਿੱਤਰ ਕਰਦੀ ਹੈ। ਸਭ ਤੋਂ ਵੱਧ ਕੇ ਬਲਾਤਕਾਰ ਦੀ ਤਲਵਾਰ ਹਰ ਵੇਲੇ ਔਰਤ ਦੇ ਸਿਰ ਤੇ ਲਟਕਦੀ ਰਹਿੰਦੀ ਹੈ। ਔਰਤ ਦੇ ਹੋ ਰਹੇ ਸ਼ੋਸ਼ਣ ਸਬੰਧੀ ਪ੍ਰਸਿੱਧ ਲੇਖਿਕਾ ਸ੍ਰੀਮਤੀ ਦਲੀਪ ਕੌਰ ਟਿਵਾਣਾ ਦਾ ਕਹਿਣਾ ਹੈ ਕਿ ਕਾਰੋਬਾਰੀ ਥਾਵਾਂ ਉਤੇ ਔਰਤ ਦਾ ਸ਼ੋਸ਼ਣ ਹਰੇਕ ਪੱਧਰ ਤੇ ਹੋ ਰਿਹਾ ਹੈ। ਕੁਝ ਨੌਕਰੀ ਪ੍ਰਾਪਤ ਕਰਨ ਲਈ ਤੇ ਕੁਝ ਨੂੰ ਆਪਣੀ ਨੌਕਰੀ ਬਚਾਉਣ ਲਈ ਗਲਤ ਕੰਮ ਕਰਨੇ ਪੈਂਦੇ ਹਨ। ਦੂਜਾ ਔਰਤ ਭਾਵੇਂ ਕੰਮਕਾਜੀ ਹੋਵੇ ਜਾਂ ਘਰੇਲੂ ਤਸ਼ੱਦਦ ਤੇ ਸ਼ੋਸ਼ਣ ਹਰ ਜਗ੍ਹਾ ਹੈ। ਜੇ ਉਹ ਆਪਣੇ ਪਤੀ ਦੀ ਕਿਸੇ ਗੱਲ ਦਾ ਵਿਰੋਧ ਕਰਦੀ ਹੈ ਤਾਂ ਪਤੀ ਵਿੰਗ-ਵਲ ਕੱਢਣ ਲਈ ਡੰਡੋਰਕਾ ਚੁੱਕ ਕੇ ਇਕ ਲੋਕ ਗੀਤ ਦੀ ਜਵਾਨੀ ਲਲਕਾਰਦਾ ਹੈ, “ਕਰਦੂੰ ਗਜ਼ ਵਰਗੀ, ਜੇ ਮੁੜ ਕੇ ਜਵਾਨ ਖੋਲ੍ਹੀ।”




ਅਸਲੀਅਤ ਤਾਂ ਇਹ ਹੈ ਕਿ ਸਾਡੇ ਦੇਸ਼ ਦੀ ਹਰ ਔਰਤ ਦਾ ਮਸਤਕ ਖੋਟਾ ਹੈ, ਅਜਿਹੇ ਮੁਸ਼ਕਿਲਾਂ ਭਰੇ ਹਾਲਾਤ ਨਾਲ ਜੂਝ ਰਹੀ ਔਰਤ, ਅਕਸਰ ਆਪਣੇ ਦਰਦ ਨੂੰ ਇਕ ਟੱਸ-ਟੱਸ ਕਰਦੇ ਫੋੜੇ ਵਾਂਗ ਗੰਢ ਦੇ ਕੇ ਰੱਖਦੀ ਹੈ, ਜਿਵੇਂ ਇਕ ਜ਼ਖਮੀ ਹੋਇਆ ਕਬੂਤਰ ਆਪਣੇ ਜ਼ਖਮਾਂ ਨੂੰ ਆਪਣੇ ਖੰਭਾਂ ਹੇਠ ਛੁਪਾਅ ਰੱਖਦਾ ਹੈ। ਇਸ ਤਰ੍ਹਾਂ ਔਰਤ ਆਪਣੇ ਦਿਲ ਵਿਚ ਕਿੰਨੇ ਹੀ ਦਰਦ ਛੁਪਾਈ ਰੱਖਦੀ ਹੈ। ਔਰਤ ਵਿਆਹ ਤੋਂ ਪਹਿਲਾਂ ਵੀ ਜ਼ੰਜੀਰਾਂ ਵਿਚ ਜਕੜੀ ਹੋਈ ਹੈ ਤੇ ਵਿਆਹ ਤੋਂ ਬਾਅਦ ਵੀ। ਪੰਜਾਬੀ ਸਾਹਿਤ ਦਾ ਮਸ਼ਹੂਰ ਸ਼ਾਇਰ ਸੁਰਜੀਤ ਪਾਤਰ ਔਰਤ ਦੇ ਦੁਖਾਂਤ ਨੂੰ ਆਪਣੀ ਕਵਿਤਾ ਵਿਚ ਇੰਝ ਬਿਆਨ ਕਰਦਾ ਹੈ:-

ਇਕ ਕੈਦ ’ਚੋਂ ਦੂਜੀ ਕੈਦ ਵਿਚ ਪਹੁੰਚ ਗਈ ਹੈ,
ਕੀ ਖੱਟਿਆ ਵਟਣਾ ਮਲ਼ਕੇ, ਮਹਿੰਦੀ ਲਾ ਕੇ।

ਇਹ ਸਵੈ-ਅਭਿਮਾਨੀ ਮਨੁੱਖ ਜੋ ਆਪਣੇ ਆਪ ਨੂੰ ਇਕ ਸੁਤੰਤਰ ਹੋਂਦ ਰੱਖਣ ਦਾ ਭਰਮ ਪਾਲੀ ਬੈਠਾ ਹੈ ਤੇ ਬੜੇ ਫਖਰ ਨਾਲ ਆਖਦਾ ਹੈ ਕਿ, ਮੈਂ ਕਿਸੇ ਤੋਂ ਡਰਦਾ ਨਹੀਂ ਹਾਂ ਤੇ ਨਾਲ ਹੀ ਉਹ ਮਹਾਂਪੁਰਖਾਂ ਦੇ ਦਿੱਤੇ ਗਏ ਉਪਦੇਸ਼ਾਂ ਦੀ ਪਾਲਣਾ ਵੀ ਨਹੀਂ ਕਰਦਾ ਹੈ। ਸਾਡੇ ਸ਼ਾਸਤਰਾਂ ਅਨੁਸਾਰ ਔਰਤ ਤੇ ਮਰਦ ਇਸ ਜੀਵਨ ਰੂਪੀ ਗੱਡੀ ਦੇ ਦੋ ਪਹੀਏ ਹਨ ਜੋ ਦੋਵੇਂ ਬਰਾਬਰ ਦੀ ਤਾਕਤ ਤੇ ਅਧਿਕਾਰ ਰੱਖਦੇ ਹਨ, ਜਿਹਨਾਂ ਨਾਲ ਜੀਵਨ ਦਾ ਸਾਵਾਂਪਣ ਬਣਿਆ ਰਹਿੰਦਾ ਹੈ, ਜੇਕਰ ਇਕ ਪਹੀਏ ਵਿਚ ਕੋਈ ਕੁਦਰਤੀ ਜਾਂ ਗੈਰ ਕੁਦਰਤੀ ਵਿਗਾੜ ਪੈ ਜਾਵੇ ਤਾਂ ਜੀਵਨ ਰੂਪੀ ਚਲਦੀ ਗੱਡੀ ਵਿਚ ਅਸਾਵਾਂਪਣ ਆ ਜਾਂਦਾ ਹੈ ਪਰ ਇਸ ਜੀਵਨ ਰੂਪੀ ਗੱਡੀ ਵਿਚ ਮਰਦ ਵੱਲੋਂ ਔਰਤ ਨੂੰ ਕਦੀ ਵੀ ਬਰਾਬਰ ਦਾ ਅੱਧ ਨਹੀਂ ਸਮਝਿਆ ਗਿਆ ਪਰ ਇਹ ਮਨੁੱਖ ਲਈ ਬੜੇ ਦੁੱਖ ਤੇ ਸ਼ਰਮ ਦੀ ਗੱਲ ਹੈ।

ਅੱਜ ਅਸੀਂ ਭਾਵੇਂ ‘ਕੌਮਾਂਤਰੀ ਜਾਂ ਕੌਮੀ ਮਹਿਲਾ ਦਿਵਸ’ ਮੌਕੇ ਤੇ ਕੀਤੇ ਗਏ ਸਮਾਗਮਾਂ ਤੇ ਔਰਤਾਂ ਦੇ ਹੱਕਾਂ ਲਈ ਲਾਏ ਗਏ ਵੱਡੇ-ਵੱਡੇ ਨਾਅਰਿਆਂ ਤੇ ਭਾਸ਼ਣਾਂ ਤੇ ਮਾਣ ਕਰੀਏ ਤੇ ਨਾਲ ਹੀ ਸੱਤਾ ਤੇ ਮਹੱਤਵਪੂਰਨ ਅਹੁਦਿਆਂ ਤੇ ਬਿਰਾਜਮਾਨ ਔਰਤਾਂ ਨੂੰ ਸਨਮਾਨ ਦੇ ਕੇ ਫਖਰ ਮਹਿਸੂਸ ਕਰੀਏ ਪਰ ਇਕ ਕੌੜਾ ਸੱਚ ਇਹ ਵੀ ਹੈ ਕਿ ਦੇਸ਼ ਵਿਚ ਅਜੇ ਵੀ ਕਰੋੜਾਂ ਔਰਤਾਂ ਨੂੰ ਅਨੇਕਾਂ ਮੁਸੀਬਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ‘ਕਬਾਇਲੀ ਖੋਜ ਅਤੇ ਸਭਿਆਚਾਰਕ ਫਾਊਂਡੇਸ਼ਨ’ ਵੱਲੋਂ ਕਰਵਾਏ ਗਏ ਸਰਵੇਖਣ ਨੇ ਜੰਮੂ-ਕਸ਼ਮੀਰ ਵਿਚ ਗੁੱਜਰ ਔਰਤਾਂ ਬਾਰੇ ਨਿਰਾਸ਼ਾਜਨਕ ਤੱਥ ਸਾਹਮਣੇ ਲਿਆਂਦੇ ਹਨ, ਭਾਵੇਂ ਇਸ ਦਾ ਦੋਸ਼ ਗਰੀਬੀ, ਅਨਪੜ੍ਹਤਾ, ਮਾੜਾ ਜੀਵਨ ਢੰਗ, ਜਲਦ ਵਿਆਹ, ਵਹਿਮ-ਭਰਮ, ਰਵਾਇਤੀ ਅਣਦੇਖੀ ਜਾਂ ਭਲਾਈ ਸਕੀਮਾਂ ਬਾਰੇ ਜਾਗਰੂਕਤਾ ਦੀ ਘਾਟ ਨੂੰ ਦੇਖੀਏ ਪਰ ਸੱਚ ਤਾਂ ਇਹ ਹੈ ਕਿ ਇਹਨਾਂ ਔਰਤਾਂ ਨੂੰ ਸਮਾਜਿਕ-ਰਾਜਨੀਤਿਕ ਖੇਤਰ ਵਿਚ ਘੱਟ ਪ੍ਰਤੀਨਿਧਤਾ ਮਿਲਦੀ ਹੈ। ਉਹਨਾਂ ਦੀ ਸ਼ਮੂਲੀਅਤ ਨਾ ਕੇਵਲ ਸੂਬੇ ਦੀ ਨੀਤੀ ਨਿਰਮਾਣ ਢਾਂਚੇ ਵਿਚ ਹੀ ਨਾਮਾਤਰ ਹੈ, ਸਗੋਂ ਗੁੱਜਰ ਮਾਮਲਿਆਂ ਲਈ ਕੰਮ ਕਰ ਰਹੇ ਇਕਮਾਤਰ ਮਹਿਕਮੇ ਵਿਚ ਵੀ ਉਹ ਪ੍ਰਤੱਖ ਤੌਰ ਤੇ ਗੈਰ ਹਾਜ਼ਰ ਹਨ।

ਅਗਰ ਸਮੁੱਚੇ ਭਾਰਤ ਵਿਚ ਔਰਤ ਦੀ ਦਸ਼ਾ ਤੇ ਝਾਤ ਮਾਰੀਏ ਤਾਂ ਇਸ ਦੇ ਨਤੀਜੇ ਬੜੇ ਹੈਰਾਨੀਜਨਕ ਸਾਡੇ ਸਾਹਮਣੇ ਆਉਂਦੇ ਹਨ, ਭਾਵੇਂ ਜੰਮੂ-ਕਸ਼ਮੀਰ ਦੀਆਂ ਔਰਤਾਂ ਦੇ ਸਰਵੇ ਦੀ ਗੱਲ ਹੋਵੇ ਜਾਂ ਹੋਰ ਸੂਬਿਆਂ ਦੀ ਗੱਲ ਹੋਵੇ, ਵੱਡੀ ਗਿਣਤੀ ਵਿਚ ਲੜਕੀਆਂ ਸਕੂਲਾਂ ਵਿਚ ਪੜ੍ਹਾਈ ਲਈ ਨਹੀਂ ਜਾਂਦੀਆਂ। ਜਿਹਨਾਂ ਕੁਝ ਲੜਕੀਆਂ ਨੂੰ ਸਕੂਲਾਂ ਵਿਚ ਦਾਖਲਾ ਮਿਲ ਵੀ ਜਾਂਦਾ ਹੈ, ਉਹ ਆਪਣੀਆਂ ਘਰੇਲੂ ਮਜਬੂਰੀਆਂ ਤੇ ਆਰਥਿਕ ਤੰਗੀਆਂ ਕਾਰਨ ਆਪਣੀ ਪੜ੍ਹਾਈ ਜਾਰੀ ਨਹੀਂ ਰੱਖ ਸਕਦੀਆਂ। ਇਸੇ ਮੁੱਖ ਕਾਰਨ ਕਰਕੇ ਔਰਤਾਂ ਦੀ ਸਾਖਰਤਾ ਦਰ ਰਸਾਤਲ ਵੱਲ ਜਾ ਰਹੀ ਹੈ। ਉਹਨਾਂ ਵਿਚੋਂ 70 ਫੀਸਦੀ ਤੋਂ ਜ਼ਿਆਦਾ ਔਰਤਾਂ ਅਨਪੜ੍ਹ ਹਨ। ਹੁਣ ਇਹ ਉਮੀਦ ਕੀਤੀ ਜਾਂਦੀ ਹੈ ਕਿ ਕਾਨੂੰਨੀ ਤੌਰ ਤੇ ਲਾਗੂ ਹੋ ਸਕਣ ਵਾਲਾ ’ਸਿੱਖਿਆ ਦਾ ਅਧਿਕਾਰ’ ਔਰਤ ਦੀ ਮਦਦ ਕਰੇਗਾ। ਕੁਝ ਵਰਗਾਂ ਨੂੰ ਕਈ ਪੱਧਰਾਂ ’ਤੇ ਵਿਤਕਰੇ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਹੈ। ਸਭ ਸੂਬਿਆਂ ਵਿਚ ਅਨੁਸੂਚਿਤ ਜਨ ਜਾਤੀਆਂ ਲਈ ਰਾਖਵੇਂਕਰਨ ਜਿਹੀਆਂ ਹਾਂ-ਪੱਖੀ ਨੀਤੀਆਂ ਪਹਿਲਾਂ ਹੀ ਮੌਜੂਦ ਹਨ ਅਤੇ ਲੋੜ ਤਾਂ ਸਿਰਫ ਜਾਗਰੂਕਤਾ ਮੁਹਿੰਮ ਚਲਾਉਣ ਦੀ ਹੈ। ਭਾਰਤ ਸਰਕਾਰ ਦੇ ’ਸਰਵ-ਸਿੱਖਿਆ ਅਭਿਆਨ’ ਦੀ ਨੀਤੀ ਨਾਲ ਮੌਜੂਦਾ ਅਧਿਐਨ ਤੇ ਸਰਵੇਖਣ ਇਹ ਦੱਸਦੇ ਹਨ ਕਿ ਸਮੁੱਚੇ ਭਾਰਤ ਵਰਸ਼ ਵਿਚ ਲੜਕੀਆਂ ਦੀ ਪੜ੍ਹਾਈ ਵੱਲ ਰੁਝਾਨ ਵਧਿਆ ਹੈ ਤੇ ਇਹ ਔਰਤ ਨੂੰ ਸਾਖਰ ਕਰਨ ਵੱਲ ਚੰਗੇ ਸੰਕੇਤ ਹਨ। ਇਸ ਜਾਗਰੂਕਤਾ ਅਭਿਆਨ ਰਾਹੀਂ ਔਰਤ ਪ੍ਰਤੀ ਪ੍ਰੰਪਰਾਗਤ ਨਜ਼ਰੀਏ ਨੂੰ ਬਦਲਣਾ ਚਾਹੀਦਾ ਹੈ ਜੋ ਔਰਤ ਨੂੰ ਸਾਖਰ ਕਰਨ ਦੇ ਰਾਹ ਵਿਚ ਰੋੜਾ ਅਟਕਾਉਂਦਾ ਹੈ। ਔਰਤ ਦਾ ਕਿਸੇ ਕਿਸਮ ਦਾ ਸਸ਼ਕਤੀਕਰਨ ਉਦੋਂ ਤੱਕ ਕੋਈ ਮਾਇਨੇ ਨਹੀਂ ਰੱਖਦਾ, ਜਿੰਨਾ ਚਿਰ ਇਹ ਆਮ ਔਰਤਾਂ ਤੱਕ ਨਹੀਂ ਪਹੁੰਚਦਾ ਅਤੇ ਔਰਤਾਂ ਨੂੰ ਬਰਾਬਰ ਦੇ ਮੌਕੇ ਪ੍ਰਦਾਨ ਨਹੀਂ ਕਰਦਾ।

ਪੁਰਾਤਨ ਸ਼ਾਸਤਰ ਮਨੁੱਖੀ ਜੀਵਨ ਦੇ ਜਿੱਥੇ ਔਰਤ ਤੇ ਮਰਦ ਨੂੰ ਦੋ ਪਹੀਏ ਦੱਸਦੇ ਹਨ, ਉਥੇ ਔਰਤ ਦਾ ਨਾਂ ਆਉਂਦਿਆਂ ਹੀ ਮਨੁੱਖ ਦੀ ਹੋਂਦ ਨੂੰ ਸੰਸਾਰ ਵਿਚ ਲਿਆਉਣ ਵਾਲੀ (ਭਾਵ ਮਨੁੱਖ ਦੀ ਜਨਮਦਾਤੀ) ਤਿਆਗ, ਸਹਿਣਸ਼ੀਲਤਾ ਅਤੇ ਬਲੀਦਾਨ ਦੀ ਤਸਵੀਰ ਸਾਡੀ ਚੇਤਨਾ ਦਾ ਆਂਗਨ ਮੱਲ ਲੈਂਦੀ ਹੈ। ਔਰਤ ਦੀ ਮਹਾਨਤਾ ਨੂੰ ਅੱਜ ਤੋਂ ਕੋਈ ਪੰਜ ਸਦੀਆਂ ਤੋਂ ਵੀ ਜ਼ਿਆਦਾ ਸਮਾਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਆਪਣੀ ਰਚਨਾ ’ਆਸਾ ਦੀ ਵਾਰ’ ਵਿਚ ਇੰਝ ਬਿਆਨ ਕੀਤਾ ਹੈ:

‘ਭੰਡੁ ਮੋਆ ਭੰਡ ਭਾਲੀਐ, ਭੰਡ ਹੋਵੈ ਵਰਦਾਨ,
ਸੋ ਕਿਉ ਮੰਦਾ ਆਖੀਐ ਜਿਤੁ ਜੰਮੈ ਰਾਜਾਨ।

ਭਾਵ ਅਸੀਂ ਉਸ ਔਰਤ ਨੂੰ ਮੰਦਾ ਜਾਂ ਬੁਰਾ ਕਿਉਂ ਆਖਦੇ ਹਾਂ, ਜਿਹੜੀ ਰਾਜੇ ਮਹਾਰਾਜਿਆਂ ਨੂੰ ਜਨਮ ਦਿੰਦੀ ਹੈ। ਇਕ ਵਿਆਹੁਤਾ ਔਰਤ ਦੇ ਮਰਨ ਬਾਅਦ ਅਸੀਂ ਥੋੜ੍ਹੇ ਸਮੇਂ ਲਈ ਵੀ ਸਬਰ ਨਹੀਂ ਕਰ ਸਕਦੇ ਤੇ ਦੂਸਰੇ ਵਿਆਹ ਲਈ ਨਵੀਂ ਔਰਤ ਭਾਲਣੀ ਸ਼ੁਰੂ ਕਰ ਦਿੰਦੇ ਹਾਂ। ਅਕਸਰ ਇਹ ਦੇਖਿਆ ਜਾਂਦਾ ਹੈ ਕਿ ਜਦੋਂ ਕਿਸੇ ਦੀ ਜਵਾਨ ਔਰਤ ਮਰ ਜਾਂਦੀ ਹੈ ਤਾਂ ਲੋਕ ਅਫਸੋਸ ਕਰਨ ਜਾਂਦੇ ਹਨ ਤੇ ਫੂਹੜੀ ਤੇ ਅਫਸੋਸ ਕਰਦੇ ਸਮੇਂ ਹੀ ਆਖੀ ਜਾਣਗੇ ਕਿ ਮਾੜਾ ਹੋਇਆ ਅਜੇ ਤਾਂ ਉਮਰ ਹੀ ਕੀ ਸੀ, ਵਿਚਾਰੀ ਦੇ ਛੋਟੇ-ਛੋਟੇ ਬੱਚੇ ਸਨ, ਉਹਨਾਂ ਨੂੰ ਕੌਣ ਸੰਭਾਲੇਗਾ, ਚਲੋ ਹੁਣ ਤਾਂ ਤੇਰਾ ਕੋਈ ਨਾ ਕੋਈ ਵਿਆਹ ਦਾ ਜੁਗਾੜ ਕਰਦੇ ਹਾਂ, ਨਾਲੇ ਬੱਚੇ ਸੰਭਾਲੇ ਜਾਣਗੇ ਤੇ ਨਾਲੇ ਕਾਕਾ ਤੇਰੀ ਰੋਟੀ ਪੱਕਣੀ ਹੋ ਜਾਊਗੀ ਆਦਿ-ਆਦਿ ਗੱਲਾਂ ਕਰਦੇ ਹਨ। ਇੱਥੇ ਸੋਚਣ ਵਾਲੀ ਗੱਲ ਇਹ ਹੈ ਕਿ ਅਜੇ ਸੋਗ ਖਤਮ ਨਹੀਂ ਹੋਇਆ ਹੁੰਦਾ ਕਿ ਲੋਕ ਨਵੇਂ ਵਿਆਹ ਲਈ ਔਰਤ ਦੀ ਭਾਲ ਕਰਨ ਦੀ ਗੱਲ ਸ਼ੁਰੂ ਕਰ ਦਿੰਦੇ ਹਨ, ਇਹ ਨਹੀਂ ਸੋਚਦੇ ਕਿ ਅਜੇ ਤਾਂ ਸੋਗ ਵੀ ਖਤਮ ਨਹੀਂ ਹੋਇਆ। ਉਂਝ ਉਹਨਾਂ ਦਾ ਔਰਤ ਬਿਨਾਂ ਨਾ ਗੁਜ਼ਾਰਾ ਹੁੰਦਾ ਹੈ ਤੇ ਨਾ ਹੀ ਉਹ ਮਨੁੱਖ ਆਪਣਾ ਜੀਵਨ ਪੰਧ ਮੁਕਾਅ ਸਕਦਾ ਹੈ। ਇੱਥੇ ਮਨੁੱਖ ਆਪਣੀ ਮਾਨਸਿਕਤਾ ਬਦਲੇ, ਔਰਤ ਨੂੰ ਮਾਨਤਾ ਤੇ ਸਤਿਕਾਰ ਦੇਵੇ ਤੇ ਉਸ ਨੂੰ ਸਮਾਜਿਕ ਬਰਾਬਰੀ ਦੇਣ ਦੀ ਗੱਲ ਨੂੰ ਆਪਣੇ ਖਾਨੇ ਵਿਚ ਪਾਵੇ ਤੇ ਉਸ ਦਾ ਰੁਤਬਾ ਬਰਾਬਰ ਸਮਝੇ ਕਿ ਉਹ ਮੇਰੇ ਨਾਲੋਂ ਕਿਸੇ ਗੱਲੋਂ ਵੀ ਘੱਟ ਨਹੀਂ ਹੈ, ਸਗੋਂ ਮਨੁੱਖ ਨਾਲੋਂ ਉਹ ਕਿਤੇ ਮਹਾਨ ਹੈ, ਇੰਝ ਕਰਨ ਨਾਲ ਹੀ ਔਰਤ ਦੀ ਹੋਂਦ ਨੂੰ ਸਮਾਜ ਵਿਚ ਮਰਦ ਦੇ ਬਰਾਬਰ ਸਥਾਪਤ ਕੀਤਾ ਜਾ ਸਕਦਾ ਹੈ। ਉਸ ਸਮੇਂ ਗੁਰੂ ਨਾਨਕ ਦੇਵ ਜੀ ਨੇ ਮਨੁੱਖ ਨੂੰ, ਔਰਤ ਦਾ ਸਤਿਕਾਰ ਕਰਨ ਲਈ ਲਲਕਾਰਿਆ ਸੀ ਤੇ ਆਪਣੇ ਹੱਕਾਂ ਦੀ ਖਾਤਰ ਤੜਫਦੀ ਔਰਤ ਦੇ ਹੱਕ ਵਿਚ ਆਪਣੀ ਆਵਾਜ਼ ਬੁਲੰਦ ਕੀਤੀ ਸੀ, ਕਿਉਂਕਿ ਉਸ ਸਮੇਂ ਔਰਤ ਦੀ ਸਮਾਜ ਵਿਚ ਬਹੁਤ ਮੰਦੀ ਹਾਲਤ ਸੀ। ਗੁਰੂ ਜੀ ਦੇ ਇਸ ਕ੍ਰਾਂਤੀਕਾਰੀ ਕਦਮ ਨੂੰ ਦੂਸਰੇ ਗੁਰੂ ਸਾਹਿਬਾਨ ਨੇ ਅੱਗੇ ਤੋਰਿਆ। ਗੁਰੂ ਅਮਰਦਾਸ ਜੀ ਨੇ ’ਸਤੀ ਦੀ ਰਸਮ( ਵਿਰੁੱਧ ਆਪਣੀ ਆਵਾਜ਼ ਬੁਲੰਦ ਕੀਤੀ। ਗੁਰੂ ਗੋਬਿੰਦ ਸਿੰਘ ਜੀ ਨੇ ਮਾਤਾ ਸਾਹਿਬ ਕੌਰ ਜੀ ਨੂੰ ’ਖਾਲਸੇ ਦੀ ਮਾਤਾ’ ਹੋਣ ਦਾ ਮਾਣ ਬਖਸ਼ਿਆ। ਇਸ ਤਰ੍ਹਾਂ ਗੁਰੂ ਸਾਹਿਬਾਨ ਨੇ ਸਦੀਆਂ ਤੋਂ ਬੰਦੀ ਬਣਾਈ ਔਰਤ ਨੂੰ ਇਕ ਤਰ੍ਹਾਂ ਨਾਲ ਆਜ਼ਾਦ ਕਰ ਦਿੱਤਾ। ਔਰਤ ਨੂੰ ਬੇਵਫ਼ਾ, ਝੂਠੀ ਤੇ ਧੋਖੇਬਾਜ਼ ਕਹਿਣ ਵਾਲਿਓ! ਜ਼ਰਾ ਆਪਣੇ ਅੰਦਰ ਝਾਤੀ ਮਾਰ ਕੇ ਦੇਖੋ ਕਿ ਤੁਸੀਂ ਕਿੰਨੇ ਕੁ ਸੱਚੇ-ਸੁੱਚੇ ਤੇ ਦੁੱਧ ਧੋਤੇ ਹੋ? ਸੱਚ ਤਾਂ ਇਹ ਹੈ ਕਿ ‘ਅਸੀਂ ਤਾਂ ਔਰਤ ਤੋਂ ਜਨਮ ਲੈ ਕੇ ਔਰਤ ਦੇ ਦੇਣਦਾਰ ਹਾਂ। ਜਿਸ ਨੇ ਪਹਿਲਾਂ ਜ਼ਿੰਦਗੀ ਦਿੱਤੀ ਅਤੇ ਫਿਰ ਜ਼ਿੰਦਗੀ ਨੂੰ ਜਿਊਣ ਯੋਗ ਬਣਾਇਆ।” ਇਸ ਲਈ ਜਿੰਨਾ ਕੁਦਰਤ ਦੇ ਬੰਦਿਆਂ ਨੇ ਔਰਤ ਦਾ ਆਦਰਸ਼ ਰੂਪ ਦੇਖ ਲਿਆ ਹੈ, ਉਹ ਇਸ ਦੇ ਪੁਜਾਰੀ ਬਣ ਗਏ ਹਨ।

ਪੰਜਾਬੀ ਦਾ ਮਹਾਨ ਪਿਤਾਮਾ ਨਾਵਲਕਾਰ ਨਾਨਕ ਸਿੰਘ ਆਪਣੇ ਨਾਵਲ ’ਕੱਟੀ ਪਤੰਗ’ ਵਿਚ ਔਰਤ ਬਾਰੇ ਆਖਦਾ ਹੈ ਕਿ ਅੱਜ ਸਾਡੇ ਸਮਾਜ ਵਿਚ ਔਰਤ ਦੀ ਹਾਲਤ ਇਕ ਕੱਟੀ ਹੋਈ ਪਤੰਗ ਵਾਂਗ ਹੈ ਜੋ ਬਚਪਨ ਵਿਚ ਮਾਤਾ-ਪਿਤਾ ਦੀ ਗੁਲਾਮੀ, ਵਿਆਹੀ ਜਾਣ ਤੇ ਪਤੀ ਦੀ ਗੁਲਾਮੀ ਤੇ ਬੁੱਢੇ ਹੋ ਜਾਣ ਤੇ ਫਿਰ ਆਪਣੇ ਧੀਆਂ-ਪੁੱਤਰਾਂ ਦੀ ਗੁਲਾਮੀ ਦਾ ਸਾਹਮਣਾ ਕਰਦੀ ਹੈ। ਉਸ ਦੀ ਹਾਲਤ ਇਕ ਕੱਟੀ ਹੋਈ ਪਤੰਗ ਵਾਂਗ ਹੈ, ਜਿਸ ਨੂੰ ਕੱਟੀ ਜਾਣ ’ਤੇ ਹਰ ਆਦਮੀ ਲੁੱਟਣ ਲਈ ਦੌੜਦਾ ਹੈ ਤੇ ਉਹ ਟੁੱਟ ਹੋ ਕੇ ਪੁਰਜਾ-ਪੁਰਜਾ ਹੋ ਜਾਂਦੀ ਹੈ। ਪਰ ਇਸ ਦੇ ਉਲਟ ਉਹ ਆਪਣੇ ਅਗਲੇ ਨਾਵਲ ’ਅੱਧ ਖਿੜਿਆ ਫੁੱਲ’ ਵਿਚ ਔਰਤ ਦੀ ਮਹਾਨਤਾ ਦੀ ਗੱਲ ਇਸ ਤਰ੍ਹਾਂ ਕਰਦਾ ਹੈ, ’’ਮੈਂ ਇਸਤਰੀ ਨੂੰ ਏਡੀ ਉੱਚਤਾ, ਏਡੀ ਵਿਸ਼ਾਲਤਾ ਕਿਵੇਂ ਪ੍ਰਾਪਤ ਕਰ ਲਈ? ਸਹਿਣਸ਼ੀਲਤਾ ਦੇ ਸੋਮੇ ਤੇਰੇ ਅੰਦਰ, ਮਸਤੀ ਦੀ ਕਾਗਾਂ ਤੇਰੇ ਵਿਚ, ਤਿਆਗ ਦੇ ਅਟੁੱਟ ਪਹਾੜ ਤੇਰੇ ਵਿਚ, ਪਿਆਰ ਦੇ ਅਥਾਹ ਸਮੁੰਦਰ ਤੇਰੇ ਵਿਚ। ਇਹ ਸਭ ਕੁਝ ਹੇ ਇਸਤਰੀ ਤੂੰ ਕਿਵੇਂ ਪ੍ਰਾਪਤ ਕਰ ਲਿਆ?

ਸ਼ਿਵ ਕੁਮਾਰ ਬਟਾਲਵੀ ਔਰਤ ਦੀ ਮਹਾਨਤਾ ਬਾਰੇ ਇੰਝ ਲਿਖਦਾ ਹੈ, ’’ਗੱਲ ਕੀ ਔਰਤ ਕੁਦਰਤ ਦਾ ਇਕ ਅਜਿਹਾ ਅਦਭੁਤ ਤੇ ਰਹੱਸਮਈ ਕਰਿਸ਼ਮਾ ਹੈ ਜੋ ਆਦਿ ਕਾਲ ਤੋਂ ਹੀ ਸਾਰੇ ਸੰਸਾਰ ਦਾ ਭਾਰ ਚੁੱਕੀ ਫਿਰਦਾ ਹੈ। ਇੰਝ ਜਾਪਦਾ ਹੈ ਜਿਵੇਂ ਧਰਤੀ ਬਲਦ ਦਿਆਂ ਸਿੰਗਾਂ ਤੋਂ ਆਪਣਾ ਸਥਾਨ ਬਦਲ ਕੇ ਔਰਤ ਦਿਆਂ ਮੋਢਿਆਂ ’ਤੇ ਟਿਕੀ ਹੋਵੇ। ਦੂਜੇ ਬੰਨੇ ਮਰਦ ਜਨਮ ਤੋਂ ਲੈ ਕੇ ਮਰਨ ਤੱਕ ਹਰ ਕੰਮ ਲਈ ਔਰਤ ਤੇ ਨਿਰਭਰ ਕਰਦਾ ਹੈ। ਕਦੇ ਮਾਂ, ਕਦੇ ਭੈਣ, ਕਦੇ ਪਤਨੀ ਦੇ ਰੂਪ ਵਿਚ। ਜ਼ਾਹਿਰ ਹੈ ਔਰਤ, ਮਰਦ ਨੂੰ ਕੁਦਰਤ ਵੱਲੋਂ ਦਿੱਤੀ ਸਭ ਤੋਂ ਸ੍ਰੇਸ਼ਟ ਸੌਗਾਤ ਹੈ। ਇਸ ਲਈ ਕਿਹਾ ਜਾ ਸਕਦਾ ਹੈ ਕਿ ਔਰਤ ਸੰਸਾਰ ਰੂਪੀ ਬਾਗ ਵਿਚ ਸਭ ਤੋਂ ਉੱਤਮ ਫੁੱਲ ਹੈ। ਇਹ ਸੰਸਾਰ ਕਦੀ ਇੰਨਾ ਖੂਬ-ਸੂਰਤ ਤੇ ਦਿਲਕਸ਼ ਨਾ ਹੁੰਦਾ ਜੇ ਇਸ ਵਿਚ ਔਰਤ ਨਾ ਹੁੰਦੀ ਕਿਉਂਕਿ ਧਰਤੀ ’ਤੇ ਜੋ ਕੁਝ ਸੋਹਣਾ ਹੈ ਉਸ ਦੇ ਪਿੱਛੇ ਔਰਤ ਅਵੱਸ਼ ਹੈ।’’

ਸਮਾਜ ਦੇ ਇਸ ਚਿੱਕੜ ਵਿਚ ਔਰਤ ਰੂਪੀ ਕੰਵਲ ਖਿੜਦੇ ਹਨ। ਸਾਡੇ ਭਾਰਤ ਦੇ ਇਤਿਹਾਸ ਵਿਚ ਝਾਂਸੀ ਦੀ ਰਾਣੀ ਅਤੇ ਮਾਈ ਭਾਗੋ ਨੂੰ ਸ਼ਕਤੀ ਦਾ ਸੰਚਾਰ ਕਰਨ ਦਾ ਆਦਰਸ਼ ਮੰਨਦੇ ਹਨ। ਕਿਰਨ ਬੇਦੀ ਨੂੰ ਇਕ ਪ੍ਰਤਿਭਾਸ਼ਾਲੀ, ਬਲਵਾਨ ਤੇ ਇਕ ਸੁਚਾਰੂ ਪ੍ਰਬੰਧਕ, ਪੀ. ਟੀ. ਊਸ਼ਾ ਨੂੰ ਖੇਡ ਮੈਦਾਨ ਦੀ ਝੰਡਾ ਬਰਦਾਰ, ਅੰਮ੍ਰਿਤਾ ਪ੍ਰੀਤਮ, ਡਾ. ਦਲੀਪ ਕੌਰ ਟਿਵਾਣਾ ਤੇ ਲੇਖਿਕਾ ਅਜੀਤ ਕੌਰ ਨੂੰ ਸਾਹਿਤ ਦੀ ਵਿਲੱਖਣ ਹਸਤਾਖਰ, ਕਲਪਨਾ ਚਾਵਲਾ ਸਪੇਸ ਦੀ ਪਹਿਲੀ ਰਾਣੀ, ਲਤਾ ਮੰਗੇਸ਼ਕਰ ਨੂੰ ਸੁਰੀਲੀ ਆਵਾਜ਼ ਦੇ ਸੂਰਜ ਦਾ ਪ੍ਰਤੀਨਿਧ ਰੂਪ ਸਮਝਦੇ ਹਾਂ। ਭਾਵੇਂ ਇਹ

(ਬਾਕੀ ਅਗਲ ਸਫੇ ‘ਤੇ)

### ਅੰਤਰਰਾਸ਼ਟਰੀ ਔਰਤ ਦਿਵਸ 08 ਮਾਰਚ ਲਈ ਵਿਸ਼ੇਸ਼

# ਅੰਤਰਰਾਸ਼ਟਰੀ ਔਰਤ ਦਿਵਸ ਮਹਿਲਾਵਾਂ ਨੂੰ ਉਹਨਾਂ ਦੀ ਸ਼ਕਤੀ, ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਤਰੱਕੀ ਦਿਵਾਉਣ ਅਤੇ ਦਾ ਦਿਨ

ਅੱਜ 08 ਮਾਰਚ ਨੂੰ ਦੁਨੀਆ ਦੇ ਵੱਖ ਵੱਖ ਭਾਗਾਂ ਵਿੱਚ ਅੰਤਰ-ਰਾਸ਼ਟਰੀ ਮਹਿਲਾ ਦਿਵਸ ਮਨਾਇਆ ਜਾ ਰਿਹਾ ਹੈ। ਅੰਤਰ-ਰਾਸ਼ਟਰੀ ਮਹਿਲਾ ਦਿਵਸ 8 ਮਾਰਚ 2023 ਦਾ ਮੁੱਖ ਵਿਸ਼ਾ ਹੈ, "ਡਿਜੀਟਲ: ਲਿੰਗ ਸਮਾਨਤਾ ਲਈ ਨਵੀਨਤਾ ਅਤੇ ਤਕਨਾਲੋਜੀ"। ਇਹ ਥੀਮ ਔਰਤਾਂ ਦੀ ਸਥਿਤੀ ਤੇ ਕਮਿਸ਼ਨ ਦੇ ਆਗਾਮੀ 67ਵੇਂ ਸੈਸ਼ਨ ਨਵੀਨਤਾ ਅਤੇ ਤਕਨੀਕੀ ਤਬਦੀਲੀ ਅਤੇ ਲਿੰਗ ਸਮਾਨਤਾ ਪ੍ਰਾਪਤ ਕਰਨ ਲਈ ਡਿਜੀਟਲ ਯੁੱਗ ਵਿੱਚ ਸਿੱਖਿਆ ਅਤੇ ਸਾਰੀਆਂ ਔਰਤਾਂ ਦੇ ਸਸ਼ਕਤੀਕਰਨ ਲਈ ਤਰਜੀਹੀ ਥੀਮ ਨਾਲ ਮਿਲਦਾ ਹੈ। ਸੰਯੁਕਤ ਰਾਸ਼ਟਰ ਔਰਤਾਂ ਅਤੇ ਲੜਕੀਆਂ ਨੂੰ ਮਾਨਤਾ ਦਿੰਦਾ ਹੈ ਅਤੇ ਉਹਨਾਂ ਦਾ ਜਸ਼ਨ ਮਨਾਉਂਦਾ ਹੈ ਜੋ ਪਰਿਵਰਤਨਸ਼ੀਲ ਤਕਨਾਲੋਜੀ ਅਤੇ ਡਿਜੀਟਲ ਸਿੱਖਿਆ ਦੀ ਉੱਨਤੀ ਨੂੰ ਅੱਗੇ ਵਧਾ ਰਹੀਆਂ ਹਨ। ਅੰਤਰ-ਰਾਸ਼ਟਰੀ ਮਹਿਲਾ ਦਿਵਸ ਆਰਥਿਕ ਅਤੇ ਸਮਾਜਿਕ ਅਸਮਾਨਤਾਵਾਂ ਨੂੰ ਵਧਾਉਣ ਤੇ ਡਿਜੀਟਲ ਲਿੰਗ ਅਧਾਰਿਤ ਵਿਤਕਰੇ ਦੇ ਪ੍ਰਭਾਵ ਦੀ ਪੜਚੋਲ ਕਰੇਗਾ। ਸੰਯੁਕਤ ਰਾਸ਼ਟਰ ਸੰਘ ਦੇ ਅਨੁਸਾਰ ਕਿਸੇ ਸਮਾਜ ਵਿੱਚ ਪੈਦਾ ਹੋਈ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਸਮੱਸਿਆਵਾਂ ਦਾ ਹੱਲ ਮਹਿਲਾਵਾਂ ਦੀ ਸਾਂਝੇਦਾਰੀ ਤੋਂ ਬਿਨਾਂ ਨਹੀਂ ਕੀਤਾ ਜਾ ਸਕਦਾ ਹੈ। ਮਹਿਲਾਵਾਂ ਦੀ ਸੁਰੱਖਿਆ ਅਤੇ ਵਿਕਾਸ ਲਈ ਪ੍ਰਭਾਵਸ਼ਾਲੀ ਯੋਜਨਾਵਾਂ ਬਣਾਉਣੀਆਂ ਅਤੇ ਸੱਖਤੀ ਨਾਲ ਲਾਗੂ ਕਰਨ ਦੀ ਜਰੂਰਤ ਹੈ। ਜੇਕਰ ਅੰਤਰਰਾਸ਼ਟਰੀ ਮਹਿਲਾ ਦਿਵਸ ਦਾ ਇਤਿਹਾਸ ਵੇਖੀਏ ਤਾਂ ਪ੍ਰਾਚੀਨ ਗ੍ਰੀਸ ਵਿੱਚ ਲੀਸਿਸਟ੍ਰਾਟਾ ਨਾਮ ਦੀ ਇੱਕ ਮਹਿਲਾ ਨੇ ਫ੍ਰੈਂਚ ਕ੍ਰਾਂਤੀ ਦੌਰਾਨ ਯੁੱਧ ਸਮਾਪਤੀ ਦੀ ਮੰਗ ਰੱਖਦੇ ਹੋਏ ਸਮਾਨਤਾ ਦੇ ਅਧਿਕਾਰਾਂ ਦੇ ਅੰਦੋਲਨ ਦੀ ਸ਼ੁਰੂਆਤ ਕੀਤੀ ਸੀ। ਫਾਰਸੀ ਮਹਿਲਾਵਾਂ ਦੇ ਇੱਕ ਸਮੂਹ ਨੇ ਵਰਸੇਲਸ ਵਿੱਚ ਇਸ ਦਿਨ ਇੱਕ ਮੋਰਚਾ ਕੱਢਿਆ ਜਿਸਦਾ ਉਦੇਸ਼ ਯੁੱਧ ਦੇ ਕਾਰਨ ਮਹਿਲਾਵਾਂ ਤੇ ਵੱਧਦੇ ਹੋਏ ਅੱਤਿਆਚਾਰਾਂ ਨੂੰ ਰੋਕਣਾ ਸੀ। ਸੰਨ 1909 ਵਿੱਚ ਸੋਸ਼ਲਿਸਟ ਪਾਰਟੀ ਆਫ ਅਮੇਰਿਕਾ ਦੁਆਰਾ ਪਹਿਲੀ ਵਾਰ ਪੂਰੇ ਅਮਰੀਕਾ ਵਿੱਚ 28 ਫਰਵਰੀ ਨੂੰ ਮਹਿਲਾ ਦਿਵਸ ਮਨਾਇਆ ਗਿਆ। ਸੰਨ 1910 ਵਿੱਚ ਸੋਸ਼ਲਿਸਟ ਇੰਟਰਨੈਸ਼ਨਲ ਦੁਆਰਾ ਕੋਪਨਹੈਗਨ ਵਿੱਚ ਮਹਿਲਾ ਦਿਵਸ ਦੀ ਸਥਾਪਨਾ ਹੋਈ। 1911 ਵਿੱਚ ਆਸਟਰੀਆ, ਡੈਨਮਾਰਕ, ਜਰਮਨੀ ਅਤੇ ਸਵਿੱਟਜ਼ਰਲੈਂਡ ਵਿੱਚ ਲੱਖਾਂ ਮਹਿਲਾਵਾਂ ਦੁਆਰਾ ਰੈਲੀ ਕੱਢੀ ਗਈ। ਵੋਟ ਦਾ ਅਧਿਕਾਰ, ਸਰਕਾਰੀ ਕਾਰਜਕਾਰਨੀ ਵਿੱਚ ਜਗ੍ਹਾ, ਨੌਕਰੀ ਵਿੱਚ ਭੇਦਭਾਵ ਨੂੰ ਖਤਮ ਕਰਨ ਵਰਗੇ ਕਈ ਮੁੱਦਿਆ ਦੀ ਮੰਗ ਇਸ ਰੈਲੀ ਵਿੱਚ ਕੀਤੀ ਗਈ। 1913-14 ਵਿੱਚ ਪਹਿਲੀ ਸੰਸਾਰ ਜੰਗ ਦੇ ਦੌਰਾਨ ਰੂਸੀ ਮਹਿਲਾਵਾਂ ਦੁਆਰਾ ਪਹਿਲੀ ਵਾਰ ਸ਼ਾਂਤੀ ਦੀ ਸਥਾਪਨਾ ਦੇ ਲਈ ਫਰਵਰੀ ਮਹੀਨੇ ਦੇ ਆਖਰੀ ਐਤਵਾਰ ਨੂੰ ਮਹਿਲਾ ਦਿਵਸ ਮਨਾਇਆ ਗਿਆ। ਯੂਰਪ ਵਿੱਚ ਵੀ ਜੰਗ ਦੇ ਖਿਲਾਫ ਪ੍ਰਦਰਸ਼ਨ ਹੋਏ। 1917 ਤੱਕ ਸੰਸਾਰ ਜੰਗ ਵਿੱਚ ਰੂਸ ਦੇ 2 ਲੱਖ ਤੋਂ ਵੱਧ ਫੌਜ਼ੀ ਮਾਰੇ ਗਏ, ਰੂਸੀ ਮਹਿਲਾਵਾਂ ਨੇ ਫਿਰ ਰੋਟੀ ਅਤੇ ਸ਼ਾਂਤੀ ਦੇ ਲਈ ਇਸ ਦਿਨ ਹੜਤਾਲ ਕੀਤੀ। ਹਾਲਾਂਕਿ ਰਾਜਨੇਤਾ ਇਸਦੇ ਖਿਲਾਫ ਸੀ, ਫਿਰ ਵੀ ਮਹਿਲਾਵਾਂ ਨੇ ਆਪਣਾ ਅੰਦੋਲਨ ਜਾਰੀ ਰੱਖਿਆ ਅਤੇ ਆਖਿਰ ਰੂਸ ਦੇ ਜਾਰ ਨੂੰ ਆਪਣੀ ਗੱਦੀ ਛੱਡਣੀ ਪਈ ਅਤੇ ਸਰਕਾਰ ਨੂੰ ਮਹਿਲਾਵਾਂ ਨੂੰ ਵੋਟ ਦੇਣ ਦੇ ਅਧਿਕਾਰ ਦੀ ਘੋਸ਼ਣਾ ਕਰਨੀ ਪਈ। 1995 ਵਿੱਚ ਚੀਨ ਦੇ ਬੀਜਿੰਗ ਵਿੱਚ ਚੌਥੀ ਮਹਿਲਾ ਵਿਸ਼ਵ ਕਾਨਫਰੰਸ ਕਰਵਾਈ ਗਈ ਜਿਸਨੂੰ ਬੀਜਿੰਗ ਘੋਸ਼ਣਾ ਕਿਹਾ ਜਾਂਦਾ ਹੈ। ਮਹਿਲਾ ਦਿਵਸ ਹੁਣ ਲੱਗਭਗ ਸਾਰੇ ਦੇਸ਼ਾਂ ਵਿੱਚ ਹੀ ਮਨਾਇਆ ਜਾਂਦਾ ਹੈ। ਸਾਰੀ ਦੁਨੀਆਂ ਦੀਆਂ ਮਹਿਲਾਵਾਂ ਦੇਸ਼, ਧਰਮ, ਜਾਤ-ਪਾਤ, ਭਾਸ਼ਾ, ਰਾਜਨੀਤਿਕ ਅਤੇ ਸਮਾਜਿਕ ਵਿਤਕਰੇ ਨੂੰ ਭੁੱਲਕੇ ਇੱਕਜੁੱਟ ਹੋ ਕੇ ਇਸ ਦਿਨ ਨੂੰ ਮਨਾਉਂਦੀਆਂ ਹਨ। ਇਹ ਦਿਨ ਮਹਿਲਾਵਾਂ ਨੂੰ ਉਹਨਾਂ ਦੀ ਸ਼ਕਤੀ, ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਤਰੱਕੀ ਦਿਲਵਾਉਣ ਅਤੇ ਉਹਨਾਂ ਮਹਿਲਾਵਾਂ ਨੂੰ ਯਾਦ ਕਰਨ ਦਾ ਦਿਨ ਹੈ ਜਿਹਨਾਂ ਨੇ ਮਹਿਲਾਵਾਂ ਦੇ ਅਧਿਕਾਰ ਦਿਲਵਾਉਣ ਲਈ ਅਣਥੱਕ ਕੋਸ਼ਿਸ਼ਾਂ ਕੀਤੀਆਂ ਹਨ। ਸੰਯੁਕਤ ਰਾਸ਼ਟਰ ਸੰਘ ਨੇ ਮਹਿਲਾਵਾਂ ਦੇ ਬਰਾਬਰਤਾ ਦੇ ਅਧਿਕਾਰ ਨੂੰ ਲਾਗੂ ਕਰਵਾਉਣ ਅਤੇ ਸੁਰੱਖਿਆ ਦੇਣ ਲਈ ਦੁਨੀਆਂ ਭਰ ਵਿੱਚ ਕੁਝ ਨੀਤੀਆਂ, ਪ੍ਰੋਗਰਾਮ ਅਤੇ ਮਾਪਦੰਡ ਨਿਰਧਾਰਤ ਕੀਤੇ ਹਨ। ਸੰਯੁਕਤ ਰਾਸ਼ਟਰ ਸੰਘ ਦੇ ਅਨੁਸਾਰ ਕਿਸੇ ਸਮਾਜ ਵਿੱਚ ਪੈਦਾ ਹੋਈ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਸਮੱਸਿਆਵਾਂ ਦਾ ਹੱਲ ਮਹਿਲਾਵਾਂ ਦੀ ਸਾਂਝੇਦਾਰੀ ਤੋਂ ਬਿਨਾਂ ਨਹੀਂ ਕੀਤਾ ਜਾ ਸਕਦਾ ਹੈ। ਵਿਸ਼ਵ ਦੇ ਕਈ ਦੇਸ਼ਾਂ ਵਿੱਚ ਵਿਸ਼ੇਸ ਤੌਰ ਤੇ ਵਿਕਸਿਤ ਹੋ ਰਹੇ ਦੇਸ਼ਾਂ ਵਿੱਚ ਮਹਿਲਾਵਾਂ ਤੇ ਅੱਤਿਆਚਾਰ ਵਧਦੇ ਜਾ ਰਹੇ ਹਨ। ਭਾਰਤ ਦੇਸ਼ ਜਿਸਦੀ ਕਮਾਂਡ ਲੰਬਾ ਸਮਾਂ ਇੱਕ ਮਹਿਲਾ ਪ੍ਰਧਾਨ ਮੰਤਰੀ ਸਵਰਗੀ ਇੰਦਰਾ ਗਾਂਧੀ ਦੇ ਹੱਥ ਵਿੱਚ ਰਹੀ ਨੇ ਮਹਿਲਾਵਾਂ ਦੀ ਹਾਲਤ ਅਤੇ ਉਨ੍ਹਾਂ ਤੇ ਵਾਪਰਦੀਆਂ ਹਿੰਸਾ ਦੀਆਂ ਘਟਨਾਵਾਂ ਨੂੰ ਵੇਖਦੇ ਹੋਏ ਕਈ ਤਰਾਂ ਦੀਆਂ ਯੋਜਨਾਵਾਂ ਉਲੀਕੀਆਂ ਅਤੇ ਸੱਖਤ ਕਨੂੰਨ ਬਣਾਏ ਹਨ। ਸਾਡੇ ਦੇਸ਼ ਵਿੱਚ ਬੇਸ਼ੱਕ ਇੱਕ ਮਹਿਲਾ ਰਾਸ਼ਟਰਪਤੀ, ਪ੍ਰਧਾਨ ਮੰਤਰੀ , ਸਪੀਕਰ ਤੱਕ ਦੇ ਅਹੁਦੇ ਤੇ ਵੀ ਬੈਠ ਚੁੱਕੀਆਂ ਹਨ ਅਤੇ ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਵੱਖ ਵੱਖ ਅਹੁਦਿਆਂ ਰਾਜਪਾਲ, ਮੁੱਖ ਮੰਤਰੀ, ਮੰਤਰੀ, ਮੁੱਖ ਸਕੱਤਰ, ਡਿਪਟੀ ਕਮਿਸ਼ਨਰ, ਜੱਜ, ਪੁਲਿਸ ਅਫਸਰ ਆਦਿ ਅਹੁਦਿਆਂ ਤੇ ਮਹਿਲਾਵਾਂ ਬੈਠੀਆਂ ਹਨ ਜਿਸਨੂੰ ਵੇਖਕੇ ਲਗਦਾ ਹੈ ਕਿ ਸਾਡੇ ਦੇਸ਼ ਵਿੱਚ ਮਹਿਲਾਵਾਂ ਨਾਲ ਹੋਣ ਵਾਲੀਆਂ ਹਿੰਸਕ ਘਟਨਾਵਾਂ ਇਤਿਹਾਸ ਦੀਆਂ ਕਹਾਣੀਆਂ ਹਨ, ਪਰ ਇਹ ਸੱਚ ਨਹੀਂ ਹੈ ਅਤੇ ਹਕੀਕਤ ਕੁੱਝ ਹੋਰ ਹੈ। ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਆਫ ਇੰਡੀਆ ਵਲੋਂ ਜਾਰੀ ਰਿਪੋਰਟ ਅਨੁਸਾਰ ਸਾਲ 2020 ਦੇ ਮੁਕਾਬਲੇ 2021 ਵਿੱਚ ਔਰਤਾਂ ਵਿਰੁੱਧ ਅਪਰਾਧ ਦੀਆਂ ਘਟਨਾਵਾਂ ਵਿੱਚ 15.3% ਦਾ ਵਾਧਾ ਹੋਇਆ ਹੈ। ਇਸ ਰਿਪੋਰਟ ਅਨੁਸਾਰ 2011 ਵਿੱਚ ਔਰਤਾਂ ਵਿਰੁੱਧ ਅਪਰਾਧ ਦੀਆਂ 228,650 ਤੋਂ ਵੱਧ ਰਿਪੋਰਟ ਕੀਤੀਆਂ ਗਈਆਂ ਜਦੋਂ ਕਿ 2021 ਵਿੱਚ, 4,28,278 ਰਿਪੋਰਟ ਕੀਤੀਆਂ ਘਟਨਾਵਾਂ ਹੋਈਆਂ ਜੋ ਕਿ 87% ਵਾਧਾ ਹੈ। ਭਾਰਤ ਵਿੱਚ ਰਹਿਣ ਵਾਲੀਆਂ ਔਰਤਾਂ ਵਿੱਚੋਂ, 7.5% ਪੱਛਮੀ ਬੰਗਾਲ ਵਿੱਚ ਰਹਿੰਦੀਆਂ ਹਨ ਜਿੱਥੇ ਔਰਤਾਂ ਵਿਰੁੱਧ ਕੁੱਲ ਰਿਪੋਰਟ ਕੀਤੇ ਗਏ ਅਪਰਾਧਾਂ ਦਾ 12.7% ਹੁੰਦਾ ਹੈ। ਆਂਧਰਾ ਪ੍ਰਦੇਸ਼ ਭਾਰਤ ਦੀ ਔਰਤਾਂ ਦੀ ਆਬਾਦੀ ਦਾ 7.3% ਘਰ ਹੈ ਅਤੇ ਇੱਥੇ ਔਰਤਾਂ ਵਿਰੁੱਧ ਕੁੱਲ ਦਰਜ ਕੀਤੇ ਗਏ ਅਪਰਾਧਾਂ ਦਾ 11.5% ਰਿਕਾਰਡ ਹੈ। ਮਹਿਲਾਵਾਂ ਨਾਲ ਵਾਪਰਦੇ ਅਪਰਾਧਾਂ ਦੀਆਂ ਘਟਨਾਵਾਂ ਬਾਰੇ ਸਹੀ ਅੰਕੜੇ ਪ੍ਰਾਪਤ ਕਰਨਾ ਬਹੁਤ ਮੁਸ਼ਕਲ ਹੈ ਕਿਉਂਕਿ ਵੱਡੀ ਗਿਣਤੀ ਵਿੱਚ ਕੇਸ ਰਿਪੋਰਟ ਨਹੀਂ ਕੀਤੇ ਜਾਂਦੇ ਹਨ। 2022 ਵਿੱਚ ਪ੍ਰਾਪਤ ਸ਼ਿਕਾਇਤਾਂ ਦੀ ਗਿਣਤੀ 2014 ਤੋਂ ਬਾਅਦ ਸਭ ਤੋਂ ਵੱਧ ਹੈ, ਜਦੋਂ ਪੈਨਲ ਨੂੰ 33,906 ਸ਼ਿਕਾਇਤਾਂ ਮਿਲੀਆਂ ਸਨ। ਰਾਸ਼ਟਰੀ ਮਹਿਲਾ ਕਮਿਸ਼ਨ ਨੂੰ 2022 ਵਿੱਚ ਔਰਤਾਂ ਵਿਰੁੱਧ ਅਪਰਾਧਾਂ ਦੀਆਂ ਲਗਭਗ 31,000 ਸ਼ਿਕਾਇਤਾਂ ਪ੍ਰਾਪਤ ਹੋਈਆਂ, ਜੋ ਕਿ 2014 ਤੋਂ ਬਾਅਦ ਸਭ ਤੋਂ ਵੱਧ ਹਨ। 2021 ਵਿੱਚ, 30,864 ਸ਼ਿਕਾਇਤਾਂ ਪ੍ਰਾਪਤ ਹੋਈਆਂ ਸਨ, ਜਦੋਂ ਕਿ 2022 ਵਿੱਚ, ਇਹ ਗਿਣਤੀ ਥੋੜ੍ਹਾ ਵੱਧ ਕੇ 30,957 ਹੋ ਗਈ ਸੀ। 30,957 ਸ਼ਿਕਾਇਤਾਂ ਵਿੱਚੋਂ, ਸਭ ਤੋਂ ਵੱਧ 9,710 ਇੱਜ਼ਤ ਨਾਲ ਜਿਉਣ ਦੇ ਅਧਿਕਾਰ ਨਾਲ ਸਬੰਧਤ ਸਨ, ਇਸ ਤੋਂ ਬਾਅਦ 6,970 ਘਰੇਲੂ ਹਿੰਸਾ ਅਤੇ 4,600 ਦਾਜ ਉਤਪੀੜਨ ਨਾਲ ਸਬੰਧਤ ਸਨ। ਸਭ ਤੋਂ ਵੱਧ ਆਬਾਦੀ ਵਾਲੇ ਰਾਜ ਉੱਤਰ ਪ੍ਰਦੇਸ਼ ਤੋਂ ਲਗਭਗ 54.5 ਪ੍ਰਤੀਸ਼ਤ ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ। ਦਿੱਲੀ ਵਿੱਚ 3,004 ਸ਼ਿਕਾਇਤਾਂ ਦਰਜ ਕੀਤੀਆਂ ਗਈਆਂ, ਇਸ ਤੋਂ ਬਾਅਦ ਮਹਾਰਾਸ਼ਟਰ ਵਿੱਚ 1,381, ਬਿਹਾਰ ਵਿੱਚ 1,368 ਅਤੇ ਹਰਿਆਣਾ ਵਿੱਚ 1,362 ਸਿਕਾਇਤਾਂ ਮਿਲੀਆਂ ਹਨ। ਸਨਮਾਨ ਨਾਲ ਜੀਣ ਦੇ ਅਧਿਕਾਰ ਅਤੇ ਘਰੇਲੂ ਹਿੰਸਾ ਨਾਲ ਸਬੰਧਤ ਸਭ ਤੋਂ ਵੱਧ ਸ਼ਿਕਾਇਤਾਂ ਉੱਤਰ ਪ੍ਰਦੇਸ਼ ਤੋਂ ਪ੍ਰਾਪਤ ਹੋਈਆਂ ਹਨ। 2022 ਵਿੱਚ ਪ੍ਰਾਪਤ ਸ਼ਿਕਾਇਤਾਂ ਦੀ ਗਿਣਤੀ 2014 ਤੋਂ ਬਾਅਦ ਸਭ ਤੋਂ ਵੱਧ ਹੈ, ਜਦੋਂ ਪੈਨਲ ਨੂੰ 33,906 ਸ਼ਿਕਾਇਤਾਂ ਮਿਲੀਆਂ ਸਨ। 2,523 ਸ਼ਿਕਾਇਤਾਂ ਔਰਤਾਂ ਦੀ ਮਰਿਆਦਾ ਨੂੰ ਭੜਕਾਉਣ ਜਾਂ ਛੇੜਛਾੜ ਨਾਲ ਸਬੰਧਤ, 1,701 ਬਲਾਤਕਾਰ ਅਤੇ ਬਲਾਤਕਾਰ ਦੀ ਕੋਸ਼ਿਸ਼ ਨਾਲ ਸਬੰਧਤ, 1,623 ਸ਼ਿਕਾਇਤਾਂ ਔਰਤਾਂ ਪ੍ਰਤੀ ਪੁਲਿਸ ਦੀ ਬੇਰੁਖ਼ੀ ਅਤੇ 924 ਸ਼ਿਕਾਇਤਾਂ ਸਾਈਬਰ ਅਪਰਾਧਾਂ ਨਾਲ ਸਬੰਧਤ ਸਨ। ਮਹਿਲਾਵਾਂ ਨਾਲ ਵਾਪਰਨ ਵਾਲੇ ਅਪਰਾਧਾਂ ਵਿੱਚ ਦਾਜ ਲਈ ਤੰਗ ਕਰਨਾ, ਘਰੇਲੂ ਹਿੰਸਾ, ਯੌਨ ਸ਼ੋਸ਼ਣ, ਬਲਾਤਕਾਰ, ਤਲਾਕ, ਪੁਲਿਸ ਦੁਆਰਾ ਅਤਿਆਚਾਰ, ਅਗਵਾ, ਦਾਜ ਸਬੰਧੀ ਮੌਤ, ਤੇਜ਼ਾਬ ਨਾਲ ਹਮਲਾ, ਐਨ ਆਰ ਆਈ ਮੈਰਿਜ ਸਬੰਧੀ ਸ਼ਕਾਇਤਾਂ ਮੁੱਖ ਤੌਰ ਤੇ ਸ਼ਾਮਿਲ ਹਨ। ਵੱਖ ਵੱਖ ਰਿਪੋਰਟਾਂ ਸਾਬਤ ਕਰਦੀਆਂ ਹਨ ਕਿ ਦੇਸ਼ ਵਿੱਚ ਮਹਿਲਾਵਾਂ ਸੁਰੱਖਿਅਤ ਨਹੀਂ ਹਨ ਅਤੇ ਉਨ੍ਹਾਂ ਨੂੰ ਘਰੋਂ ਅਤੇ ਬਾਹਰੋਂ ਹਰ ਪਾਸੇ ਖਤਰਾ ਹੀ ਖਤਰਾ ਹੈ ਅਤੇ ਕਈ ਵਾਰ ਤਾਂ ਉਹ ਕਨੂੰਨ ਦੇ ਰਾਖਿਆਂ ਪੁਲਿਸ ਤੋਂ ਵੀ ਸੁਰੱਖਿਅਤ ਨਹੀਂ ਹੈ। ਸ਼ਿਕਾਇਤਾਂ ਦੀ ਗਿਣਤੀ ਵਧਣਾ ਚੰਗੀ ਗੱਲ ਹੋ ਸਕਦੀ ਹੈ ਕਿਉਂਕਿ ਇਸਦਾ ਇਹ ਮਤਲਬ ਵੀ ਹੋ ਸਕਦਾ ਹੈ ਕਿ ਔਰਤਾਂ ਵਿੱਚ ਬੋਲਣ ਦੀ ਹਿੰਮਤ ਹੈ ਅਤੇ ਹੁਣ ਸੁਣਵਾਈ ਲਈ ਪਲੇਟਫਾਰਮ ਮੌਜੂਦ ਹਨ। ਪਹਿਲਾਂ ਔਰਤਾਂ ਸ਼ਾਇਦ ਆਪਣੀ ਸ਼ਿਕਾਇਤ ਦਰਜ ਕਰਵਾਉਣ ਲਈ ਅੱਗੇ ਨਹੀਂ ਆ ਰਹੀਆਂ ਸਨ। ਉਨ੍ਹਾਂ ਨੂੰ ਇਹ ਨਹੀਂ ਪਤਾ ਸੀ ਕਿ ਉਹ ਕਿਸ ਤਰ੍ਹਾਂ ਦੇ ਅੱਤਿਆਚਾਰ ਸਹਿ ਰਹੀਆਂ ਸਨ। ਅਜਾਦੀ ਦੇ 7 ਦਹਾਕੇ ਬੀਤਣ ਬਾਦ ਵੀ ਦੇਸ਼ ਦੇ ਕਈ ਧਾਰਮਿਕ ਸਥਾਨਾਂ ਅਤੇ ਸਮਾਗਮਾਂ ਵਿੱਚ ਮਹਿਲਾਵਾਂ ਦੇ ਦਾਖਲ ਹੋਣ ਦੀ ਮਨਾਹੀ ਹੈ ਅਤੇ ਇਸ ਤਰਾਂ ਦੇ ਮਾਮਲਿਆਂ ਤੇ ਮਾਣਯੋਗ ਅਦਾਲਤਾਂ ਨੂੰ ਦਖਲ ਅੰਦਾਜੀ ਕਰਨੀ ਪੈ ਰਹੀ ਹੈ। ਦੁਨੀਆਂ ਦੇ ਸਭਤੋਂ ਵੱਡੇ ਲੋਕਤੰਤਰਿਕ ਦੇਸ਼ ਵਿੱਚ ਸੰਵਿਧਾਨਿਕ ਤੌਰ ਤੇ ਇੱਕ ਮਹਿਲਾ ਨੂੰ ਸਿੱਖਿਆ ਦਾ, ਵੋਟ ਦੇਣ ਦਾ ਅਧਿਕਾਰ ਅਤੇ ਮੌਲਿਕ ਅਧਿਕਾਰ ਪ੍ਰਾਪਤ ਹਨ ਇਸਦੇ ਬਾਵਜੂਦ ਦੇਸ਼ ਦੀ ਰਾਜਨੀਤੀ ਵਿੱਚ ਮਹਿਲਾਵਾਂ ਦੀ ਗਿਣਤੀ ਨਾਂ ਮਾਤਰ ਹੀ ਹੈ। ਲੋਕ ਸਭਾ ਵਿੱਚ ਮੌਜੂਦਾ ਕੁੱਲ 545 ਮੈਂਬਰਾਂ ਵਿਚੋਂ ਸਿਰਫ 78 ਮਹਿਲਾ ਮੈਂਬਰ ਹਨ, ਰਾਜ ਸਭਾ ਦੇ ਕੁੱਲ 239 ਮੈਂਬਰਾਂ ਵਿੱਚੋਂ ਸਿਰਫ 33 ਮਹਿਲਾਵਾਂ ਹਨ। ਜੇਕਰ ਦੇਸ਼ ਦੀ ਕੈਬਿਨਟ ਵੇਖੀਏ ਤਾਂ ਮੌਜੂਦਾ ਸਮੇਂ 78 ਕੈਬਿਨਟ ਮੰਤਰੀਆਂ, ਅਜਾਦ ਰਾਜ ਮੰਤਰੀਆਂ ਅਤੇ ਰਾਜ ਮੰਤਰੀਆਂ ਵਿੱਚੋਂ ਸਿਰਫ 11 ਹੀ ਮਹਿਲਾਵਾਂ ਹਨ। ਪੰਜਾਬ ਵਿਧਾਨ ਸਭਾ ਵਿੱਚ ਵੀ ਮਹਿਲਾਵਾਂ ਦੀ ਨਿਗੂਣੀ ਹਿੱਸੇਦਾਰੀ ਰਹੀ ਹੈ। ਮੌਜੂਦਾ ਸਮੇਂ ਪੰਜਾਬ ਵਿਧਾਨ ਸਭਾ ਵਿੱਚ ਸਿਰਫ 13 ਮਹਿਲਾਵਾਂ ਹੀ ਹਨ ਜਿਨ੍ਹਾਂ ਵਿੱਚੋਂ 11 ਸੱਤਾਧਾਰੀ ਆਮ ਆਦਮੀ ਪਾਰਟੀ ਨਾਲ ਸਬੰਧਿਤ ਹਨ। ਜੇਕਰ ਪੰਜਾਬ ਕੈਬਿਨਟ ਨੂੰ ਵੇਖੀਏ ਤਾਂ ਸਰਕਾਰ ਵਿੱਚ 15 ਕੈਬਿਨਟ ਮੰਤਰੀਆਂ ਵਿੱਚੋਂ ਸਿਰਫ 02 ਮਹਿਲਾਵਾਂ ਨੂੰ ਹੀ ਮੰਤਰੀ ਬਣਾਇਆ ਗਿਆ ਹੈ। ਪੰਜਾਬ ਵਿਚੋਂ ਕੁੱਲ 13 ਲੋਕ ਸਭਾ ਮੈਂਬਰਾਂ ਵਿਚੋਂ ਸਿਰਫ 02 ਮਹਿਲਾ ਹੀ ਲੋਕ ਸਭਾ ਮੈਂਬਰ ਹਨ ਅਤੇ 07 ਰਾਜ ਸਭਾ ਮੈਂਬਰਾਂ ਵਿਚੋਂ ਕੋਈ ਵੀ ਮਹਿਲਾ ਨਹੀਂ ਹੈ। ਮਹਿਲਾਵਾਂ ਨੂੰ ਪ੍ਰਤੀਨਿਧਤਾ ਦੇਣ ਲਈ ਸਰਕਾਰ ਵਲੋਂ ਸਥਾਨਕ ਪੱਧਰ ਦੇ ਪੇਂਡੂ ਅਤੇ ਸਹਿਰੀ ਸ਼ਾਸਨ ਵਿੱਚ ਮਹਿਲਾਵਾਂ ਲਈ ਸੀਟਾਂ ਰਾਖਵੀਆਂ ਰੱਖੀਆਂ ਗਈਆਂ ਹਨ। ਸਥਾਨਕ ਪੱਧਰ ਤੇ ਕਈ ਥਾਵਾਂ ਤੇ ਮਹਿਲਾਵਾਂ ਅਪਣੇ ਅਹੁਦੇ ਦੀ ਪੂਰੀ ਤਰਾਂ ਵਰਤੋਂ ਕਰ ਰਹੀਆਂ ਹਨ ਪਰ ਅਜਿਹੀਆਂ ਮਹਿਲਾਵਾਂ ਦੀ ਗਿਣਤੀ ਕਾਫੀ ਘੱਟ ਹੈ ਜਦਕਿ ਬਹੁਤੀਆਂ ਮਹਿਲਾਵਾਂ ਨੂੰ ਮਿਲੇ ਅਹੁਦਿਆਂ ਦੀ ਦੁਰਵਰਤੋਂ ਉਨ੍ਹਾਂ ਦੇ ਪਰਿਵਾਰ ਦੇ ਕਰੀਬੀ ਪੁਰਸ਼ ਰਿਸ਼ਤੇਦਾਰ ਹੀ ਕਰ ਰਹੇ ਹਨ ਅਤੇ ਇਸ ਅਹੁਦੇ ਦਾ ਲਾਭ ਉਠਾ ਰਹੇ ਹਨ। ਮਹਿਲਾਵਾਂ ਨੂੰ ਮਿਲੇ ਅਹੁਦਿਆਂ ਦੀ ਦੁਰਵਰਤੋਂ ਸਿਰਫ ਰਾਜਨੀਤਿਕ ਢਾਂਚੇ ਤੱਕ ਹੀ ਸੀਮਿਤ ਨਹੀਂ ਹੈ ਸਗੋਂ ਹੈਰਾਨੀ ਦੀ ਗੱਲ ਹੈ ਕਿ ਲੋਕਤੰਤਰ ਦਾ ਚੋਥਾ ਥੰਮ ਮੀਡੀਆ ਵਿਸ਼ੇਸ ਤੌਰ ਤੇ ਪ੍ਰਿੰਟ ਮੀਡੀਆ ਵੀ ਇਸ ਵਿੱਚ ਪਿੱਛੇ ਨਹੀਂ ਹੈ। ਪ੍ਰਿੰਟ ਮੀਡੀਆ ਵਿੱਚ ਵੀ ਕਈ ਵਿਅਕਤੀ ਅਪਣੇ ਪਰਿਵਾਰ ਦੀਆਂ ਕਰੀਬੀ ਮਹਿਲਾ ਰਿਸ਼ਤੇਦਾਰ ਦੇ ਨਾਮ ਤੇ ਪੱਤਰਕਾਰੀ ਕਰ ਰਹੇ ਹਨ। ਸਾਡੇ ਨੀਤੀ ਨਿਰਮਾਤਾਵਾਂ ਨੂੰ ਮਹਿਲਾਵਾਂ ਪ੍ਰਤੀ ਸੰਵੇਦਨਸ਼ੀਲ ਹੋਣਾ ਚਾਹੀਦਾ ਹੈ ਤਾਂ ਜੋ ਸਮਾਜ ਅਤੇ ਦੇਸ ਵਿੱਚ ਮਹਿਲਾਵਾਂ ਲਈ ਖੁਸ਼ਗਵਾਰ ਮਾਹੌਲ ਬਣਾਇਆ ਜਾ ਸਕੇ, ਅਤੇ ਮਹਿਲਾਵਾਂ ਨੂੰ ਯੋਗ ਬਰਾਬਰਤਾ ਵਾਲਾ ਸਥਾਨ ਅਤੇ ਸਨਮਾਨ ਹਾਸਲ ਹੋ ਸਕੇ। ਅੰਤਰਰਾਸ਼ਟਰੀ ਮਹਿਲਾ ਦਿਵਸ ਨੂੰ ਮਨਾਉਣ ਦਾ ਮੰਤਬ ਤਾਂ ਹੀ ਪੂਰਾ ਹੋਵੇਗਾ ਜਦੋਂ ਮਹਿਲਾਵਾਂ ਨੂੰ ਸੰਪੂਰਨ ਆਜ਼ਾਦੀ ਮਿਲੇਗੀ, ਸਮਾਜ ਦੇ ਹਰੇਕ ਮਹੱਤਵਪੂਰਨ ਫੈਸਲਿਆਂ ਵਿੱਚ ਉਨ੍ਹਾਂ ਦੇ ਨਜ਼ਰੀਏ ਨੂੰ ਮਹੱਤਵਪੂਰਨ ਸਮਝਿਆ ਜਾਵੇਗਾ।





ਕੁਲਦੀਪ ਚੰਦ
91-9417563054

# 'ਸੰਦਲੀ ਪੌਣਾਂ ਝੂੱਲਦੀਆਂ, ਜਿੱਥੇ ਔਰਤ ਦਾ ਸਨਮਾਨ'

(ਸਫਾ 22 ਦੀ ਬਾਕੀ)

ਬਹੁਤ ਥੋੜ੍ਹੇ ਗਿਣੇ-ਚੁਣੇ ਨਾਂ ਹੀ ਹਨ ਪਰ ਔਰਤ ਜਾਤੀ ਲਈ ਵੱਖ-ਵੱਖ ਖੇਤਰਾਂ ਦੇ ਆਦਰਸ਼ ਅਤੇ ਮੀਲ-ਪੱਥਰ ਹਨ। ਇਹਨਾਂ ਦਾ ਜੀਵਨ ਅਤੇ ਪ੍ਰਾਪਤੀਆਂ ਅਬਲਾ ਨੂੰ ਸਬਲਾ ਤੇ ਨਿਰਬਲ ਨੂੰ ਬਲਵਾਨ ਬਣਨ ਦੀ ਪ੍ਰੇਰਨਾ ਦਿੰਦੀਆਂ ਹਨ।

ਜੀਵਨ ਦਾ ਤਜਰਬਾ ਦੱਸਦਾ ਹੈ ਕਿ ਹਰ ਕਾਮਯਾਬ ਇਨਸਾਨ ਦੇ ਪਿੱਛੇ ਇਕ ਔਰਤ ਦਾ ਹੱਥ ਹੁੰਦਾ ਹੈ। ਉਹ ਔਰਤ ਆਮ ਤੌਰ ਤੇ ਇਕ ਮਾਂ ਜਾਂ ਪਤਨੀ ਹੁੰਦੀ ਹੈ। ਮਹਾਂਭਾਰਤ ਵਿਚ ਜ਼ਿਕਰ ਆਉਂਦਾ ਹੈ, ''ਮਰਦ ਦਾ ਨਾਰੀ ਦੇ ਸਮਾਨ ਕੋਈ ਦੋਸਤ ਨਹੀਂ ਹੈ।'' ਇਸ ਲਈ ਪਤੀ ਨੂੰ ਆਪਣੀ ਪਤਨੀ ਨਾਲ ਇਕ ਦੋਸਤ ਦੀ ਤਰ੍ਹਾਂ ਪਿਆਰ ਤੇ ਸਤਿਕਾਰ ਨਾਲ ਪੇਸ਼ ਆਉਣਾ ਚਾਹੀਦਾ ਹੈ। ਇਸ ਸਬੰਧ ਵਿਚ ਪਾਦਰੀ ਪਿਊਡਰ ਹੈਮਵਰਗ ਦਾ ਇਹ ਕਥਨ ਕਾਬਲ-ਏ-ਗੌਰ ਹੈ: ''ਇਕ ਪਿਤਾ ਆਪਣੇ ਬੱਚਿਆਂ ਲਈ ਸਭ ਤੋਂ ਮਹੱਤਵਪੂਰਨ ਜੋ ਕੰਮ ਕਰ ਸਕਦਾ ਹੈ ਉਹ ਹੈ ਉਹਨਾਂ ਦੀ ਮਾਂ ਨਾਲ ਅਥਾਹ ਪਿਆਰ।''

ਕਬੀਰ ਦਾਸ ਜੀ ਦਾ ਨਿਮਨ-ਲਿਖਤ ਦੋਹਾ ਔਰਤ ਦੀ ਵੇਦਨਾ ਬੜੇ ਸਪਸ਼ਟ ਰੂਪ ਵਿਚ ਪ੍ਰਗਟ ਕਰਦਾ ਹੈ:-

"ਵਾਹ! ਵਾਹ! ਰੇ ਅਬਲਾ ਨਾਰੀ,
ਤੇਰੇ ਆਂਚਲ ਮੇਂ ਹੈ ਦੂਧ ਆਖੋਂ ਮੇਂ ਪਾਨੀ।''

ਪੰਜਾਬੀ ਦੇ ਮਸ਼ਹੂਰ ਪ੍ਰਗਤੀਵਾਦੀ ਸਮਾਜਵਾਦੀ ਸ਼ਾਇਰ ਪ੍ਰੋ: ਮੋਹਣ ਸਿੰਘ ਜੀ ਆਪਣੀ ਪਤਨੀ ਬਸੰਤ ਕੌਰ ਦੀ ਮੌਤ ਬਾਅਦ ਆਪਣੀ ਮਸ਼ਹੂਰ ਕਵਿਤਾ 'ਬਸੰਤ' ਵਿਚ ਔਰਤ ਦੀ ਮਹਾਨਤਾ ਤੇ ਉਸ ਤੋਂ ਲਈ ਪ੍ਰੇਰਨਾ ਦਾ ਜ਼ਿਕਰ ਇਸ ਤਰ੍ਹਾਂ ਕਰਦੇ ਹਨ:-

''ਮੋਹਨ ਕਿੰਝ ਬਣਦਾ ਤੂੰ ਸ਼ਾਇਰ,
ਜੇਕਰ ਮੈਂ ਨਾ ਮਰਦੀ।''

ਪ੍ਰੋ: ਮੋਹਨ ਸਿੰਘ ਜੀ ਦੀ ਇਕ ਕਵਿਤਾ ਵਿਚ ਹੋਰ ਮਾਂ ਦੀ ਮਹਾਨਤਾ ਦਾ ਜ਼ਿਕਰ ਇਸ ਤਰ੍ਹਾਂ ਕਰਦੇ ਹਨ:

ਮਾਂ ਵਰਗਾ ਘਣਛਾਵਾਂ ਬੂਟਾ, ਮੈਨੂੰ ਕਿਧਰੇ ਨਜ਼ਰ ਨਾ ਆਵੇ।
ਲੈ ਕੇ ਜਿਸ ਤੋਂ ਛਾਂ ਉਧਾਰੀ, ਰੱਬ ਨੇ ਸੁਰਗ ਬਣਾਏ।
ਬਾਕੀ ਕੁੱਲ ਦੁਨੀਆਂ ਦੇ ਬੂਟੇ, ਜੜ੍ਹ ਸੁੱਕਿਆਂ ਸੁੱਕ ਜਾਂਦੇ।
ਐਪਰ ਫੁੱਲਾਂ ਦੇ ਮੁਰਝਾਇਆ, ਇਹ ਬੂਟਾ ਸੁੱਕ ਜਾਵੇ।

ਵਾਰਿਸ ਸ਼ਾਹ ਪੰਜਾਬੀ ਦਾ ਸਿਰਮੌਰ ਕਵੀ ਹੈ, ਭਾਵੇਂ ਉਹ ਔਰਤ ਦੀ ਨਿੰਦਿਆ ਬੜੇ ਕੜੇ ਸ਼ਬਦਾਂ ਵਿਚ ਕਰਦਾ ਹੈ ਪਰ ਉਹ ਪੰਜਾਬੀ ਦੀ ਸ਼ਾਹਕਾਰ ਰਚਨਾ 'ਹੀਰ' ਨੂੰ 'ਭਾਗਭਰੀ' ਦੇ ਵਿਯੋਗ ਤੋਂ ਪ੍ਰੇਰਨਾ ਲੈ ਕੇ ਹੀ ਲਿਖ ਸਕਿਆ ਸੀ, ਕਿਉਂਕਿ ਭਾਗਭਰੀ ਨਾਲ ਉਸਦਾ ਰੋਮਾਂਸ ਚਲਦਾ ਸੀ। ਸ਼ਿਵ ਕੁਮਾਰ ਬਟਾਲਵੀ ਦੀ ਵਿਯੋਗ ਵਿਚੋਂ ਹੀ 'ਬਿਰਹੋਂ ਦਾ ਸੁਲਤਾਨ' ਬਣ ਸਕਿਆ ਸੀ। ਅੰਮ੍ਰਿਤਾ ਪ੍ਰੀਤਮ ਬੜੀ ਵੱਡੀ ਪੱਧਰ ਤੇ ਔਰਤ ਦੀ ਵੇਦਨਾ ਤੇ ਉਸ ਦੀ ਹੋਂਦ ਨੂੰ ਸ਼ਾਹਕਾਰ ਕਰਨ ਲਈ ਆਪਣੀ ਆਵਾਜ਼ ਨੂੰ ਆਪਣੀ ਬਹੁਤ ਹੀ ਪ੍ਰਸਿੱਧ ਕਵਿਤਾ 'ਅੱਜ ਆਖਾਂ ਵਾਰਸ ਸ਼ਾਹ ਨੂੰ' ਵਿਚ ਭਾਰਤ ਦੇ ਹੋਏ ਬਟਵਾਰੇ ਸਮੇਂ ਔਰਤ ਦੀ ਹੋਈ ਦੁਰਗਤੀ ਬਾਰੇ ਆਪਣੀ ਆਵਾਜ਼ ਇਸ ਤਰ੍ਹਾਂ ਬੁਲੰਦ ਕਰਦੀ ਹੈ:

ਅੱਜ ਲੱਖਾਂ ਧੀਆਂ ਰੋਂਦੀਆਂ, ਤੈਨੂੰ ਵਾਰਸ ਸ਼ਾਹ ਨੂੰ ਕਹਿਣ।
ਇਕ ਰੋਈ ਸੀ ਧੀ ਪੰਜਾਬ ਦੀ, ਤੂੰ ਲਿਖ-ਲਿਖ ਮਾਰੇ ਵੈਣ।
ਉਠ ਦਰਦਵੰਦਾਂ ਦਿਆ ਦਰਦੀਆ
ਉਠ ਤੱਕ ਆਪਣਾ ਪੰਜਾਬ।

ਹੁਣ ਤੱਕ ਉਕਤ ਚਰਚਾ ਤੋਂ ਇਹ ਸਪਸ਼ਟ ਹੋ ਚੁੱਕਾ ਹੈ ਕਿ ਔਰਤ ਪ੍ਰਤੀ ਤਾਹੀਉਂ ਗੁਰੂ ਪੀਰ ਤੇ ਮਹਾਨ ਵਿਦਵਾਨ ਵੀ ਔਰਤ ਦੀ ਤਰਫ਼ਦਾਰੀ ਤੇ ਵਕਾਲਤ ਕਰਦੇ ਹਨ- ਪਰ ਔਰਤ ਪ੍ਰਤੀ ਹਰ ਵਿਰੋਧੀ ਵਰਤਾਰੇ ਲਈ ਮਰਦ ਨੂੰ ਭੰਡਣਾ ਤੇ ਔਰਤ ਨੂੰ ਖਾਹਮਖਾਹ ਪੀੜਤ ਸਾਬਤ ਕਰੀ ਜਾਣਾ ਵੀ ਗਲਤ ਹੈ, ਕਿਉਂਕਿ ਔਰਤ ਵਾਲੇ ਪਾਸੇ ਵੀ ਸਭ ਠੀਕ ਨਹੀਂ ਹੈ। ਇਸ ਲਈ ਔਰਤ ਨੂੰ ਵੀ ਆਪਣੀ ਸੋਚ ਵਿਚ ਉਸਾਰੂ ਪਰਿਵਰਤਨ ਲਿਆਉਣ ਦੀ ਲੋੜ ਹੈ ਤਾਂ ਜੋ ਕੋਈ ਇਹ ਨਾ ਕਹਿ ਸਕੇ ਕਿ ਔਰਤ ਹੀ ਔਰਤ ਦੀ ਦੁਸ਼ਮਣ ਹੈ। ਕੇਵਲ ਉਹ ਸਮਾਜ ਹੀ ਸਭਿਅਤ ਅਖਵਾਉਣ ਦਾ ਹੱਕ ਰੱਖਦਾ ਹੈ, ਜਿਸ ਵਿਚ ਇਸਤਰੀ ਨੂੰ ਸਨਮਾਨਯੋਗ ਸਥਾਨ ਪ੍ਰਾਪਤ ਹੈ। ਇਸ ਸੰਦਰਭ ਵਿਚ ਪੰਡਤ ਜਵਾਹਰ ਲਾਲ ਨਹਿਰੂ ਦਾ ਕਥਨ ਹੈ ਕਿ ''ਕਿਸੇ ਕੌਮ ਵਿਚ ਇਸਤਰੀ ਦੀ ਪਦਵੀ ਉਸ ਕੌਮ ਦੀ ਉਨਤੀ ਦੇ ਸਭ ਤੋਂ ਸਹੀ ਨਾਪਾਂ ਵਿਚੋਂ ਇਕ ਹੈ।'' ਅਰਸਤੂ ਕਹਿੰਦਾ ਹੈ "ਔਰਤ ਦੀ ਉਨਤੀ ਅਤੇ ਗਿਰਾਵਟ ਤੇ ਹੀ, ਰਾਸ਼ਟਰ ਦੀ ਉਨਤੀ ਤੇ ਗਿਰਾਵਟ ਨਿਰਭਰ ਕਰਦੀ ਹੈ।'' ਨਿਰਸੰਦੇਹ ਜਿੱਥੇ ਨਾਰੀ ਦਾ ਉੱਚ ਸਥਾਨ ਹੈ, ਉਥੇ ਖੁਸ਼ੀਆਂ, ਖੇੜਿਆਂ ਤੇ ਖੁਸ਼ਹਾਲੀ ਦਾ ਵਾਸਾ ਹੈ। ਕਿਸੇ ਕਵੀ ਨੇ ਠੀਕ ਹੀ ਕਿਹਾ ਹੈ ਕਿ, 'ਸੰਦਲੀ ਪੌਣਾਂ ਝੂੱਲਦੀਆਂ, ਜਿੱਥੇ ਨਾਰੀ ਦਾ ਸਨਮਾਨ।'

ਔਰਤ ਜਾਤੀ ਦੀਆਂ ਸਮੱਸਿਆਵਾਂ ਦਾ ਅਧਿਐਨ ਤੇ ਚਿੰਤਨ ਕਰਨਾ ਬੜਾ ਜ਼ਰੂਰੀ ਹੈ ਤਾਂ ਜੋ ਇਸ ਦਾ ਕੋਈ ਸਾਰਥਕ ਤੇ ਵਿਗਿਆਨਕ ਹੱਲ ਲੱਭਿਆ ਜਾ ਸਕੇ। ਔਰਤ ਨੂੰ ਨਿਰੋਲ ਵਸਤੂ ਜਾਂ ਪਦਾਰਥ ਨਾ ਸਮਝਦਿਆਂ ਹੋਇਆਂ ਉਸ ਨਾਲ ਸੁਖਾਵਾਂ ਤੇ ਸੁਹਿਰਦਤਾ ਵਾਲਾ ਵਿਵਹਾਰ ਕਰੀਏ। ਮੇਰੇ ਸਾਥੀਓ ਆਓ!

ਉਸ ਨੂੰ ਪੀੜਾਂ, ਕਸਕਾਂ, ਚਸਕਾਂ, ਹਉਕਿਆਂ-ਹਾਵਿਆਂ ਦੀ ਤ੍ਰਾਸਦੀ ਤੋਂ ਮੁਕਤੀ ਤੇ ਆਜ਼ਾਦੀ ਦਿਵਾਉਣ ਲਈ ਹਰ ਹੀਲਾ ਅਪਣਾਈਏ। ਇਸ ਲਈ ਸਾਨੂੰ ਭਾਵੇਂ ਕਿਸੇ ਲੰਮੇ ਸੰਘਰਸ਼ ਦਾ ਹੀ ਕਿਉਂ ਨਾ ਰਾਹ ਅਪਣਾਉਣਾ ਪਵੇ। ਜਨਮ-ਪੂਰਵ ਤੋਂ ਮਰਨ ਤੱਕ ਉਸ ਨੂੰ ਭਰੂਣ ਹੱਤਿਆ, ਬਲਾਤਕਾਰ, ਦਾਜ, ਵੇਸ਼ਵਾਪਣ, ਨਾ-ਬਰਾਬਰੀ, ਪਤੀ ਦਾ ਜ਼ੁਲਮ, ਅਸੁਰੱਖਿਆ ਤੇ ਅਨਪੜ੍ਹਤਾ ਆਦਿਕ ਅਨੇਕਾਂ ਗੰਭੀਰ ਸਮੱਸਿਆਵਾਂ 'ਚੋਂ ਗੁਜ਼ਰਨਾ ਪੈਂਦਾ ਹੈ। ਫਿਰ ਵੀ ਉਹ ਸਮਾਜ ਵਿਚ ਵਿੱਚਰ ਰਹੀ ਹੈ। ਉਹ ਅਬਲਾ ਨਹੀਂ ਹੈ, ਕਮਜ਼ੋਰ ਨਹੀਂ ਹੈ, ਸਗੋਂ ਬਹੁਤ ਬਲਵਾਨ ਹੈ ਜੋ ਮਨੁੱਖੀ ਸ਼ਕਤੀ ਲਈ ਪ੍ਰੇਰਨਾ ਸਰੋਤ ਬਣ ਕੇ ਉਸ ਦੇ ਵਿਅਕਤਿਤਵ ਨੂੰ ਸਨਮਾਨਿਤ ਕਰਦੀ ਹੈ। ਇਸ ਲਈ ਔਰਤ ਦੀਆਂ ਇਹਨਾਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਸਾਡੇ ਸਮਾਜ ਨੂੰ ਹਰ ਹੀਲਾ ਵਰਤਣਾ ਪਵੇਗਾ ਤੇ ਆਪਣੀ ਸੋਚ ਨੂੰ ਬਦਲਣਾ ਪਵੇਗਾ ਤਾਂ ਹੀ ਔਰਤ ਆਪਣੀ ਸੁਤੰਤਰ ਸੋਚ ਰੱਖ ਕੇ ਸਮਾਜ ਵਿਚ ਬਰਾਬਰੀ ਦਾ ਰੁਤਬਾ ਪ੍ਰਾਪਤ ਕਰ ਸਕਦੀ ਹੈ।



Book Available
http://www.unistarbooks.com/home/5512-pagrhi-sambhal-lehar-to-samyukt-kisan-morcha.html
http://www.unistarbooks.com/home/5512-pagrhi-sambhal-lehar-to-samyukt-kisan-morcha.html






My Struggle in Life:
Das Pawar, Ishwar: 9781682131558:
Amazon.com: Book
https://www.amazon.com/Struggle-Life-Ishwar-Das-Pawar/dp/1682131556


# ਇਤਿਹਾਸਕ ਬੀੜਾਂ ਦੀ ਸੰਭਾਲ ਵੱਲ ਧਿਆਨ ਦਿੱਤਾ ਜਾਵੇ

ਪਿਛਲੇ ਸਾਲਾਂ ਤੋਂ ਵਾਤਾਵਰਣ ਨੂੰ ਸਵੱਛ ਰੱਖਣ ਬਹੁਤ ਸਾਰੀਆਂ ਗੱਲਾਂ ਕੀਤੀਆਂ ਜਾ ਰਹੀਆਂ ਹਨ। ਹਰੇਕ ਸਾਲ 'ਇੱਕ ਰੁੱਖ ਸੋ ਸੁੱਖ' ਦੀ ਗੱਲ ਕੀਤੀ ਜਾਂਦੀ ਹੈ। ਨੌਜਵਾਨਾਂ ਲਈ ਅੰਤਰਰਾਸ਼ਟਰੀ ਪ੍ਰਸਿੱਧ ਗਾਇਕ ਸਵ: ਸਿੱਧੂ ਮੂਸੇਵਾਲੇ ਦੇ ਭੋਗ ਸਮਾਗਮ ਉਪਰੰਤ ਲੱਖਾਂ ਦੇ ਇਕੱਠ ਨੂੰ ਉਸ ਦੀ ਮਾਤਾ ਜੀ ਨੇ ਲੋਕਾਂ ਨੂੰ ਆਪਣੇ ਪੁੱਤ ਦੀ ਯਾਦ ' ਚ ਇੱਕ ਇੱਕ ਰੁੱਖ ਲਗਾ ਕੇ ਉਸ ਦੇ ਪਾਲਣ ਪੋਸ਼ਣ ਕਰਨ ਦੀ ਅਪੀਲ ਕੀਤੀ ਸ਼ਾਇਦ ਕਿਸੇ ਮਾਂ ਵਲੋਂ ਇਹੋ ਜਿਹੇ ਮੌਕੇ ਤੇ ਇਹ ਪੰਜਾਬ ਵਿੱਚ ਪਹਿਲਾ ਸੁਨੇਹਾ ਹੋਵੇਗਾ ਜੋ ਕਿ ਸਮੇਂ ਦੀ ਅਤਿ ਲੋੜ ਹੈ, ਜਿਸ ਦੀ ਸ਼ਲਾਘਾ ਕਰਨੀ ਬਣਦੀ ਹੈ। ਬਹੁਤ ਸਾਰੇ ਨੌਜਵਾਨਾਂ ਨੇ ਇਸ ਸ਼ੰਦੇਸ਼ ਨੂੰ ਅਮਲੀ ਰੂਪ ਦਿੰਦੇ ਹੋਏ ਉਸੇ ਦਿਨ ਹੀ ਰੁੱਖ ਲਗਾਉਣੇ ਸ਼ੁਰੂ ਕਰਕੇ ਉਨ੍ਹਾਂ ਨੂੰ ਪਾਲਣ ਪੋਸ਼ਣ ਕਰਨ ਦਾ ਪ੍ਰਣ ਵੀ ਲਿਆ ਹੈ ਜੋ ਕਿ ਪੰਜਾਬ ਦੇ ਪ੍ਰਦੂਸ਼ਨ ਨੂੰ ਘਟਾਉਣ ਲਈ ਸ਼ੁਭ ਸ਼ੰਕੇਤ ਹੈ । ਇਸ ਸਾਲ ਗਰਮੀ ਦੀ ਰੁੱਤ ਸ਼ੁਰੂ ਹੁੰਦੇ ਹੀ ਤਾਪਮਾਨ ਨੇ ਪਿਛਲੇ ਸਾਲਾਂ ਦੇ ਰਿਕਾਰਡ ਤੋੜ ਦਿੱਤੇ ਹਨ , ਅਗਲੇ ਦਿਨਾਂ 'ਚ ਹੋਰ ਵੀ ਜ਼ਿਆਦਾ ਤੱਪਸ ਹੋਣ ਦੀ ਸ਼ੰਭਾਵਨਾ ਹੈ ।ਏਨੇ ਤਾਪਮਾਨ ਤੋਂ ਰਾਹਤ ਪਾਉਣ ਲਈ ਦਰੱਖਤਾਂ ਦੀ ਘਾਟ ਮਹਿਸੂਸ ਕੀਤੀ ਜਾ ਰਹੀ ਹੈ। ਸਰਕਾਰ ਵਲੋਂ ਖਾਲੀ ਕਰਵਾਈ ਜਾ ਰਹੀ ਸ਼ਾਮਲਾਟ ਜ਼ਮੀਨ ਦੇ ਕੁਝ ਹਿੱਸੇ ਉੱਪਰ ਦਰਖੱਤਾਂ ਦੇ ਲਾਉਣ ਦੀ ਗੱਲ ਸ਼ੋਸ਼ਲ ਮੀਡੀਏ ਤੇ ਆ ਰਹੀ ਹੈ ਕਿਉਂ ਕਿ ਪੰਜਾਬ 'ਚ ਸੜਕਾਂ ਨੂੰ ਚੌੜਾ ਕਰਨ, ਨਵੀਆਂ ਕਾਲੋਨੀਆਂ ਦੇ ਨਿਰਮਾਣ ਆਦਿ ਕਰਨ ਕਰਕੇ ਹਜ਼ਾਰਾਂ ਦਰੱਖਤ ਪੁੱਟੇ ਗਏ ਹਨ ਪਰ ਇਨ੍ਹਾਂ ਦੀ ਥਾਂ ਨਵੇਂ ਨਹੀਂ ਲੱਗ ਸਕੇ। ਜਾਨਵਰਾਂ ਅਤੇ ਪੰਛੀਆਂ ਦਾ ਰੁੱਖਾਂ ਨਾਲ ਗੂੜ੍ਹਾ ਸੰਬੰਧ ਹੈ।

ਜੰਗਲੀ ਜੀਵਾਂ ਦੀ ਸਾਂਭ ਸੰਭਾਲ ਲਈ ਪੰਜਾਬ ਅੰਦਰ 12 ਬੀੜ ਅਤੇ ਰੱਖਾਂ ਹਨ ਜੋ ਕਿ ਜਾਨਵਰਾਂ ਅਤੇ ਪੰਛੀਆਂ ਲਈ ਘੱਟ ਹਨ। ਰਾਜ ਦੀ ਸਾਢੇ ਤਿੰਨ ਪ੍ਰਤੀਸ਼ਤ ਧਰਤੀ ਜੰਗਲੀ ਖੇਤਰ 'ਚ ਆਉਂਦੀ ਹੈ, ਜੋ ਕਿ ਪ੍ਰਦੂਸ਼ਨ ਬੋਰਡ ਦੀਆਂ ਹਦਾਇਤਾਂ ਅਨੁਸਾਰ ਥੋੜੀ ਹੈ।ਕਰੋਨਾ ਕੋਵਿਡ-19 ਕਾਰਨ ਦੇਸ਼ ਅੰਦਰ ਲੰਬਾ ਸਮਾਂ ਲਾਕਡਾਊਨ ਰਹਿਣ ਕਰਕੇ ਪ੍ਰਦੂਸ਼ਨ ਘੱਟਣ ਕਾਰਨ ਕੁਦਰਤੀ ਵਾਤਾਵਰਣ ਪੈਦਾ ਹੋਣਾ ਸ਼ੁਰੂ ਹੋ ਗਿਆ ਸੀ। ਰੁੱਖਾਂ ਦੀ ਘੱਟ ਰਹੀ ਗਿਣਤੀ ਮਨੁੱਖੀ ਜੀਵਨ ਲਈ ਘਾਤਕ ਸਿੱਧ ਹੋ ਰਹੀ ਹੈ। ਕੁਦਰਤੀ ਬਨਸਪਤੀ ਦੀ ਮਨੁੱਖ ਦੇ ਜੀਵਨ ਵਿੱਚ ਬਹੁਤ ਮਹੱਤਤਾ ਹੈ।ਵਾਤਾਵਰਣ ਦਾ ਸੰਤੁਲਨ ਰੱਖਣ ਵਿੱਚ ਇਸ ਦੀ ਅਹਿਮ ਭੂਮਿਕਾ ਹੈ। ਜੰਗਲੀ ਜੀਵਾਂ ਦੇ ਨਾਲ ਇਸ ਦਾ ਡੂੰਘਾ ਰਿਸ਼ਤਾ ਹੈ। ਪੰਜਾਬ ਅੰਦਰ ਬਹੁਤ ਥਾਵਾਂ ਤੇ ਬੀੜਾਂ ਨੂੰ ਇਸੇ ਕਰਕੇ ਸੁਰੱਖਿਅਤ ਰੱਖਿਆ ਗਿਆ ਹੈ ਕਿ ਇਨ੍ਹਾਂ ਜੰਗਲੀ ਜੀਵਾਂ ਦੀ ਸਹੀ ਤਰੀਕੇ ਨਾਲ ਸਾਂਭ ਸੰਭਾਲ ਹੋ ਸਕੇ। ਇਤਿਹਾਸਕ ਸ਼ਹਿਰ ਨਾਭਾ ਦਾ ਨਾਂ ਇਥੋਂ ਦੇ ਰਿਆਸਤੀ ਰਾਜਿਆਂ ਦੀਆਂ ਅਭੁੱਲ ਯਾਦਾਂ ਕਾਰਨ ਬੜੇ ਮਾਣ ਨਾਲ ਲਿਆ ਜਾਂਦਾ ਹੈ ਇਤਿਹਾਸਕ ਸ਼ਹਿਰ ਨਾਭਾ ਦੇ ਪੂਰਬ ਵੱਲ ਰਾਜਿਆਂ ਵੇਲੇ ਦਾ 'ਬੀੜ ਦੁਸਾਂਝ' ਹੈ। ਇਸ ਵਿੱਚ ਰੋਜ, ਨੀਲ ਗਊ, ਗਿੱਦੜ, ਬਾਂਦਰ ਅਤੇ ਹੋਰ ਜੰਗਲੀ ਜਾਨਵਰ ਰਹਿੰਦੇ ਹਨ। ਅਵਾਰਾ ਤਿੱਖੇ ਤਿੱਖੇ ਸਿੰਗਾਂ ਵਾਲੀਆਂ ਗਊਆਂ, ਸਾਨ੍ਹ, ਕੁੱਤੇ ਆਦਿ ਵੀ ਜੰਗਲੀ ਬਣ ਚੁੱਕੇ ਹਨ। ਜੌੜੇਪੁਲਾਂ, ਘਣੀਵਾਲ , ਭੋੜੇ ਆਦਿ ਪਿੰਡਾਂ ਨੂੰ ਮਿਲਾਉਂਦੀ ਇਹ ਚੌੜੀ ਸੜਕ ਇਸ ਬੀੜ ਵਿੱਚੋਂ ਲੰਘਦੀ ਹੈ। ਭਾਵੇਂ ਪਿੱਛੇ ਜਿਹੇ ਬੀੜ ਵਿਚਲੀ ਸੜਕ ਦੇ ਆਲੇ ਦੁਆਲੇ ਲੋਹੇ ਦੀ ਜਾਲੀ ਲਾਈ ਜਾ ਰਹੀ ਹੈ ਪਰ ਉਹ ਵੀ ਬਹੁਤਾ ਕਾਰਗਰ ਨਹੀਂ ਜਾਪਦੀ, ਕੰਮ ਇਸ ਤਰ੍ਹਾਂ ਕੀਤਾ ਹੈ ਕਿ ਬਹੁਤਾ ਚਿਰ ਇਹ ਕੱਟਦੀ ਲੱਗਦੀ ਨਹੀਂ। ਇਸ ਸੜਕ ਤੋਂ ਲੰਘਣ ਵਾਲਿਆਂ ਦੇ ਇਨ੍ਹਾਂ ਅਵਾਰਾ ਡੰਗਰਾਂ, ਬਾਂਦਰਾਂ ਆਦਿ ਨਾਲ ਅਨੇਕਾਂ ਵਾਰੀ ਐਕਸੀਡੈਂਟ ਹੋ ਚੁੱਕੇ ਹਨ। ਕਈ ਜਾਨਾਂ ਵੀ ਜਾ ਚੁੱਕੀਆਂ ਹਨ। ਸਕੂਲਾਂ, ਕਾਲਜਾਂ ਵਿੱਚ ਪੜ੍ਹਦੇ ਬੱਚੇ ਮਜਬੂਰੀਵਸ਼ ਰੋਜ਼ਾਨਾ ਇਥੋਂ ਦੀ ਡਰ ਡਰ ਕੇ ਲੰਘਦੇ ਹਨ। ਸਕੂਲ, ਕਾਲਜ / ਟਿਊਸ਼ਨ ਅਤੇ ਡਿਊਟੀ ਤੇ ਜਾਣ ਵਾਲੀਆਂ ਇੱਕਲੀਆਂ ਲੜਕੀਆਂ ਲਈ ਇਥੋਂ ਦੀ ਲੰਘਣਾ ਹੋਰ ਵੀ ਮੁਸ਼ਕਲ ਹੈ। ਮਾਪਿਆਂ ਦੇ ਆਪਣੇ ਬੱਚਿਆਂ ਦੇ ਸਹੀ ਸਲਾਮਤ ਘਰ ਆਉਣ ਤੱਕ ਸਾਹ ਸੂਤੇ ਰਹਿੰਦੇ ਹਨ। ਭੂਸਰੇ ਸਾਨ੍ਹ ਅਤੇ ਭੁੱਖੇ ਬਾਂਦਰ ਕਈ ਵਾਰ ਲੰਘ ਰਹੇ ਰਾਹੀਆਂ ਤੇ ਹਮਲਾ ਕਰਕੇ ਜਖ਼ਮੀ ਕਰ ਦਿੰਦੇ ਹਨ।ਦਾਨੀ ਸਜਣ ਬਾਂਦਰਾਂ ਨੂੰ ਖਾਣ ਲਈ ਵਸਤਾਂ ਅਤੇ ਡੰਗਰਾਂ ਲਈ ਚਾਰਾ ਅਕਸਰ ਹੀ ਸੜਕ ਦੇ ਕਿਨਾਰਿਆਂ ਤੇ ਸੁੱਟ ਜਾਂਦੇ ਹਨ ਜਿਸ ਨਾਲ ਕਈ ਵਾਰੀ ਲੰਘ ਰਹੇ ਰਾਹੀਆਂ ਦੇ ਐਕਸੀਡੈਂਟ ਹੋ ਜਾਂਦੇ ਹਨ ਕਿਉਂਕਿ ਦੂਸਰੀ ਸਾਈਡ ਤੋਂ ਭੁੱਖੇ ਬਾਂਦਰ ਅਤੇ ਡੰਗਰ ਦੌੜ ਕੇ ਖਾਣ ਲਈ ਆਉਂਦੇ ਹਨ। ਆਮ ਲੋਕ ਅਤੇ ਕਈ ਸੰਸਥਾਵਾਂ ਵਾਲੇ ਸ਼ਾਇਦ ਦਾਨ ਪੁੰਨ ਦੀ ਭਾਵਨਾ ਨਾਲ ਖਾਣ ਵਾਲੀਆਂ ਵਸਤਾਂ ਪਾ ਕੇ ਜਾਂਦੇ ਹਨ ਪਰ ਉਹ ਇਹ ਨਹੀਂ ਸੋਚਦੇ ਕਿ ਇਸ ਤਰ੍ਹਾਂ ਸੜਕ ਤੇ ਗੰਦ ਅਤੇ ਆਵਾਜਾਈ 'ਚ ਵਿਘਣ ਵੀ ਪੈਂਦਾ ਹੈ।


ਮੇਜਰ ਸਿੰਘ ਨਾਭਾ
91-94635-53962

ਜਿਥੇ ਸਰਕਾਰ ਨੇ ਬੀੜ ਦੇ ਦੁਆਲੇ ਖੇਤਾਂ ਦੇ ਉਜਾੜੇ ਨੂੰ ਰੋਕਣ ਲਈ ਜਾਲੀਦਾਰ ਵਾੜ ਲਗਾਈ ਹੈ ਉਥੇ ਬੀੜ ਦੇ ਏਰੀਏ ਵਿੱਚ ਹੁਣ ਸੜਕ ਦੇ ਦੋਨਾਂ ਪਾਸੇ ਵੀ ਉੱਚੀ ਜਾਲੀਦਾਰ ਵਾੜ ਲਗਾਈ ਜਾ ਰਹੀ ਹੈ ਤਾਂ ਜੋ ਇਹ ਜੰਗਲੀ ਜਾਨਵਰ / ਡੰਗਰ ਸੜਕ ਤੇ ਆ ਕੇ ਰਾਹਗੀਰਾਂ ਲਈ ਪ੍ਰੇਸ਼ਾਨੀ ਪੈਦਾ ਨਾ ਕਰਨ। ਇਹ ਆਉਣ ਵਾਲਾ ਸਮਾਂ ਹੀ ਦੱਸੇਗਾ ਕਿ ਇਹ ਪ੍ਰੋਜੈਕਟ ਕਿੰਨਾ ਕੁ ਕਾਰਗਰ ਸਿੱਧ ਹੋਵੇਗਾ। ਜੇ ਨਵੀਂ ਸਰਕਾਰ ਇਨ੍ਹਾਂ ਜੰਗਲੀ ਜਾਨਵਰਾਂ ਅਤੇ ਪੰਛੀਆਂ ਲਈ ਰਹਿਣ, ਖਾਣ ਪੀਣ, ਕੁਦਰਤੀ ਮਾਹੌਲ ਆਦਿ ਦੇ ਕੇ ਮਸਲਾ ਹੱਲ ਕਰ ਵਿਖਾਉਂਦੀ ਹੈ ਤਾਂ ਇਨ੍ਹਾਂ ਲਈ ਬਹੁਤ ਵੱਡੀ ਰਾਹਤ ਹੋਵੇਗੀ।

ਇਨ੍ਹਾਂ ਜੰਗਲੀ ਥਾਵਾਂ ਦੀ ਉੱਚਿਤ ਵਰਤੋਂ ਕਰਕੇ ਇਹ ਮਸਲੇ ਹੱਲ ਕੀਤੇ ਜਾ ਸਕਦੇ ਹਨ। ਨਾਭਾ ਨੇੜੇ ਚੋਧਰੀ ਮਾਜਰਾ ਪੂਲੀ ਤੋਂ ਲੈ ਕੇ ਬੀੜ ਦੋਸਾਂਝ ਤੱਕ ਸੜਕ ਦੇ ਨਾਲ ਜਾਂਦੇ ਰਜਬਾਹੇ ਨੂੰ ਪੱਕਾ ਕਰਵਾ ਦਿੱਤਾ ਗਿਆ ਹੈ । ਇਸ ਸੜਕ ਤੇ ਸ਼ਹਿਰ ਦੇ ਵਾਸੀ ਕਾਫੀ ਮਿਕਦਾਰ ਵਿੱਚ ਸੈਰ ਕਰਨ ਆਉਂਦੇ ਹਨ ।ਹੁਣ ਇਸ ਦੀ ਪਟੜੀ ਵੀ ਸੈਰ ਕਰਨ ਵਾਲਿਆਂ ਲਈ ਪੱਕੀ ਕਰਵਾ ਕੇ ਆਲੇ ਦੁਆਲੇ ਰੰਗ ਦਾਰ ਬੂਟੇ ਲਗਵਾ ਦਿੱਤੇ ਜਾਣ ਜਿਸ ਨਾਲ ਇਸ ਇਤਿਹਾਸਕ ਸ਼ਹਿਰ ਦੀ ਸ਼ਾਨ ਵੀ ਵੱਧੇਗੀ ਅਤੇ ਇਸ ਤਰ੍ਹਾਂ ਲੋਕਾਂ ਲਈ ਇਹ ਏਰੀਆ ਰਮਣੀਕ ਬਣ ਸਕਦਾ ਹੈ। ਆਸ ਹੈ ਕਿ ਇਹ ਕੰਮ ਨਾਭਾ ਹਲਕੇ ਦੇ ਸੂਝਵਾਨ ਹਲਕਾ ਵਿਧਾਇਕ ਕਰਵਾ ਸਕਦੇ ਹਨ , ਜੋ ਕਿ ਨਾਭੇ ਦੇ ਆਲੇ ਦੁਆਲੇ ਨੂੰ ਸੁੰਦਰੀਕਰਨ ਲਈ ਕੰਮ ਕਰ ਰਹੇ ਹਨ। ਉਹ ਇਸ ਨੇਕ ਕੰਮ ਨੂੰ ਵੀ ਕਰਵਾ ਕੇ ਹਮੇਸ਼ਾਂ ਲਈ ਹਲਕੇ ਦੇ ਲੋਕਾਂ ਤੋਂ ਵਾਹ ਵਾਹ ਖੱਟ ਸਕਦੇ ਹਨ ।

ਹੁਣ ਨਾਭੇ ਤੋਂ ਜੱਸੀ ਸੋਹੀਆਂ ਵਾਲਾ ਨੂੰ ਜਿਲ੍ਹਾ ਯੋਜਨਾ ਬੋਰਡ ਪਟਿਆਲਾ ਦਾ ਚੇਅਰਮੈਨ ਸਰਕਾਰ ਵਲੋਂ ਲਾਇਆ ਗਿਆ, ਨਾਭੇ ਨੂੰ ਇਹ ਪਹਿਲੀ ਵਾਰ ਮੌਕਾ ਮਿਲਿਆ ਹੈ ਸੋ ਉਨ੍ਹਾਂ ਤੋਂ ਪੂਰੀ ਆਸ ਹੈ ਕਿ ਉਹ ਨਾਭੇ ਦੇ ਇਤਿਹਾਸਕ ਬੀੜ ਵਿੱਚ ਕੋਈ ਚਿਲਡਰਨ ਪਾਰਕ / ਚਿੜਿਆ ਘਰ ਇਲਾਕੇ ਦੇ ਬੱਚਿਆਂ ਦੇ ਮਨਪ੍ਰਚਾਵੇ ਲਈ ਬਣਾ ਕੇ ਉਨ੍ਹਾਂ ਦੇ ਵਹਿਲੇ ਸਮੇਂ ਨੂੰ ਉਸਾਰੂ ਪਾਸੇ ਲਾਉਣ ਲਈ ਸਮਾਜ ਵਿੱਚ ਪਨਪ ਰਹੀਆਂ ਬੁਰਾਈਆਂ ਤੋਂ ਬੱਚਿਆਂ ਨੂੰ ਦੂਰ ਰੱਖਿਆ ਜਾ ਸਕੇ। ਆਸ ਹੈ ਚੇਅਰਮੈਨ ਵੀ ਲੋਕਾਂ ਲਈ ਨਵੇਂ ਪ੍ਰੋਜੈਕਟ ਲਈ ਹਲਕੇ ਦੇ ਵਿਧਾਇਕ ਦਾ ਸਹਿਯੋਗ ਲੈ ਕੇ ਗ੍ਰਾਂਟ ਜਾਰੀ ਕਰਵਾ ਕੇ ਇਲਾਕੇ ਲਈ ਮਨਪ੍ਰਚਾਵਾ ਸਾਧਨ ਬਣਾਉਣ 'ਚ ਪਹਿਲ ਕਦਮੀ ਕਰਨਗੇ। ਮਹਿਕਮੇ ਵਲੋਂ ਬੀੜ ਅੰਦਰ ਅਤੇ ਸੜਕ ਦੇ ਆਲੇ ਦੁਆਲੇ ਸੁੱਕੇ ਅਤੇ ਨਿਕੰਮੇ ਦਰਖੱਤਾਂ ਦੀ ਪੁਟਾਈ / ਕਟਾਈ ਕਰਵਾ ਕੇ ਇਸ ਥਾਂ ਨਵੇਂ ਫਲਦਾਰ ਅਤੇ ਛਾਂਦਾਰ ਕੀਮਤੀ ਲਕੜੀ ਵਾਲੇ ਪੌਦੇ / ਬੂਟੇ ਲਾਏ ਜਾਣ ਜੋ ਕਿ ਜੰਗਲੀ ਜਾਨਵਰਾਂ ਲਈ ਜੀਵਤ ਰਹਿਣ ਲਈ ਵੀ ਸਹਾਈ ਹੋਣਗੇ। ਇਸ ਤਰ੍ਹਾਂ ਇਨ੍ਹਾਂ ਜਾਨਵਰਾਂ ਦੀ ਸਹੀ ਸੰਭਾਲ ਵੀ ਕੀਤੀ ਜਾ ਸਕਦੀ ਹੈ ਅਤੇ ਵਾਤਾਵਰਣ ਵੀ ਸਵੱਛ ਹੋਵੇਗਾ।

# ਲੈਕ: ਗੁਰਬਖਸ਼ੀਸ਼ ਸਿੰਘ ਤੇਜਾ ਵਲੋਂ ਅਧਿਆਪਨ ਖੇਤਰ 'ਚ ਪਾਏ ਵਿਲੱਖਣ ਯੋਗਦਾਨ ਦੀ ਸੇਵਾ ਮੁਕਤੀ ਸਮੇਂ ਪ੍ਰਸ਼ੰਸ਼ਾ ਕੀਤੀ ਗਈ

ਰਾਸ਼ਟਰ ਨਿਰਮਾਤਾ ਕਹਾਉਣ ਵਾਲੇ ਅਧਿਆਪਕ ਦਾ ਸਨਮਾਨ ਸਮਾਜ ਅੰਦਰ ਭਾਵੇਂ ਘੱਟਿਆ ਹੈ ਪਰ ਫਿਰ ਵੀ ਕਈ ਇਨਸਾਨਾਂ ਅੰਦਰ ਐਸੇ ਗੁਣ ਹੁੰਦੇ ਹਨ ਕਿ ਉਨ੍ਹਾਂ ਦਾ ਹਰ ਕੋਈ ਸਤਿਕਾਰ ਕਰਦਾ ਹੈ। ਇਹੋ ਜਿਹਾ ਹੀ ਇਮਾਨਦਾਰ ਅਤੇ ਦ੍ਰਿੜ ਇਰਾਦੇ ਵਾਲਾ ਇਨਸਾਨ ਹੈ ਗੁਰਬਖਸ਼ੀਸ਼ ਸਿੰਘ ਤੇਜਾ ਲੈਕਚਰਾਰ (ਬਾਇਓਲੋਜੀ) ਜਿਨ੍ਹਾਂ ਨੇ ਸਿੱਖਿਆ ਵਿਭਾਗ ਪੰਜਾਬ ਵਿਚ ਵਿਲੱਖਣ ਸਰਕਾਰੀ ਸੇਵਾ ਨਿਭਾਈ। ਉਹ ਸਾਇੰਸ ਮਾਸਟਰ ਤੋਂ ਬਤੌਰ ਲੈਕਚਰਾਰ ਬਾਇਓਲੋਜੀ ਤਰੱਕੀ ਹੋਣ ਤੇ ਸ੍ਰ.ਸ.ਸ.ਸ. ਸ਼ੇਰਪੁਰ (ਸੰਗਰੂਰ) ਵਿਖੇ ਮਿਤੀ 31-05-2012 ਨੂੰ ਹਾਜ਼ਰ ਹੋਏ। ਇਸ ਤੋਂ ਬਾਅਦ ਸ੍ਰ.ਸ.ਸ.ਸ ਜੱਸੋਮਾਜਰਾ (ਜ਼ਿਲ੍ਹਾ ਪਟਿਆਲਾ) ਵਿਖੇ ਮਿਤੀ 27-07-2012 ਨੂੰ ਹਾਜ਼ਰ ਹੋਏ।ਇਸ ਤੋਂ ਬਾਅਦ ਇੱਕ ਅਕਤੂਬਰ 2016 ਨੂੰ ਸ.ਸ.ਸ.ਸ. ਕਲਿਆਣ (ਜ਼ਿਲ੍ਹਾ ਪਟਿਆਲਾ) ਵਿਖੇ ਬਦਲੀ ਹੋਣ ਉਪਰੰਤ ਹਾਜ਼ਰ ਹੋਏ ਜੋ 28 ਫਰਵਰੀ 2023 ਤੱਕ ਸੇਵਾ ਮੁਕਤੀ ਹੋਣ ਤੱਕ ਕੁੱਲ 28 ਸਾਲ 2 ਮਹੀਨੇ ਅਤੇ ਅੱਠ ਦਿਨ ਦੀ ਸ਼ਾਨਦਾਰ ਸੇਵਾ ਨਿਭਾ ਚੁੱਕੇ ਹਨ ।ਸੇਵਾ ਦੌਰਾਨ ਪੜ੍ਹਾਇਆ ਵਿਸ਼ਾ (ਵਿਗਿਆਨ, ਬਾਇਓਲੋਜੀ ਜਾਂ ਕੋਈ ਹੋਰ ਦਾ ਨਤੀਜਾ ਹਮੇਸ਼ਾ ਬੋਰਡ ਦੀਆਂ ਕਲਾਂਸਾਂ ਤੋਂ ਉਪਰ ਰਿਹਾ ਇਸ ਵਿਚੋਂ ਬਹੁਤੇ ਨਤੀਜੇ 100ਗ (ਪ੍ਰਤੀਸ਼ਤ) ਰਹੇ। ਉਨ੍ਹਾਂ ਦੇ ਪੜ੍ਹਾਉਣ ਦਾ ਨਿਵੇਕਲਾ ਢੰਗ ਹੀ ਬੋਰਡ ਦੇ ਨਤੀਜਿਆਂ ਤੋਂ ਸਪਸ਼ਟ ਦਿਖਾਈ ਦਿੰਦਾ ਹੈ। ਉਨ੍ਹਾਂ ਆਪਣੀ ਘੰਟੀ ਵਲੋਂ ਹਮੇਸ਼ਾਂ ਬੱਚਆਂ ਨੂੰ ਪੜ੍ਹਾਉਣ ਦੀ ਕੋਸ਼ਿਸ਼ ਕੀਤੀ। ਜਿਨ੍ਹਾਂ ਨੇ ਸਿੱਖਿਆ ਵਿਭਾਗ ਪੰਜਾਬ ਵਿਚ ਕੁੱਲ 28 ਸਾਲ 2 ਮਹੀਨੇ 8 ਦਿਨ ਦੀ ਸਰਕਾਰੀ ਸੇਵਾ ਨਿਭਾਅ ਕੇ ਸੇਵਾ ਮੁਕਤੀ ਲਈ । ਇਸ ਸਮੇਂ ਸਕੂਲ ਦੇ ਪ੍ਰਿੰਸੀਪਲ ਮੈਡਮ ਰਮਨਦੀਪ ਕੌਰ, ਮੈਮ ਰਜਨੀ (ਲੈਕ: ਕੈਮਿਟਰੀ), ਸੀਤਲ ਚੰਦ (ਲੈਕ: ਕਾਮਰਸ), ਮਨਜੀਤ ਸਿੰਘ ਓਤੇ ਸਮੂਹ ਸਟਾਫ ਵਲੋਂ ਉਨ੍ਹਾਂ ਦੀਆਂ ਸ਼ਾਨਦਾਰ ਪ੍ਰਾਪਤੀਆਂ / ਸੇਵਾਵਾਂ ਦੀ ਪ੍ਰਸ਼ੰਸ਼ਾ ਕੀਤੀ। ਸਮੂਹ ਸਟਾਫ ਵਲੋਂ ਪਰਿਵਾਰਕ ਮੈਂਬਰਾਂ ਨੂੰ ਫੁੱਲਾਂ ਦਾ ਗੁਲਦਸਤਾ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ। ਗੁਰਬਖਸ਼ੀਸ਼ ਸਿੰਘ ਨੇ ਸੇਵਾ ਦੌਰਾਨ ਸਮੇਂ ਦੀ ਪਾਬੰਦੀ ਦਾ ਹਮੇਸ਼ਾਂ ਧਿਆਨ ਰੱਖਿਆ ਗਿਆ ਤੇ ਪੂਰੀ ਸੇਵਾ ਸਮੇਂ ਕਿਸੇ ਕਿਸਮ ਦੀ ਮੈਡੀਕਲ ਅਤੇ ਕਮਾਈ ਛੁੱਟੀ ਦੀ ਵਰਤੋਂ ਨਹੀਂ ਕੀਤੀ ਗਈ।



ਸ਼੍ਰੀ ਗੁਰਬਖਸ਼ੀਸ਼ ਸਿੰਘ ਤੇਜਾ ਦਾ ਜਨਮ ਮਿਤੀ 02 ਫਰਵਰੀ 1965 ਨੂੰ ਪਿੰਡ ਨਰਮਾਣਾ, ਜ਼ਿਲ੍ਹਾ ਪਟਿਆਲਾ ਵਿਖੇ ਪਿਤਾ ਕਰਨੈਲ ਸਿੰਘ ਅਤੇ ਮਾਤਾ ਤੇਜ ਕੌਰ ਜੀ ਦੇ ਘਰ ਹੋਇਆ। ਉਨ੍ਹਾਂ ਨੇ ਦਸਵੀਂ ਸਰਕਾਰੀ ਹਾਈ ਸਕੂਲ ਬਾਲਦ ਕਲਾਂ (ਸੰਗਰੂਰ) ਵਿਚ ਆਪਣੇ ਪਿੰਡ ਤੋਂ ਅਤੇ ਬੀ.ਐਸ.ਸੀ (ਮੈਡੀਕਲ) ਸਰਕਾਰੀ ਰਿਪੁਦਮਨ ਕਾਲਜ ਨਾਭਾ ਤੋਂ ਪ੍ਰਾਪਤ ਕੀਤੀ। ਉਨ੍ਹਾਂ ਨੇ ਐਮ.ਫਿਲ. ਅਤੇ ਐਮ.ਐਸ.ਸੀ. (ਬੋਟਨੀ), ਰੈਗੂਲਰ-ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਬੀ.ਐਡ. (ਸਟੇਟ ਕਾਲਜ ਪਟਿਆਲਾ) ਤੋਂ ਪ੍ਰਾਪਤ ਕੀਤੀ। ਉਨ੍ਹਾਂ ਨੂੰ ਐਮ.ਐਸ.ਸੀ. ਕਰਦੇ ਸਮੇਂ 'ਮੈਰਿਟ ਸਰਟੀਫੀਕੇਟ ਆਫ ਮੈਕਸੀਮਮ ਅਟੈਂਡਡੈਂਸ' ਵੀ ਮਿਲਿਆ।

ਸਿੱਖਿਆ ਵਿਭਾਗ ਵਿਚ ਉਨ੍ਹਾਂ ਪਹਿਲੀ ਹਾਜ਼ਰੀ ਬਤੌਰ ਸਾਇੰਸ ਮਾਸਟਰ 16 ਅਪ੍ਰੈਲ 1994 ਨੂੰ ਮਿਡਲ ਸਕੂਲ ਜਨਾਲ, ਜ਼ਿਲ੍ਹਾ ਸੰਗਰੂਰ ਵਿਖੇ ਦੇ ਕੇ ਹਾਜ਼ਰ ਹੋਏ। ਬੋਰਡ ਦੀਆਂ ਕਲਾਂਸਾਂ ਤੋਂ ਉਪਰ ਰਿਹਾ ਇਸ ਵਿਚੋਂ ਬਹੁਤੇ ਨਤੀਜੇ 100ਗ (ਪ੍ਰਤੀਸ਼ਤ) ਰਹੇ। ਉਨ੍ਹਾਂ ਦੇ ਪੜ੍ਹਾਉਣ ਦਾ ਨਿਵੇਕਲਾ ਢੰਗ ਹੀ ਬੋਰਡ ਦੇ ਨਤੀਜਿਆਂ ਤੋਂ ਸਪਸ਼ਟ ਦਿਖਾਈ ਦਿੰਦਾ ਹੈ। ਉਨ੍ਹਾਂ ਆਪਣੀ ਘੰਟੀ ਵਿੱਚ ਹਮੇਸ਼ਾਂ ਬੱਚਆਂ ਨੂੰ ਪੜ੍ਹਾਉਣ ਦੀ ਕੋਸ਼ਿਸ਼ ਕੀਤੀ । ਸੇਵਾ ਦੌਰਾਨ ਸਮੇਂ ਦੀ ਪਾਬੰਦੀ ਦਾ ਧਿਆਨ ਰੱਖਿਆ ਗਿਆ। ਉਨ੍ਹਾਂ ਦੀ ਸਮੇਂ ਸਮੇਂ ਤੇ ਜੋ ਵਿਭਾਗ ਵੱਲੋਂ ਡਿਊਟੀ ਲਗਾਈ ਗਈ ਉਸ ਨੂੰ ਹਮੇਸ਼ਾਂ ਸਹੀ ਢੰਗ ਨਾਲ ਨਿਭਾਇਆ ਗਿਆ। ਉਪਰੋਕਤ ਸਰਕਾਰੀ ਸਿੱਖਿਆ ਵਿਭਾਗ ਤੋਂ ਇਲਾਵਾ, ਆਰੀਆ ਸੀਨੀਅਰ ਸਕੈਂਡਰੀ ਸਕੂਲ ਮੰਡੀ ਗੋਬਿੰਦਗੜ੍ਹ ਵਿਖੇ ਬਤੌਰ ਲੈਕਚਰਾਰ ਬਾਇਓਲੋਜੀ ਅਕਤੂਬਰ, 1991 ਤੋਂ ਅਕਤੂਬਰ 1992 ਤੱਕ ਪੜ੍ਹਾਇਆ। ਇਸ ਤੋਂ ਬਾਅਦ ਜਵਾਹਰ ਨਵੋਦਿਆ ਵਿਦਿਆਲਾ ਸੁਰਨਕੋਟ (ਜ਼ਿਲ੍ਹਾ ਪੁੰਛ, ਜੰਮੂ ਅਤੇ ਕਸ਼ਮੀਰ) ਵਿਖੇ ਬਤੌਰ ਪੀ.ਜੀ.ਟੀ. (ਬਾਇਓਲੋਜੀ) ਦੇ ਤੌਰ ਤੇ ਅਕਤੂਬਰ 1992 ਤੋਂ ਅਪ੍ਰੈਲ 1994 ਤੱਕ ਪੜ੍ਹਾਇਆ। ਉਨ੍ਹਾਂ ਦਾ ਵਿਆਹ 28 ਨਵੰਬਰ 1993 ਨੂੰ ਮਾਤਾ ਮਲਕੀਤ ਕੌਰ , ਪਿਤਾ ਮੇਘ ਸਿੰਘ ਟਿਵਾਣਾ ਅਤੇ ਭਰਾ ਜਗਤਾਰ ਸਿੰਘ ਟਿਵਾਣਾ (ਸਾ. ਜਿਲ੍ਹਾ ਅਫਸਰ ਖੇਡਾਂ ਪਟਿਆਲਾ) ਮੌਜੂਦਾ ਹੈਡਮਾਸਟਰ ਦੀ ਭੈਣ ਰਾਮਿੰਦਰ ਕੌਰ ਨਾਲ ਪਟਿਆਲਾ ਵਿਖੇ ਹੋਇਆ । ਉਨ੍ਹਾਂ ਦੇ ਪਿਤਾ ਸ. ਕਰਨੈਲ ਸਿੰਘ ਪੰਜਾਬ ਬਿਜਲੀ ਬੋਰਡ ਵਿੱਚ ਰੈਵਨਿਊ ਅਕਾਊਂਟੈਂਟ ਵਜੋਂ ਸੇਵਾ ਕਰਦੇ ਹੋਏ ਜੁਲਾਈ, 1997 ਵਿਚ ਰਿਟਾਇਰ ਹੋਏ। ਉਨ੍ਹਾਂ ਦੇ ਧਰਮ ਪਤਨੀ ਸ਼੍ਰੀ ਮਤੀ ਰਾਮਿੰਦਰ ਕੌਰ ਨੇ ਵਿਦਿਆ ਭਾਰਤੀ ਦੇ ਅਧੀਨ ਚਲ ਰਹੇ ਪੰਜਾਬ ਦੀ 'ਸਰਵਹਿੱਤਕਾਰੀ ਸਿਖਿੱਆ ਸੰਮਤੀ ' ਅਧੀਨ ਸਕੂਲ ਵਿਚ ਮਾਝੀ ( ਸੰਗਰੂਰ) ਵਿਖੇ 17 ਸਾਲ ਅਤੇ ਜਿਸ ਵਿਚੋਂ ਕੁਝ ਸਮਾਂ ਪ੍ਰਿੰਸੀਪਲ ਅਤੇ ਛੇ ਸਾਲ ਦਿਆਨੰਦ ਪਬਲਿਕ ਸਕੂਲ ਨਾਭਾ ਵਿਖੇ ਵਾਇਸ ਪ੍ਰਿੰਸੀਪਲ ਵਜੋਂ ਕੰਮ ਕੀਤਾ।ਉਨ੍ਹਾਂ ਦੀ ਧਰਮਪਤਨੀ ਨੇ ਪਰਿਵਾਰਕ ਲੋੜਾਂ ਨੂੰ ਮੁੱਖ ਰੱਖ ਕੇ ਸਮੇਂ ਤੋਂ ਪਹਿਲਾਂ ਰਿਟਾਇਰਮੈਂਟ ਲੈ ਲਈ। ਉਨ੍ਹਾਂ ਦੇ ਇਕਲੌਤੇ ਬੇਟੇ ਡਾਕਟਰ ਗੁਰਜਾਪ ਸਿੰਘ ਨੇ ਐਮ.ਵੀ., ਐਸ.ਸੀ ਦੀ ਡਿਗਰੀ (ਸਰਜਰੀ ਅਤੇ ਰੇਡੀਓਲੋਜੀ) ਵਿਚ ਗੁਰੂ ਅੰਗਦ ਦੇਵ ਵੈਟਨਰੀ ਯੂਨੀਵਰਸਿਟੀ ਲੁਧਿਆਣਾ ਤੋਂ ਜੁਲਾਈ, 2020 ਵਿਚ ਪੂਰੀ ਕੀਤੀ ਅਤੇ ਦਸੰਬਰ 2020 ਵਿੱਚ ਹੀ ਉਨ੍ਹਾਂ ਦੀ ਵੈਟਨਰੀ ਅਫਸਰ ਵਜੋਂ ਨਿਯੁਕਤੀ ਹੋ ਗਈ ਜੋ ਅੱਜ ਕੱਲ੍ਹ ਭਾਦਸੋਂ ਵਿਖੇ ਸੇਵਾ ਨਿਭਾ ਰਹੇ ਹਨ। ਗੁਰਬਖਸ਼ੀਸ਼ ਸਿੰਘ ਤੇਜਾ ਦੇ ਦਾਦਾ ਜੀ ਜੱਥੇਦਾਰ ਜੋਗਿੰਦਰ ਸਿੰਘ ਬਾਲਦਕਲਾਂ ਲੰਬਾ ਸਮਾਂ ਪਿੰਡ ਦੇ ਸਰਪੰਚ ਰਹੇ ਤੇ ਉਸ ਸਮੇਂ ਪਿੰਡ ਵਿਚ ਕੱਲਰ ਸੁਧਾਰ ਸਕੀਮ ਅਧੀਨ ਭੂਮੀ ਨੂੰ ਉਪਜਾਓ ਬਣਾਉਣਾ, ਗੁਰੂਦੁਆਰਾ ਸੁਧਾਰ ਲਹਿਰ ਅਤੇ ਸਮੇਂ ਸਮੇਂ ਤੇ ਲੱਗੇ ਮੋਰਚਿਆ ਵਿਚ ਵੱਧ ਚੜ੍ਹ ਕੇ ਹਿੱਸਾ ਪਾਉਂਦੇ, ਪਿੰਡ ਵਿਚ ਸਿਹਤ ਸਹੂਲਤਾ, ਸਿੱਖਿਆ ਅਤੇ ਹਰ ਪੱਖ ਤੋਂ ਪਿੰਡ ਅਤੇ ਸਮਾਜ ਦੀ ਤਰੱਕੀ ਵਿਚ ਯੋਗਦਾਨ ਪਾਇਆ, ਜਿਨ੍ਹਾਂ ਦੀ ਯਾਦ ਵਿਚ ਪਿੰਡ ਦੇ ਮੁੱਖ ਅੱਡੇ ਤੇ ਯਾਦਗਾਰੀ ਗੇਟ ਸਥਾਪਤ ਕੀਤਾ ਹੋਇਆ ਹੈ।ਉਨ੍ਹਾਂ ਦੇ ਚਾਚਾ ਜਸਪਾਲ ਸਿੰਘ ਨੇ ਦਸਵੀਂ 'ਚ ਪੜ੍ਹਦੇ ਹੀ ਉਸ ਸਮੇਂ ਚਲ ਰਹੀ ਨੈਕਸਲਾਈਟ ਮੂਵਮੈਂਟ ਵਿੱਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ । ਪੁਲਿਸ ਡਰੋਂ ਉਹ ਘਰੋਂ ਬਾਹਰ ਠਿਕਾਣਿਆਂ 'ਤੇ ਰਹਿਣ ਲੱਗ ਪਏ ਅਤੇ 28 ਅਗਸਤ 1971 ਨੂੰ ਇਸ ਲਹਿਰ ਦੀ ਭੇਟ ਚੜ੍ਹ ਕੇ ਸ਼ਹੀਦੀ ਪਾ ਗਏ। ਇਸ ਪਰਿਵਾਰ ਦੇ ਗਰੀਬ ਲੋਕਾਂ ਦੇ ਹੱਕ ਸੱਚ ਲਈ ਕੀਤੇ ਕਾਰਜਾਂ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ ।ਪਰਿਵਾਰ ਦੀ ਆਦਰਸ਼ਕ ਸੋਚ ਸਦਕਾ ਇਲਾਕੇ ਵਿੱਚ ਪਰਿਵਾਰ ਦਾ ਸਤਿਕਾਰ ਹੈ । ਪ੍ਰਮਾਤਮਾ ਹਮੇਸ਼ਾਂ ਇਸ ਪਰਿਵਾਰ ਨੂੰ ਹਮੇਸ਼ਾਂ ਤੰਦਰੁਸਤੀ ਬਖਸ਼ ਕੇ ਸਮਾਜ ਦੀ ਹੋਰ ਵਧੇਰੇ ਸੇਵਾ ਕਰਨ ਦੀ ਸਮਰੱਥਾ ਦੇਵੇ।

**ਮੇਜਰ ਸਿੰਘ ਨਾਭਾ (ਮੋ: 9463553962)**

# ਸੰਗਤਾਂ ਦੇ ਸਨਿਮਰ ਸੱਦੇ 'ਤੇ ਅਮਰੀਕਾ ਆਏ ਸੰਤ ਕ੍ਰਿਸ਼ਨ ਨਾਥ ਜੀ ਨੇ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਸੰਗਤਾਂ ਨੂੰ ਗੁਰਬਾਣੀ ਨਾਲ ਜੁੜਨ ਲਈ ਪ੍ਰੇਰਿਆ


ਸੰਤ ਕ੍ਰਿਸ਼ਨ ਨਾਥ ਜੀ ਪ੍ਰਵਚਨ ਕਰਦੇ ਹੋਏ।





ਭਾਈ ਬਲਵਿੰਦਰ ਸਿੰਘ ਜੀ ਗੁਰੂ ਘਰ ਦਾ ਹਜ਼ੂਰੀ ਰਾਗੀ ਜਥਾ















**ਪਿਟਸਬਰਗ–** ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੇਫੋਰਨੀਆ) ਵਿਖੇ ਹਫਤਾਵਾਰੀ ਦੀਵਾਨਾਂ ਦੌਰਾਨ ਪੰਜਾਬ ਤੋਂ ਉਚੇਚੇ ਤੌਰ 'ਤੇ ਸੰਗਤਾਂ ਦੇ ਸਨਿਮਰ ਸੱਦੇ 'ਤੇ ਸੰਤ ਕ੍ਰਿਸ਼ਨ ਨਾਥ ਜੀ (ਡੇਰਾ ਸੰਤ ਬਾਬਾ ਫੂਲ ਨਾਥ ਜੀ, ਨਾਨਕ ਨਗਰੀ ਜੀ. ਟੀ. ਰੋਡ ਚਹੇੜੂ ਵਾਲੇ) ਜੀ ਨੇ ਸੰਗਤਾਂ ਨੂੰ ਪ੍ਰਵਚਨ ਕਰਦਿਆਂ ਧੰਨ ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਦਿਵਸ ਦੀਆਂ ਵਧਾਈਆਂ ਦਿੰਦਿਆਂ ਉਹਨਾਂ ਦੇ ਫਲਸਫੇ ਅਤੇ ਗੁਰਬਾਣੀ ਨਾਲ ਜੁੜਨ ਲਈ ਪ੍ਰੇਰਿਆ।

ਇਸ ਤੋਂ ਇਲਾਵਾ ਗੁਰੂ ਘਰ ਦੇ ਹਜ਼ੂਰੀ ਰਾਗੀ ਜਥੇ ਭਾਈ ਸਾਹਿਬ ਭਾਈ ਬਲਵਿੰਦਰ ਸਿੰਘ ਜੀ ਅਤੇ ਉਹਨਾਂ ਦੇ ਜਥੇ ਨੇ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।ਇਸ ਉਪਰੰਤ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸੰਤ ਕ੍ਰਿਸ਼ਨ ਨਾਥ ਜੀ ਮਹਾਰਾਜ ਦਾ ਸਿਰੋਪਾਓ ਨਾਲ ਸਨਮਾਨ ਕੀਤਾ। ਇਸ ਉਪਰੰਤ ਗੁਰੂ ਕੇ ਅਤੁੱਟ ਲੰਗਰ ਵਰਤਾਏ ਗਏ। ਜਨਰਲ ਸਕੱਤਰ ਸ੍ਰੀ ਧਰਮਪਾਲ ਚੌਕੜੀਆ ਨੇ ਸੰਤਾਂ ਅਤੇ ਸਮੂਹ ਸਾਧ ਸੰਗਤ ਦਾ ਧੰਨਵਾਦ ਕੀਤਾ।

**ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦੀ ਪ੍ਰਬੰਧਕ ਕਮੇਟੀ ਨੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਦੇ ਸਹਿਯੋਗ ਨਾਲ ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਦਾ 646ਵਾਂ ਪ੍ਰਕਾਸ਼ ਦਿਹਾੜਾ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ। ਗੁਰੂ ਘਰ ਵੱਲੋਂ ਪ੍ਰਧਾਨ ਸ੍ਰੀ ਵਿਨੋਦ ਕੁਮਾਰ ਜੀ ਨੇ ਸਮੂਹ ਸ੍ਰੀ ਗੁਰੂ ਰਵਿਦਾਸ ਸਭਾਵਾਂ ਵੱਲੋਂ ਮਨਾਏ ਗਏ ਅਤੇ ਮਨਾਏ ਜਾ ਰਹੇ ਸ੍ਰੀ ਗੁਰੂ ਰਵਿਦਾਸ ਜੀ ਦੇ 646ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ**

# ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ ਮਨਾਇਆ ਸ੍ਰੀ ਗੁਰੂ ਰਵਿਦਾਸ ਜੀ ਦਾ 646ਵਾਂ ਪ੍ਰਕਾਸ਼ ਦਿਹਾੜਾ

**ਫਰਿਜ਼ਨੋ (ਡੀਡੀਬੀ)** ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜਨੋਂ (ਕੈਲੇਫੋਰਨੀਆ) ਵਿਖੇ ਬੀਤੇ ਐਤਵਾਰ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 646ਵਾਂ ਪ੍ਰਕਾਸ਼ ਦਿਹਾੜਾ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਸਬੰਧਤ ਸ੍ਰੀ ਅਖੰਡ ਪਾਠ ਸਾਹਿਬ 3 ਮਾਰਚ ਦਿਨ ਸ਼ੁੱਕਰਵਾਰ ਨੂੰ ਰਖਾਏ ਗਏ ਅਤੇ ਐਤਵਾਰ 5 ਮਾਰਚ ਨੂੰ ਭੋਗ ਪਾਏ ਗਏ। ਇਸ ਉਪਰੰਤ ਕੀਰਤਨ ਦੀਵਾਨ ਸਜਾਏ ਗਏ, ਜਿਸ ਵਿਚ ਵੱਖ-ਵੱਖ ਰਾਗੀ ਜਥਿਆਂ ਨੇ ਸ਼ਬਦ ਗਾਇਨ ਕੀਤਾ ਅਤੇ ਬੁਲਾਰਿਆਂ ਨੇ ਆਪਣੇ ਵਿਚਾਰ ਸਾਂਝੇ ਕੀਤੇ।

ਇਸ ਮੌਕੇ ਸ਼ਾਮਲ ਕੀਰਤਨੀ ਜਥਿਆਂ ਵਿਚ ਗੁਰੂ ਘਰ ਦੇ ਵਜੀਰ ਬਾਬਾ ਰਾਮ ਸਿੰਘ, ਭਾਈ ਸਾਹਿਬ ਭਾਈ ਪ੍ਰੀਤਮ ਸਿੰਘ ਮਿੱਠੇ ਟਿਵਾਣੇ ਵਾਲੇ ਮਡੇਰੇ ਤੋਂ ਜਥਾ, ਭਾਈ ਹਰਬਿਲਾਸ ਸਿੰਘ ਝਿੰਗੜ, ਭਾਈ ਰਾਮ ਆਸਰਾ, ਬੀਬੀ ਕਮਲਜੀਤ ਕੌਰ ਭਾਟੀਆ, ਪਿਟਸਬਰਗ ਅਤੇ ਭਾਈ ਭੁਪਿੰਦਰ ਸਿੰਘ ਅਤੇ ਭਾਈ ਰਾਜ ਬਰਾੜ ਵੱਲੋਂ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਬੇਟੀ ਆਂਚਲ ਸਿੰਘ ਹੇਅਰ ਸਪੁੱਤਰੀ ਸ੍ਰੀ ਕੁਲਵੀਰ ਸਿੰਘ ਹੇਅਰ (ਜਰਨਲਿਸਟ) ਜਿਹਨਾਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਬਾਰੇ ਮੀਕਾ ਮਸਾਣੀ ਦੀ ਲਿਖੀ ਬਹੁਤ ਵਧੀਆ ਕਵਿਤਾ ਪੇਸ਼ ਕੀਤੀ।

ਇਸ ਮੌਕੇ ਬੁਲਾਰਿਆਂ ਵਿਚ ਕਮੇਟੀ ਦੇ ਪ੍ਰਧਾਨ ਸ੍ਰੀ ਮਲਕੀਤ ਸਿੰਘ ਬੰਗੜ, ਸ੍ਰੀ ਗੁਰੂ ਰਵਿਦਾਸ ਸਭਾਂ ਬੇ-ਏਰੀਆ ਕਮੇਟੀ ਦੇ ਜਨਰਲ ਸਕੱਤਰ ਸ੍ਰੀ ਨਰੇਸ਼ ਕੁਮਾਰ ਗੱਡੂ, ਸ੍ਰੀ ਪਲਵਿੰਦਰ ਸਿੰਘ ਮਾਹੀ ਯੂਬਾ ਸਿਟੀ ਤੋਂ, ਸ੍ਰੀ ਜੀਵਨ ਰੱਤੂ ਸੈਕਰਾਮੈਂਟੋ ਤੋਂ, ਸ੍ਰੀ ਰਾਮਪਾਲ ਮੱਲ ਸੈਂਟਾ ਰੋਜਾ ਤੋਂ, ਡਾ. ਹਰਮੇਸ਼ ਕੁਮਾਰ ਅਤੇ ਗਿਆਨੀ ਪਰਮਪਾਲ ਸਿੰਘ ਆਦਿ ਨੇ ਗੁਰੂ ਮਹਾਰਾਜ ਪ੍ਰਤੀ ਆਪਣੇ ਵਿਚਾਰ ਸੰਗਤਾਂ ਨਾਲ ਸਾਂਝੇ ਕੀਤੇ।

ਇਸ ਮੌਕੇ ਸੇਵਾ ਕਰਨ ਵਾਲੇ ਪਰਿਵਾਰਾਂ ਵਿਚ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਸ੍ਰੀ ਕੁਲਦੀਪ ਸਿੰਘ ਬੰਗੜ, ਸ੍ਰੀਮਤੀ ਸਤੀਸ਼ ਕੌਰ ਬੰਗੜ ਅਤੇ ਸਮੂਹ ਪਰਿਵਾਰ ਵੱਲੋਂ ਕੀਤੀ ਗਈ। ਸ. ਕੁਲਦੀਪ ਸਿੰਘ ਹੈਨਫੋਰਡ ਤੇ ਸ੍ਰੀਮਤੀ ਸੁਰਿੰਦਰ ਕੌਰ ਦੀ ਪੋਤਰੀ, ਸ੍ਰੀਮਤੀ ਹਰਜਿੰਦਰ ਕੌਰ ਸੁਪਤਨੀ ਸ੍ਰੀ ਸੁਨੀਲ ਕੁਮਾਰ ਦੀ ਬੇਟੀ, ਸਪੁੱਤਰੀ ਹਰਮਨਪ੍ਰੀਤ ਕੌਰ ਪਤਨੀ ਸ੍ਰੀ ਪ੍ਰਦੀਪ ਸਿੰਘ ਵਾਸੀ ਸਮਰਾਲਾ, ਜ਼ਿਲ੍ਹਾ ਖੰਨਾ ਵੱਲੋਂ ਅਤੇ ਸਹੁਰੇ ਪਰਿਵਾਰ ਵੱਲੋਂ ਹੇਠ ਲਿਖੀ ਸੇਵਾ ਕੀਤੀ ਗਈ: ਸ੍ਰੀ ਨਿਸ਼ਾਨ ਸਾਹਿਬ, ਚੰਦੋਆ ਸਾਹਿਬ, ਰੁਮਾਲਾ ਸਾਹਿਬ, ਚਾਦਰਾਂ ਅਤੇ ਪੜਦਿਆਂ ਦੀ ਸੇਵਾ। ਸਮੂਹ ਪਰਿਵਾਰ ਦਾ ਕਮੇਟੀ ਵੱਲੋਂ ਬਹੁਤ ਬਹਤ ਧੰਨਵਾਦ ਕੀਤਾ ਗਿਆ।

ਸ੍ਰੀ ਸਰਬਜੀਤ ਸਿੰਘ ਚੁੰਬਰ ਅਤੇ ਸਲੀਮ ਵੱਲੋਂ ਦੁੱਧ ਅਤੇ ਜਲ ਸੇਵਾ ਕੀਤੀ ਗਈ। ਸ੍ਰੀ ਹਰਬੰਸ ਲਾਲ ਬੱਧਣ ਵੱਲੋਂ ਕੀਰਤਨੀ ਜਥੇ ਦੀ ਸੇਵਾ ਕੀਤੀ ਗਈ। ਸ੍ਰੀ ਕੁਲਦੀਪ ਸਿੰਘ ਹੈਨਫੋਰਡ ਅਤੇ ਸ੍ਰੀ ਲਛਮਣ ਸਿੰਘ ਵੱਲੋਂ ਲੰਗਰ ਰਸਦ ਦੀ ਸੇਵਾ ਕੀਤੀ ਗਈ। ਸ੍ਰੀ ਸੁੱਚਾ ਸਿੰਘ ਜਗਤਪੁਰ ਵੱਲੋਂ ਵੀ ਜਲ ਸੇਵਾ ਕੀਤੀ ਗਈ। ਇਹਨਾਂ ਤੋਂ ਇਲਾਵਾ ਬਾਕੀ ਸੰਗਤਾਂ ਵੱਲੋਂ ਮਾਇਆ ਦੀ ਵੱਧ ਚੜ੍ਹ ਕੇ ਸੇਵਾ ਕੀਤੀ ਗਈ। ਗੁਰੂ ਘਰ ਵੱਲੋਂ ਸਭ ਦਾ ਧੰਨਵਾਦ ਕੀਤਾ ਗਿਆ।

ਡਾ. ਸਤਨਾਮ ਸਿੰਘ ਬੰਗੜ ਜੀ ਵੱਲੋਂ ਗੁਰੂ ਘਰ ਵਿਖੇ ਬਲੱਡ ਕੈਂਪ ਲਗਾਇਆ ਗਿਆ ਅਤੇ ਖੂਨਦਾਨ ਕਰਨ ਵਾਲੇ ਸਭ ਦਾਨੀ ਸੱਜਣਾਂ ਦਾ ਵੀ ਕਮੇਟੀ ਵੱਲੋਂ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਪ੍ਰਬੰਧਕ ਕਮੇਟੀ ਵੱਲੋਂ ਕਿਚਨ ਵਿਚ ਸੇਵਾ ਕਰਨ ਵਾਲੇ ਸਭ ਬੀਬੀਆਂ ਅਤੇ ਭਾਈਆਂ ਦਾ ਧੰਨਵਾਦ ਅਤੇ ਲੋਹੜੀ ਮੰਗਣ ਵਾਲੀਆਂ ਬੀਬੀਆ ਅਤੇ ਭਾਈਆਂ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ।

ਅਦਾਰਾ ਦੇਸ਼ ਦੁਅਬਾ ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਵੱਲੋਂ ਇਸ ਮੌਕੇ ਲਾਈਵ ਅਤੇ ਮੀਡੀਆ ਕਵਰੇਜ ਕੀਤੀ ਗਈ ਅਤੇ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤ ਨੂੰ ਗੁਰਪੁਰਬ ਦੀ ਵਧਾਈ ਦਿੱਤੀ। ਸਟੇਜ ਦੀ ਸੇਵਾ ਸ੍ਰੀ ਕੁਲਦੀਪ ਸਿੰਘ ਬੰਗੜ ਵੱਲੋਂ ਬਾਖੂਬੀ ਨਾਲ ਨਿਭਾਈ। ਇਸ ਮੌਕੇ ਕੇਕ ਵੀ ਕੱਟੇ ਗਏ। ਤਿੰਨੋ ਦਿਨ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

ਅੰਤ ਵਿਚ ਸੇਵਾ ਕਰਨ ਵਾਲੇ ਸਾਰੇ ਪਰਿਵਾਰਾਂ, ਬੁਲਾਰਿਆਂ ਅਤੇ ਕੀਰਤਨ ਜਥਿਆਂ ਸਮੇਤ ਕਵਿਤਾ ਪੜ੍ਹਨ ਵਾਲੀ ਬੇਟੀ ਮਿਸ ਆਂਚਲ ਹੇਅਰ ਦਾ ਸਿਰੋਪਾਓ ਨਾਲ ਸਨਮਾਨ ਕੀਤਾ ਅਤੇ ਗੁਰੂ ਘਰ ਦੀ ਕਮੇਟੀ ਵੱਲੋਂ ਧੰਨਵਾਦ ਕੀਤਾ ਗਿਆ।














ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ
(ਅੰਬੇਡਕਰ ਟਾਈਮਜ਼ ਅਤੇ ਦੇਸ਼ ਦੁਆਬਾ)





# ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ ਮਨਾਇਆ ਸ੍ਰੀ ਗੁਰੂ ਰਵਿਦਾਸ ਜੀ ਦਾ 646ਵਾਂ ਪ੍ਰਕਾਸ਼ ਦਿਹਾੜਾ








ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ
(ਅੰਬੇਦਕਰ ਟਾਈਮਜ਼ ਅਤੇ ਦੇਸ਼ ਦੁਆਬਾ)














# ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ ਮਨਾਇਆ ਸ੍ਰੀ ਗੁਰੂ ਰਵਿਦਾਸ ਜੀ ਦਾ 646ਵਾਂ ਪ੍ਰਕਾਸ਼ ਦਿਹਾੜਾ























ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਅੰਬੇਡਕਰ ਟਾਈਮਜ਼ ਅਤੇ ਦੇਸ਼ ਦੁਆਬਾ)





# ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ ਮਨਾਇਆ ਸ੍ਰੀ ਗੁਰੂ ਰਵਿਦਾਸ ਜੀ ਦਾ 646ਵਾਂ ਪ੍ਰਕਾਸ਼ ਦਿਹਾੜਾ














ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ
(ਅੰਬੇਦਕਰ ਟਾਈਮਜ਼ ਅਤੇ ਦੇਸ਼ ਦੁਆਬਾ)





'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com




# ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ ਮਨਾਇਆ ਸ੍ਰੀ ਗੁਰੂ ਰਵਿਦਾਸ ਜੀ ਦਾ 646ਵਾਂ ਪ੍ਰਕਾਸ਼ ਦਿਹਾੜਾ















ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ
(ਅੰਬੇਡਕਰ ਟਾਈਮਜ਼ ਅਤੇ ਦੇਸ਼ ਦੁਆਬਾ)




# HAPPY BAZAAR

HAPPY BAZAAR

INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

CALL US
Ph: (209) 478-0285
Fax: (209) 477-3206

We sell Air Tickets ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES

1304 E Hammer Lane # 7 Stockton CA 95212
EMAIL: indiabazaar08@yahoo.com



Kash FABRICS

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ



ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

# KASH FABRICS

ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138





Raja
SWEETS & CATERING
AUTHORIZED CATERER FOR
MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets



# INDIA MARKET

SWEETS & SPICES

CHAAT PAPDI, SAMOSA, CHAAT, PANI PURI
DAHI VADA, BHEL PURI CHAAT

ਤੁਹਾਡਾ ਆਪਣਾ ਮਨਭਾਉਂਦਾ ਸਟੋਰ

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..


ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੈਂਗੜ

Super Eyebrow Threading Now Open

Eyebrow Threading & Henna Tattoo

7 times, Get 8th one free!



Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell : 916-798-8142
Email: IndiaMarketRoseville@gmail.com

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**
**WASH, LUBE, BRAKES**

Call:
650-642-0697

**3525 Highway 99, West Corning, CA 96021**
Across the Street from TA Truck Stop



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust